ਗਿਆਨ-ਵਿਗਿਆਨ ਅਤੇ ਚਿੰਤਨ ਦੀ ਆਵਾਜ਼

# ਤਰਕਸ਼ੀਲ

# TARKSHEEL

ਨਵੰਬਰ - ਦਸੰਬਰ 2019



ਬਾਬਾ ਸੋਹਣ ਸਿੰਘ ਭਕਨਾ



ਸ਼ਹੀਦ ਕਰਤਾਰ ਸਿੰਘ ਸਰਾਭਾ



ਸ਼ਹੀਦ ਊਧਮ ਸਿੰਘ



ਲਾਲਾ ਹਰਦਿਆਲ



ਸ਼ਹੀਦ ਰਹਿਮਤ ਅਲੀ ਵਜੀਦਕੇ



₹20

## ਅੰਦਰ ਪੜ੍ਹੋ


- ਗ਼ਦਰ ਦਾ ਹੋਕਾ (2)
- ਆਸਥਾ ਤੇ ਸੱਤਾ ਦੀ ਸਾਂਝ (4)
- ਤਰਕਸ਼ੀਲਤਾ ਦੇ ਵਿਕਾਸ ਦੇ ਅੜਿੱਕੇ (22)
- ਖਾਲੀ ਹੱਥ ਪਰਤਿਆ ਜੋਤਿਸ਼ੀ (32)


'ਧਰਮ ਦਾ ਜੂਲਾ ਜਿਹੜਾ ਮਨੁੱਖਤਾ 'ਤੇ ਭਾਰ ਪਾਈ ਰੱਖਦਾ ਹੈ, ਉਹ ਸਮਾਜ ਵਿਚਲੇ ਆਰਥਿਕ ਜੂਲੇ ਦਾ ਹੀ ਅਕਸ ਹੈ।' ... ਲੈਨਿਨ

# ਸ਼ਹੀਦਾਂ ਦਾ ਸੰਦੇਸ਼

ਤੂੰ ਗਮ ਨਾ ਕਰੀਂ ਮਾਂ
ਅਸੀਂ ਮਰੇ ਨਹੀਂ ਹਾਂ
ਅਸੀਂ ਤਾਂ ਇੱਕ ਸੰਦੇਸ਼ ਬਣਕੇ
ਹਵਾ 'ਚ ਘੁਲ ਗਏ ਹਾਂ
ਸਦੀਆਂ ਤੋਂ ਸੁੱਤੇ ਕੁੰਭਕਰਨਾਂ ਦੇ ਕੰਨਾਂ 'ਚ
ਢੋਲ ਵਜਾਉਣ ਤੁਰ ਪਏ ਹਾਂ
ਮਾਂ ਅਸੀਂ 'ਸ਼ਾਂਤੀ' ਦਾ ਘੁੰਡ ਚੁੱਕਿਆ ਹੈ
ਤਾਂ ਵਿੱਚੋਂ 'ਡੈਣ' ਨਿਕਲੀ ਹੈ
ਜਾਨ ਤਾਂ ਅਸੀਂ
ਮੂੰਹ ਦਿਖਾਈ 'ਚ ਦੇ ਚੱਲੇ ਹਾਂ
ਤੂੰ ਸਾਡਾ ਮੁੱਲ ਨਾ ਲਵੀਂ ਮਾਂ
ਅਸੀਂ ਵਿਕੇ ਨਹੀਂ ਹਾਂ
ਹਕੀਕਤ ਦੀ ਪ੍ਰਦਰਸ਼ਨੀ ਦਾ
ਮੁੱਲ ਚੁਕਾ ਚੱਲੇ ਹਾਂ
ਅਜੇ ਤਾਂ ਬਹੁਤ ਤਲਖ਼ ਸੱਚਾਈਆਂ ਸਨ
ਜਿਹਨਾਂ ਨਾਲ ਹੋਰ ਮੁੱਲ ਦੇਣਾ ਹੈ
ਰਾਤ ਦੇ ਹਨੇਰੇ 'ਚ
ਅਜੇ ਤਾਂ ਕਈ ਕੁੱਝ ਨਹੀਂ ਦਿਸਦਾ
'ਪੰਚਸ਼ੀਲ' ਬਹੁਤ ਵਾਰ ਕੰਧ ਟੱਪਦਾ ਹੈ
'ਬਾਪੂ' ਸ਼ਾਂਤੀ ਪੂਰਬਕ ਹੀ
ਭਗਤ ਨੂੰ 'ਮਾਰ' ਦਿੰਦਾ ਹੈ
ਜਾਗਦੇ ਛਾਪਲ ਜਾਂਦੇ ਹਨ
ਤੇ ਸੁੱਤਿਆਂ ਨੂੰ ਨਜ਼ਰ ਨਹੀਂ ਪੈਂਦਾ
ਤੇ ਅਸੀਂ ਅੱਜ
ਸੁੱਤਿਆਂ ਨੂੰ ਜਗਾਉਣ ਚੱਲੇ ਹਾਂ
ਜਾਗਦਿਆਂ ਨੂੰ ਲਾਹਣਤ ਪਾਉਣ ਚੱਲੇ ਹਾਂ
ਅਸੀਂ ਮਰੇ ਨਹੀਂ ਹਾਂ ਮਾਂ
ਤੇ ਤੂੰ ਗਮ ਨਾ ਕਰੀ ਮਾਂ


ਸੁਰਿੰਦਰ ਧੰਜਲ

"ਬਾਗ਼ ਹਿੰਦ ਦਾ ਟਹਿਕਦਾ ਲੱਗੇ ਸੋਹਣਾ
ਆਵੇ ਮਹਿਕ ਤੇ ਖਿੜੀ ਗੁਲਜ਼ਾਰ ਹੋਵੇ
ਫਿਰਨ ਮਾਣਦੇ ਬਾਗ਼ ਵਿੱਚ ਰੰਗ ਰਲ਼ੀਆਂ
ਸਿਰੋਂ ਲੱਥਾ ਗ਼ੁਲਾਮੀ ਦਾ ਭਾਰ ਹੋਵੇ
ਊਚ-ਨੀਚ ਦਾ ਸਵਾਲ ਨਾ ਛਿੜੇ ਕਿਧਰੇ
ਮਿਲਦਾ ਸਭ ਦੇ ਤਾਈਂ ਰੁਜ਼ਗਾਰ ਹੋਵੇ"


.ਗਦਰ ਦੀ .ਗੂੰਜ

ਜਦੋਂ ਇਨਸਾਨ ਨੂੰ ਆਪਣੇ ਆਪ ਨੂੰ ਸੰਭਾਲਣ ਦੀ ਸੂਝ ਆ ਗਈ, ਧਰਮ ਦੀ ਲੋੜ ਆਪਣੇ ਆਪ ਖਤਮ ਹੋ ਜਾਵੇਗੀ।
*ਫਰਾਂਸਿਸਕੋ ਫੇਰਾਰ*


**ਮੁੱਖ ਸੰਪਾਦਕ**
ਬਲਬੀਰ ਲੌਂਗੋਵਾਲ
98153 17028

**ਸੰਪਾਦਕੀ ਬੋਰਡ**
ਹੇਮ ਰਾਜ ਸਟੈਨੋ
98769 53561
ਰਾਮ ਸਵਰਨ ਲੱਖੇਵਾਲੀ
95010 06626
ਜਸਵੰਤ ਮੋਹਾਲੀ
98555 30721
ਪਾਲ ਬਾਗਪੁਰ
94173 13738



**ਮੁੱਖ ਸੰਪਾਦਕ**
balbirlongowal1966@gmail.com
magazinetaraksheel@rediffmail.com

**ਮੁੱਖ ਪ੍ਰਬੰਧਕ**
ਸੁਖਵਿੰਦਰ ਬਾਗਪੁਰ, 94174 27538

ਸਰਵਰਕ : ਹਰਪ੍ਰੀਤ 'ਰੂਬੀ'

**ਵਿਦੇਸ਼ੀ ਪ੍ਰਤੀਨਿਧ**
ਅਵਤਾਰ ਗਿੱਲ, ਕੈਨੇਡਾ
ਨਵਦੀਪ, ਲੈਸਟਰ (ਯੂ. ਕੇ.)
ਮਾ. ਭਜਨ ਸਿੰਘ ਕੈਨੇਡਾ
ਬਲਦੇਵ ਰਹਿਪਾ, ਟਰਾਂਟੋ

ਸਲਾਨਾ: 100 ਰੁਪਏ
ਵਿਦੇਸ਼: 25 ਯੂ. ਐਸ. ਡਾਲਰ

ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ. 0044000100282234
IFSC : PUNB0004400

**ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :**
ਮੁੱਖ ਦਫਤਰ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਤਰਕਸ਼ੀਲ ਚੌਂਕ, ਬਰਨਾਲਾ-148101 (ਪੰਜਾਬ)
ਫੋਨ : 01679-241466

ਰਾਜਿੰਦਰ ਭਦੌੜ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਤਰਫ਼ੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਔਪੂ ਆਰਟ ਪ੍ਰੈੱਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫ਼ਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ ਪੰਜਾਬ ਤੋਂ ਜਾਰੀ ਕੀਤਾ।

## ਤਤਕਰਾ


1. ਸੰਪਾਦਕੀ........................ 1
2. ਗ਼ਦਰ ਦਾ ਹੋਕਾ ................. 2
3. ਆਸਥਾ ਤੇ ਸੱਤਾ ਦੀ ਸਾਂਝ ........ 4
4. ਵਿਗਿਆਨ ਅਤੇ ਮਨੁੱਖੀ ਸਮਾਜ . 6
5. ਮੁਲਾਕਾਤ ......................... 9
6. ਕੌਮੀ ਨਾਗਰਿਕ ਰਜਿਸਟਰ ...... 11
7. ਪਲੱਸੀਬੋ ਇਫੈਕਟ ਅਤੇ ਹੋਮੀਓਪੈਥੀ ..................... 15
8. ਸਮੇਂ ਦੀ ਲੋੜ ਹੈ – ਸਰੀਰ ਪ੍ਰਦਾਨ ਅਤੇ ਅੰਗ ਪ੍ਰਦਾਨ ............... 18
9. ਤਰਕਸ਼ੀਲਤਾ ਦੇ ਵਿਕਾਸ ਦੇ ਅੜਿੱਕੇ ......................... 22
10. 'ਰੱਬ ਨਹੀਂ ਹੈ' ਕਹਿਣ ਦਾ ਅਧਿਕਾਰ ....................... 25
11. ਵੰਨਗੀ ................... 26–27
12. ਖ਼ੋਜ ਖਬਰ ...................... 28
13. ਬਾਲ ਪੰਨਾ ........................ 29
14. ਬੋਲ ਸਦੀਵੀਂ ..................... 30
15. ਜੱਗ ਬੀਤੀ ....................... 31
16. ਖਾਲੀ ਹੱਥ ਪਰਤਿਆ ਜੋਤਿਸ਼ੀ ... 32
17. ਤਰਕਸ਼ੀਲ ਲਹਿਰ ਦੀ ਦੂਸਰੀ ਚੁਣੌਤੀ ................... 33
18. ਕੇਸ ਰਿਪੋਰਟ ..................... 34
19. ਐਲਫਰਡ ਨੋਬਲ ............... 36
20. ਅਲਵਿਦਾ ਅੰਮਾ ............... 40
21. ਚੇਤਨਾ ਪ੍ਰੀਖਿਆ ਸਨਮਾਨ ਸਮਾਰੋਹ 2019 ................. 41
22. ਪ੍ਰਤੀਕਰਮ ....................... 43
23. ਪੇਸ਼ਕਦਮੀਆਂ ................... 45
24. ਸਰੀਰ ਪ੍ਰਦਾਨੀ ਕਾਮਰੇਡ ਅਜੀਤ ਸਿੰਘ .......... 49
25. ਤਰਕਸ਼ੀਲ ਸਾਹਿਤ ਵੈਨ ਦਾ ਸਫਰ ....................... 50
26. ਜੱਗ ਬੀਤੀ ....................... 52



**ਕੰਪੋਜ਼ਿਗ : ਨਿਗਮ ਖਾਨ, ਲੌਂਗੋਵਾਲ**

ਇਹ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ (ਚੰਡੀਗੜ੍ਹ) ਮਿਤੀ 17 ਜਨਵਰੀ 1994 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।


# ਸੰਪਾਦਕੀ

ਹਰ ਚੜ੍ਹਦੇ ਦਿਨ ਵਾਪਰ ਰਹੀਆਂ ਘਟਨਾਵਾਂ ਇਹ ਸਾਫ਼ ਕਰ ਰਹੀਆਂ ਹਨ ਕਿ ਮੁਲਕ ਕਿੱਧਰ ਨੂੰ ਜਾ ਰਿਹਾ ਹੈ। ਹਜੂਮੀ ਹਿੰਸਾ ਦੇ ਖਿਲਾਫ਼ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਣ ਵਾਲੀਆਂ ਵੱਖ-ਵੱਖ ਖੇਤਰ ਦੀਆਂ ਲਗਭਗ 50 ਪ੍ਰਸਿੱਧ ਸਖਸ਼ੀਅਤਾਂ ਖਿਲਾਫ਼ ਦੇਸ਼ ਧ੍ਰੋਹ ਦਾ ਮੁਕੱਦਮਾ ਦਰਜ ਕੀਤਾ ਗਿਆ ਹੈ। ਇਹ ਸਖਸ਼ੀਅਤਾਂ ਹਨ – ਇਤਿਹਾਸਕਾਰ ਰਾਮ ਚੰਦਰ ਗੁਹਾ, ਫਿਲਮ ਨਿਰਮਾਤਾ ਸ਼ਿਆਮ ਬੇਨੇਗਲ, ਮਣੀ ਰਤਨਮ, ਅਨੁਰਾਗ ਕਸ਼ਿਅਪ, ਨਿਰਦੇਸ਼ਕ-ਅਦਾਕਾਰ ਅਪਰਨਾ ਸੇਨ, ਅਦੂਰ ਗੋਪਾਲ ਕ੍ਰਿਸ਼ਨਨ, ਸੌਮਿੱਤਰਾ ਚੈਟਰਜੀ, ਵੋਕਲਿਸਟ ਸ਼ੁਭਾ ਮੁਦਗਲ ਆਦਿ। ਇਸ ਪੱਤਰ ਅੰਦਰ ਦੇਸ਼ ਵਿੱਚ ਮੁਸਲਮਾਨਾਂ, ਦਲਿਤਾਂ ਅਤੇ ਹੋਰ ਘੱਟ ਗਿਣਤੀ ਭਾਈਚਾਰਿਆਂ ਨਾਲ ਵਾਪਰ ਰਹੀਆਂ ਹਜੂਮੀ ਕਤਲਾਂ ਦੀਆਂ ਘਟਨਾਵਾਂ 'ਤੇ ਚਿੰਤਾ ਪ੍ਰਗਟ ਕਰਦਿਆਂ ਪ੍ਰਧਾਨ ਮੰਤਰੀ ਨੂੰ ਇਹ ਸਭ ਕੁੱਝ ਰੋਕਣ ਲਈ ਕਿਹਾ ਗਿਆ ਸੀ। ਇਹ ਵੀ ਕਿਹਾ ਗਿਆ ਸੀ ਕਿ ਲੋਕਤੰਤਰ ਵਿਰੋਧੀਆਂ ਤੋਂ ਬਿਨ੍ਹਾਂ ਨਹੀਂ ਹੋ ਸਕਦਾ। ਇਸ ਪੱਤਰ ਖਿਲਾਫ਼ ਇੱਕ ਵਕੀਲ ਸੁਧੀਰ ਕੁਮਾਰ ਓਝਾ ਦੀ ਅਪੀਲ 'ਤੇ ਮੁਜ਼ੱਫਰਨਗਰ ਦੇ ਚੀਫ ਜੁਡੀਸ਼ਲ ਮੈਜਿਸਟਰੇਟ ਸੂਰਿਆ ਕਾਂਤ ਤਿਵਾੜੀ ਦੇ ਹੁਕਮਾਂ ਨਾਲ ਬਿਹਾਰ ਦੇ ਮੁਜ਼ੱਫਰਨਗਰ ਵਿੱਚ ਦੇਸ਼ ਧ੍ਰੋਹ ਸਮੇਤ ਕਈ ਹੋਰ ਧਾਰਾਵਾਂ ਤਹਿਤ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਅਪੀਲ ਕਰਤਾ ਦੀ ਦਲੀਲ ਹੈ – ਇਹ ਖ਼ਤ ਵੱਖਵਾਦੀ ਰੁਝਾਨ ਦੀ ਹਮਾਇਤ ਕਰਦਾ ਹੈ, ਦੇਸ਼ ਦਾ ਅਕਸ਼ ਖਰਾਬ ਕਰਦਾ ਹੈ ਅਤੇ ਪ੍ਰਧਾਨ ਮੰਤਰੀ ਦੀ ਬਿਹਤਰੀਨ ਕਾਰਗੁਜ਼ਾਰੀ ਨੂੰ ਕਮਜ਼ੋਰ ਬਣਾ ਕੇ ਪੇਸ਼ ਕਰਦਾ ਹੈ ਆਦਿ। ਜਿੱਥੇ ਇਹ ਕੇਸ ਦਰਜ ਕੀਤਾ ਜਾਣਾ ਨਿੰਦਾਜਨਕ ਹੈ, ਉੱਥੇ ਇਸ ਖਿਲਾਫ਼ ਪੂਰੇ ਦੇਸ਼ ਵਿੱਚ ਉੱਠੀਆਂ ਬੇਬਾਕ ਜਮਹੂਰੀ ਆਵਾਜ਼ਾਂ ਦੇਸ਼ ਦੇ ਜ਼ਿੰਦਾ ਹੋਣ ਦਾ ਪੁਖਤਾ ਸਬੂਤ ਹਨ। ਲੱਖਾਂ ਸੰਘਰਸ਼ਸ਼ੀਲ ਲੋਕਾਂ ਨੇ ਤਾਂ ਇਸਦਾ ਵਿਰੋਧ ਕੀਤਾ ਹੀ ਹੈ, ਲਗਭਗ 200 ਬੁੱਧੀਜੀਵੀਆਂ, ਚਿੰਤਕਾਂ, ਇਤਿਹਾਸਕਾਰਾਂ, ਜਿਹਨਾਂ ਵਿੱਚ ਰੋਮਿਲਾ ਥਾਪਰ ਵਰਗੀ ਸੰਸਾਰ ਪ੍ਰਸਿੱਧ ਇਤਿਹਾਸਕਾਰ, ਅਦਾਕਾਰ ਨਸੀਰੂਦੀਨ ਸ਼ਾਹ ਆਦਿ ਸ਼ਾਮਲ ਹਨ, ਨੇ ਸਖ਼ਤ ਸਟੈਂਡ ਲਿਆ ਹੈ ਅਤੇ ਸਵਾਲ ਖੜ੍ਹਾ ਕੀਤਾ ਹੈ ਕਿ 'ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ਨੂੰ ਦੇਸ਼ ਧ੍ਰੋਹ ਦੀ ਕਾਰਵਾਈ ਕਿਵੇਂ ਕਿਹਾ ਜਾ ਸਕਦਾ। ਅਦੂਰ ਨੇ ਨਿਆਇਕ ਪ੍ਰਬੰਧ 'ਤੇ ਸਵਾਲ ਖੜ੍ਹਾ ਕੀਤਾ : 'ਇੱਕ ਸੰਸਦ ਮੈਂਬਰ ਔਰਤ ਨਾਥੂ ਰਾਮ ਗੌਡਸੇ ਨੂੰ ਸ਼ਰਧਾਂਜਲੀ ਦੇਣ ਲਈ ਮਹਾਤਮਾ ਗਾਂਧੀ ਦੇ ਪੁਤਲੇ 'ਤੇ ਗੋਲੀਆਂ ਚਲਾ ਰਹੀ ਹੈ, ਉੱਥੇ ਕੋਈ ਅਦਾਲਤੀ ਕਾਰਵਾਈ ਕਿਉਂ ਨਹੀਂ ਹੁੰਦੀ ?' ਭਾਰੀ ਲੋਕ ਵਿਰੋਧ ਨੂੰ ਵੇਖਦਿਆਂ ਭਾਵੇਂ ਮੁਜ਼ੱਫਰਨਗਰ ਦੇ ਐਸ.ਐਸ.ਪੀ. ਨੇ ਇਹ ਕੇਸ ਖਤਮ ਕਰਨ ਦਾ ਹੁਕਮ ਦਿੱਤਾ ਅਤੇ ਕਿਹਾ ਕਿ ਜਾਂਚ ਦੌਰਾਨ ਮੁਲਜ਼ਮਾਂ ਖਿਲਾਫ਼ ਲਾਏ ਦੋਸ਼ ਸ਼ਰਾਰਤਪੂਰਨ ਸਿੱਧ ਹੋਏ ਹਨ। ਪਰ ਦੇਸ਼ ਦੇ ਕਾਨੂੰਨੀ ਪ੍ਰਬੰਧ ਦੀਆਂ ਪੇਚੀਦਗੀਆਂ ਨੂੰ ਭਾਂਪਦਿਆਂ ਸਾਨੂੰ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਇਹ ਕੇਸ ਸੱਚੀਓਂ ਖ਼ਤਮ ਹੋ ਗਿਆ। ਇਸੇ ਤਰਜ 'ਤੇ ਮਹਾਤਮਾ ਗਾਂਧੀ ਇੰਟਰਨੈਸ਼ਨਲ ਹਿੰਦੀ ਯੂਨੀਵਰਸਿਟੀ, ਵਰਧਾ ਨੇ ਸਮਾਜਿਕ ਸਮੱਸਿਆਵਾਂ 'ਤੇ ਪ੍ਰਧਾਨ ਮੰਤਰੀ ਮੋਦੀ ਨੂੰ ਪੱਤਰ ਲਿਖਣ ਵਾਲੇ ਛੇ ਅਨੁਸੂਚਿਤ ਜਾਤਾਂ ਅਤੇ ਹੋਰ ਪਛੜੇ ਵਰਗਾਂ ਨਾਲ ਸੰਬੰਧਤ ਵਿਦਿਆਰਥੀਆਂ ਨੂੰ ਯੂਨੀਵਰਸਿਟੀ 'ਚੋਂ ਕੱਢ ਦਿੱਤਾ ਹੈ। ਇਸ ਘਟਨਾ ਖਿਲਾਫ਼ ਵੀ ਜਮਹੂਰੀ ਹਲਕਿਆਂ ਨੂੰ ਸਖ਼ਤ ਲੜਾਈ ਦੇਣੀ ਚਾਹੀਦੀ ਹੈ।

# ਗ਼ਦਰ ਦਾ ਹੋਕਾ

*ਸੋਹਣ ਸਿੰਘ ਜੋਸ਼*

*ਲਾਹੌਰ ਸਾਜਿਸ਼ ਕੇਸ (ਪਹਿਲਾ, ਦੂਜਾ, ਤੀਜਾ, ਚੌਥਾ, ਪੰਜਵਾਂ), ਮਾਂਡਲੇ ਸਾਜਿਸ਼, ਮੰਡੀ ਸਾਜਿਸ਼, ਫੇਰੂ ਸ਼ਹਿਰ, ਵੱਲੇ ਪੁਲ ਦਾ ਮੁਕੱਦਮਾ, ਅਨਾਰਕਲੀ ਦਾ ਸਾਕਾ, ਪੱਧਰੀ ਕਤਲ, ਕਾਮਾਗਾਟਾਮਾਰੂ, ਚੱਬੇ ਦਾ ਡਾਕਾ, ਫੌਜੀ ਬਗ਼ਾਵਤਾਂ, ਬਨਾਰਸ ਸਾਜਿਸ਼ ਕੇਸ, ਅੰਡੇਮਾਨ ਜੇਲ੍ਹ ਅੰਦਰ ਅਤੇ ਹੋਰ ਬਹੁਤ ਸਾਰੇ ਮੁਕੱਦਮਿਆਂ ਵਿੱਚ ਲਗਭਗ 150 ਗ਼ਦਰੀ ਫਾਂਸੀ ਲੱਗੇ ਜਾਂ ਗੋਲੀ ਨਾਲ ਸ਼ਹੀਦ ਹੋਏ, 308 ਨੂੰ ਉਮਰ ਕੈਦ ਦੀ ਸਜ਼ਾ ਅਤੇ 146 ਨੂੰ ਘੱਟ ਕੈਦ ਦੀਆਂ ਸਜ਼ਾਵਾਂ ਹੋਈਆਂ। ਇਹ ਵੇਰਵਾ ਪੂਰਾ ਨਹੀਂ ਹੈ। ਕਈ ਪਲਟਨਾਂ ਦੇ ਮੁਕੱਦਮਿਆਂ ਤੇ ਜੇਲ੍ਹਾਂ ਵਿੱਚ ਸ਼ਹੀਦੀਆਂ ਦੀ ਖੋਜ ਨਹੀਂ ਹੋ ਸਕੀ। ਕਿੰਨਿਆਂ ਦੀਆਂ ਹੀ ਸਾਮਰਾਜੀਆਂ ਨੇ ਜਾਇਦਾਦਾਂ ਜਬਤ ਕੀਤੀਆਂ। ਭਾਰਤ ਦੀ ਸ਼ਾਇਦ ਹੀ ਕਿਸੇ ਹੋਰ ਰਾਜਸੀ ਪਾਰਟੀ ਨੂੰ ਏਨੀਆਂ ਕੁਰਬਾਨੀਆਂ ਕਰਨ ਦਾ ਮਾਣ ਮਹਿਸੂਸ ਹੋਇਆ ਹੋਵੇ। –* ***(ਸ੍ਰੋਤ : ਕਿਤਾਬ 'ਗ਼ਦਰ ਲਹਿਰ ਦੀ ਗਾਥਾ' - ਵਰਿਆਮ ਸਿੰਘ ਸੰਧੂ) ...ਸੰਪਾਦਕ***

'ਗ਼ਦਰ' ਦਾ ਪ੍ਰਕਾਸ਼ਨ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿੱਚ ਇੱਕ ਵੱਡੀ ਘਟਨਾ ਸੀ। ਇਹ ਇਨਕਲਾਬ ਦਾ ਬੁਲੰਦ ਹੋਕਾ ਸੀ। ਇਸ ਵਿੱਚ ਭਾਰਤ ਦੇ ਸਹੀ ਹਾਲਾਤ ਬਾਰੇ ਸੱਚੋ-ਸੱਚ ਲਿਖਿਆ ਜਾਂਦਾ ਸੀ। ਇਹ ਬਰਤਾਨਵੀ ਸਾਮਰਾਜਵਾਦ ਦਾ ਸਭ ਤੋਂ ਕੱਟੜ ਦੁਸ਼ਮਣ ਸੀ। ਇਹ ਬਰਤਾਨਵੀ ਕੂਟਨੀਤੀ ਦੇ ਹੀਜ-ਪਿਆਜ਼, ਬਰਤਾਨਵੀ ਹਕੂਮਤ ਦੇ ਤੌਰ-ਤਰੀਕਿਆਂ, ਬਰਤਾਨਵੀ ਦੰਭ, ਧੋਖੇ ਤੇ ਧ੍ਰੋਹ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਉਹਨੂੰ ਉਨ੍ਹਾਂ ਦੇ ਜ਼ੁਲਮ, ਜਬਰ ਤੇ ਹਿੰਦੁਸਤਾਨ ਨੂੰ ਗੁਲਾਮ ਰੱਖਣ ਦੇ ਤੌਰ-ਤਰੀਕਿਆਂ ਨੂੰ ਬੇਪਰਦ ਕਰਨ ਦਾ ਹੁਨਰ ਆਉਂਦਾ ਸੀ।

ਗ਼ਦਰ ਦੇ ਪਹਿਲ ਪ੍ਰਿਥਮੇ ਅੰਕ ਦੇ ਸੰਪਾਦਕੀ ਵਿੱਚ ਹੀ ਲਿਖਿਆ ਗਿਆ ਸੀ :

"ਅੱਜ ਦਾ ਦਿਨ 1, ਨਵੰਬਰ, 1913, ਭਾਰਤ ਦੇ ਇਤਿਹਾਸ ਵਿੱਚ ਨਵੇਂ ਯੁੱਗ ਦੀ ਸ਼ੁਰੂਆਤ ਹੈ, ਕਿਉਂਕ ਅੱਜ ਭਾਵੇਂ ਵਿਦੇਸ਼ੀ ਜ਼ਮੀਨ 'ਤੇ ਪ੍ਰੰਤੂ ਆਪਣੀ ਜ਼ਬਾਨ ਵਿੱਚ ਬਰਤਾਨਵੀ ਰਾਜ ਵਿਰੁੱਧ ਜੰਗ ਆਰੰਭ ਹੁੰਦੀ ਹੈ।

ਸਾਡਾ ਨਾਂ ਕੀ ਹੈ? ਗ਼ਦਰ।

ਸਾਡਾ ਕੰਮ ਕੀ ਹੈ... ਇੱਕ ਬਗ਼ਾਵਤ ਕਰਨੀ।

ਇਹ ਬਗ਼ਾਵਤ ਕਿੱਥੇ ਹੋਏਗੀ... ਭਾਰਤ ਵਿੱਚ।

ਇਹ ਫੈਲੇਗੀ ਕਦ?... ਕੁੱਝ ਸਾਲਾਂ ਵਿੱਚ।

ਕਿਉਂ? ਲੋਕ ਬਰਤਾਨਵੀ ਹਕੂਮਤ ਹੇਠ ਹੋ ਰਹੇ ਜਬਰ ਤੇ ਜ਼ੁਲਮ ਨੂੰ ਹੁਣ ਹੋਰ ਨਹੀਂ ਸਹਿ ਸਕਦੇ ਤੇ ਉਹ ਆਜ਼ਾਦੀ ਲਈ ਮਰ ਮਿਟਣ ਲਈ ਤਿਆਰ ਹਨ। ਹਰ ਹਿੰਦੁਸਤਾਨੀ ਦਾ ਇਹ ਫਰਜ਼ ਬਣਦਾ ਹੈ ਕਿ ਉਹ ਇਸ ਗ਼ਦਰ ਲਈ ਤਿਆਰੀ ਕਰੇ।

"ਛੇਤੀ ਹੀ ਉਹ ਸਮਾਂ ਆਵੇਗਾ, ਜਦੋਂ ਬੰਦੂਕਾਂ ਤੇ ਖ਼ੂਨ, ਕਲਮਾਂ ਤੇ ਸਿਆਹੀ ਦੀ ਥਾਂ ਲੈ ਲੈਣਗੇ।"

ਇਹ ਉਹ ਇਨਕਲਾਬੀ ਵਿਚਾਰਧਾਰਾ ਸੀ, ਜੋ ਗ਼ਦਰ ਹਰ ਹਫਤੇ ਪ੍ਰਚਾਰਦਾ ਸੀ। ਇਸ ਨੂੰ ਜਰਮਨਾਂ ਵਿੱਚ ਭਾਰਤ ਦੀ ਆਜ਼ਾਦੀ ਦੀ ਲਹਿਰ ਦੇ ਹਮਾਇਤੀ ਨਜ਼ਰ ਆਉਂਦੇ ਸਨ, "ਕਿਉਂਕਿ ਉਨ੍ਹਾਂ ਦਾ ਤੇ ਸਾਡਾ ਦੁਸ਼ਮਣ (ਅੰਗਰੇਜ਼) ਸਾਂਝਾ ਹੈ। ਭਵਿੱਖ ਵਿੱਚ ਜਰਮਨੀ ਸਾਥੋਂ ਮੱਦਦ ਲੈ ਸਕਦਾ ਹੈ ਅਤੇ ਅਸੀਂ ਵੀ ਉਨ੍ਹਾਂ ਤੋਂ ਬਹੁਤ ਮੱਦਦ ਹਾਸਿਲ ਕਰ ਸਕਦੇ ਹਾਂ।" (15 ਨਵੰਬਰ, 1913) ਅਖ਼ਬਾਰ ਵਿੱਚ ਉਨ੍ਹਾਂ ਗੱਦਾਰਾਂ ਬਾਰੇ ਵੀ ਚਿਤਾਵਨੀ ਦਿੱਤੀ ਗਈ ਸੀ, "ਜੋ ਤੁਹਾਡੇ ਲਈ ਰੁਕਾਵਟਾਂ ਪੈਦਾ ਕਰਨ ਲਈ ਪੂਰੀ ਵਾਹ ਲਾਉਣਗੇ। ਉਹ ਅੰਗਰੇਜ਼ ਸਰਕਾਰ ਦੇ ਬਘਿਆੜ ਹਨ। ਉਨ੍ਹਾਂ ਨੂੰ ਸੋਧਣ ਦਾ ਪ੍ਰਬੰਧ ਪਹਿਲੋਂ ਕੀਤਾ ਜਾਣਾ ਚਾਹੀਦਾ ਹੈ"। (29 ਦਸੰਬਰ, 1913)

ਆਪਣੇ 18 ਤੇ 23 ਦਸੰਬਰ, 1913 ਵਾਲੇ ਅੰਕਾਂ ਵਿੱਚ 'ਗ਼ਦਰ' ਨੇ ਲਿਖਿਆ ਸੀ ਕਿ ਹਿੰਦੂ ਤੇ ਮੁਸਲਮਾਨ ਦੇਸ਼ ਭਗਤ ਵੱਡੀ ਗਿਣਤੀ ਵਿੱਚ ਆਜ਼ਾਦੀ ਦੀ ਲਹਿਰ ਵਿੱਚ ਸ਼ਾਮਿਲ ਹੋ ਰਹੇ ਹਨ। ਇਸ ਨਾਲ ਸਰਕਾਰ ਦਾ ਕਾਲਜਾ ਮੂੰਹ ਵਿੱਚ ਆਇਆ ਹੋਇਆ ਹੈ।... ਇਸ ਪਾਰਟੀ ਵਿੱਚ ਬੰਗਾਲੀ, ਮਰਹੱਟੇ, ਮਦਰਾਸੀ ਤੇ ਪੰਜਾਬੀ ਆਦਿ ਸ਼ਾਮਿਲ ਹਨ ਤੇ ਇਸ ਵਰ੍ਹੇ ਉਨ੍ਹਾਂ ਨੇ ਕਈ ਵਾਰ ਆਪਣੇ ਹੱਥ ਦਿਖਾਏ ਹਨ। ਇਸ ਪਾਰਟੀ ਦਾ ਕੰਮ ਅੰਗਰੇਜ਼ਾਂ ਨੂੰ ਮਾਰ ਕੇ ਆਪਣੇ ਹੌਸਲੇ ਬੁਲੰਦ ਕਰਨੇ ਹਨ।"

ਗ਼ਦਰ ਦੇ 6 ਜਨਵਰੀ, 1914 ਵਾਲੇ ਅੰਕ ਵਿੱਚ ਲਿਖਿਆ ਸੀ :

"ਹਰ ਇੱਕ ਨੂੰ ਦਿੱਲੀ ਦਾ 1857 ਵਾਲਾ ਗ਼ਦਰ ਯਾਦ ਹੈ। ਜੇ ਅਸੀਂ ਇਸ ਸਰਕਾਰ ਦੀ ਤਾਕਤ ਦੇ ਅਧੀਨ ਹਾਂ ਤਾਂ ਇਸ ਵਿੱਚ ਕਸੂਰ ਸਾਡਾ ਆਪਣਾ ਹੈ। ਜੇ ਅਸੀਂ ਕੋਸ਼ਿਸ਼ ਕਰੀਏ ਤਾਂ ਅਸੀਂ ਸੌਖਿਆਂ ਹੀ ਆਜ਼ਾਦ ਹੋ ਸਕਦੇ ਹਾਂ। ਜੇ ਸਾਡੇ ਦੇਸ਼ ਭਗਤ ਫੜੇ ਜਾਂਦੇ ਹਨ ਤਾਂ ਇਸ ਵਿੱਚ ਕਸੂਰ ਸਾਡੇ ਦੇਸ਼ ਵਾਸੀਆਂ ਦਾ ਹੀ ਹੈ ਜੋ ਉਨ੍ਹਾਂ ਲਈ ਜੂਝਣ ਲਈ ਤਿਆਰ ਨਹੀਂ ਹੋਏ। ਗ਼ਦਰ ਦੇ ਸਿਪਾਹੀਆਂ ਨਾਲ ਰਲਣਾ ਹਰ ਦੇਸ਼ ਵਾਸੀ ਦਾ ਫਰਜ਼ ਹੈ। ਇਸ ਅਖ਼ਬਾਰ ਦੀ ਮੱਦਦ ਕਰੋ ਤੇ ਜਿੰਨੀ

ਛੇਤੀ ਹੋ ਸਕੇ ਦੇਸ਼ ਵਾਪਿਸ ਜਾ ਕੇ ਇਨਕਲਾਬ ਸ਼ੁਰੂ ਕਰਨ ਲਈ ਤਿਆਰ ਹੋ ਜਾਓ। ਅੱਜ ਦੇ ਵੇਲੇ ਇਸ ਨਾਲੋਂ ਵੱਡੀ ਹੋਰ ਕੋਈ ਗੱਲ ਨਹੀਂ ਤੇ ਇਸਦਾ ਸਾਥ ਦੇਣਾ ਹਰ ਇੱਕ ਦਾ ਫਰਜ਼ ਹੈ।"

ਗ਼ਦਰ ਨੇ ਭਾਰਤੀ ਪਰਵਾਸੀਆਂ ਦੀ ਚੇਤਨਾ ਵਿੱਚ ਇਨਕਲਾਬੀ ਤਬਦੀਲੀਆਂ ਲਿਆਂਦੀਆਂ ਸਨ। ਮਾਤ-ਭੂਮੀ ਦੇ ਵਿਚਾਰ ਉਨ੍ਹਾਂ ਦੇ ਮਨਾਂ ਵਿੱਚ ਘਰ ਕਰਨੇ ਸ਼ੁਰੂ ਹੋ ਗਏ ਸਨ। ਉਨ੍ਹਾਂ ਦੇ ਮਨ ਇੱਕ-ਦੂਜੇ ਲਈ, ਜੰਗ ਵਿੱਚ ਸ਼ਾਮਿਲ ਸਾਥੀਆਂ ਵਾਲੀ ਮੁਹੱਬਤ ਨਾਲ ਸਰਸ਼ਾਰ ਹੋ ਗਏ ਸਨ। ਨਿੱਕੇ-ਨਿੱਕੇ ਝਗੜੇ-ਝੇੜਿਆਂ ਦੀ ਥਾਂ ਦੋਸਤੀ ਦੀਆਂ ਭਾਵਨਾਵਾਂ ਨੇ ਉਨ੍ਹਾਂ ਨੂੰ ਇਕਮੁੱਠਤਾ ਲਈ ਤਿਆਰ ਕਰ ਦਿੱਤਾ ਸੀ। ਆਜ਼ਾਦੀ ਦੇ ਨਵੇਂ ਵਿਚਾਰਾਂ ਨਾਲ ਉਤਸ਼ਾਹਿਤ ਹੋ ਕੇ, ਉਹ ਨਵੇਂ ਮਨੁੱਖ ਬਣ ਗਏ ਸਨ। ਉਨ੍ਹਾਂ ਨੇ ਸ਼ਰਾਬਨੋਸ਼ੀ ਤੇ ਹੋਰ ਬੁਰੀਆਂ ਆਦਤਾਂ ਤਿਆਗ ਦਿੱਤੀਆਂ ਸਨ। ਖੇਤਰੀ ਭਿੰਨ-ਭੇਦ ਦੇ ਝਗੜੇ ਅਸਲੋਂ ਹੀ ਅਲੋਪ ਹੋ ਗਏ ਸਨ। ਉਨ੍ਹਾਂ ਵਿੱਚੋਂ ਕੁੱਝ ਆਪਣੀ ਸਾਰੀ ਕਮਾਈ ਗ਼ਦਰ ਪਾਰਟੀ ਨੂੰ ਦੇ ਦਿਆ ਕਰਦੇ ਸਨ। ਸਾਂਝੇ ਭਲੇ ਤੇ ਭਰਾਤਰੀ ਭਾਵ ਨੇ ਸੁਆਰਥ ਦਾ ਥਾਂ ਲੈ ਲਿਆ ਸੀ। ਉਨ੍ਹਾਂ ਨੇ ਭਾਰਤ ਦੀ ਆਜ਼ਾਦੀ ਬਾਰੇ ਸੋਚਣਾ, ਤੜਪਣਾ, ਸੁਪਨੇ ਲੈਣੇ ਤੇ ਵਿਉਂਤਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਉਨ੍ਹਾਂ ਦੀ ਬੇਸਬਰੀ ਨੇ ਅਮਲੀ ਜਾਮਾ ਅਖਤਿਆਰ ਕਰਨਾ ਸ਼ੁਰੂ ਕਰ ਦਿੱਤਾ ਸੀ ਤੇ ਖ਼ੂਨ, ਹੰਝੂਆਂ ਤੇ ਪਸੀਨੇ ਵਿੱਚੋਂ ਪੈਦਾ ਹੋਏ, ਉਨ੍ਹਾਂ ਦੇ ਤਜ਼ਰਬੇ ਇਸ ਅਮਲ ਵਿੱਚ ਸਹਾਈ ਹੋ ਰਹੇ ਸਨ। ਉਹ ਦ੍ਰਿੜ, ਇਨਕਲਾਬੀ ਬਣ ਕੇ ਆਪਣੇ ਲੋਕਾਂ ਤੇ ਆਪਣੇ ਬੱਚਿਆਂ ਦੇ ਚੰਗੇਰੇ ਭਵਿੱਖ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਲਈ ਤਿਆਰ ਹੋ ਗਏ ਸਨ ਅਤੇ ਇਹੀ ਉਹ ਗਤੀਸ਼ੀਲ ਭਾਵਨਾ ਹੈ, ਜਿਸ ਨਾਲ ਮਨੁੱਖੀ ਇਤਿਹਾਸ ਸਿਰਜਿਆ ਜਾਂਦਾ ਹੈ।

**ਬਾਬਾ ਸੋਹਣ ਸਿੰਘ ਭਕਨਾ ਸਾਰੀ ਸਥਿਤੀ ਦਾ ਸਾਰ ਇਉਂ ਪੇਸ਼ ਕਰਦੇ ਹਨ :**

"ਅਮਰੀਕਾ ਨੇ ਵੀ ਬਰਤਾਨਵੀ ਸਰਕਾਰ ਨੂੰ ਖ਼ੁਸ਼ ਕਰਨ ਲਈ, ਭਾਰਤੀਆਂ ਦੇ ਦਾਖਲੇ ਬਾਰੇ ਆਪਣੀ ਨੀਤੀ ਨੂੰ ਕੱਸ ਚਾੜ੍ਹ ਲਿਆ ਸੀ। ਇਹ ਬੜੀ ਚੁਸਤ ਤੇ ਧੋਖੇ ਭਰੀ ਨੀਤੀ ਸੀ। ਅਮਰੀਕਾ ਭਾਰਤੀਆਂ ਦੇ ਦਾਖਲੇ ਨੂੰ ਪਸੰਦ ਨਹੀਂ ਸੀ ਕਰਦਾ ਤੇ ਨਾ ਹੀ ਉਨ੍ਹਾਂ ਨੂੰ ਅੰਦਰ ਵੜਨ ਦੀ ਇਜਾਜ਼ਤ ਦਿੰਦਾ ਸੀ। ਜੇ ਜਹਾਜ਼ ਵਿੱਚ 50 ਭਾਰਤੀ ਆਉਂਦੇ ਸਨ ਤਾਂ ਉਨ੍ਹਾਂ ਵਿੱਚੋਂ ਕੇਵਲ ਚਹੁੰ-ਪੰਜਾਂ ਨੂੰ ਅੰਦਰ ਆਉਣ ਦੀ ਇਜਾਜ਼ਤ ਮਿਲਦੀ ਸੀ, ਬਾਕੀਆਂ ਨੂੰ ਸਫ਼ਰ ਦੀਆਂ ਤੇ ਵਾਧੂ ਖਰਚੇ ਦੀਆਂ ਮੁਸ਼ਕਿਲਾਂ ਦੇ ਮੂੰਹ ਵਿੱਚ ਪਾ ਕੇ ਵਾਪਸ ਮੋੜ ਦਿੱਤਾ ਜਾਂਦਾ ਸੀ। ਹਜ਼ਾਰਾਂ ਭਾਰਤੀ ਆਪਣੇ ਤੰਗੀ ਨਾਲ ਜੋੜੇ ਵਸੀਲੇ ਇਸ ਰਾਹ ਝੋਕ ਕੇ ਦੀਵਾਲੀਏ ਹੋ ਚੁੱਕੇ ਸਨ। ਉਹ ਕੰਮ-ਕਾਰ ਦੀ ਤਲਾਸ਼ ਵਿੱਚ ਫਿਲਪੀਨ ਤੋਂ ਚੀਨ, ਜਾਪਾਨ, ਪਨਾਮਾ, ਮਲਾਇਆ, ਨਿਊਜ਼ੀਲੈਂਡ, ਅਰਜਨਟੀਨਾ ਤੋਂ ਮੈਕਸੀਕੋ ਤੱਕ ਧੱਕੇ-ਧੋੜੇ ਖਾ ਰਹੇ ਸਨ।

ਇਨ੍ਹਾਂ ਦੁਖਦਾਈ ਹਾਲਤਾਂ ਤੇ ਇਨ੍ਹਾਂ ਨੂੰ ਪੈਦਾ ਕਰਨ ਵਾਲੇ ਬਰਤਾਨਵੀ ਸਰਕਾਰ ਦੇ ਨਿਰਦਈ ਤੇ ਗੈਰ-ਮਨੁੱਖੀ ਵਤੀਰੇ ਨੇ ਵਿਦੇਸ਼ਾਂ ਵਿੱਚ ਕੰਮ ਕਰਦੇ ਭਾਰਤੀਆਂ ਦੀ ਸਿਆਸੀ ਸੂਝ ਨੂੰ ਪ੍ਰਚੰਡ ਕੀਤਾ ਸੀ। ਉਨ੍ਹਾਂ ਨੇ ਮਲਾਇਆ, ਬਰਮਾ, ਸਿਆਮ, ਇੰਡੋਨੇਸ਼ੀਆ, ਹਾਂਗਕਾਂਗ, ਫਿਲਪੀਨ, ਚੀਨ, ਜਾਪਾਨ, ਕੈਨੇਡਾ, ਅਮਰੀਕਾ, ਅਫਰੀਕਾ, ਈਸਟ ਇੰਡੀਜ਼, ਗੁਆਇਨਾ, ਆਸਟ੍ਰੇਲੀਆ, ਨਿਊਜ਼ੀਲੈਂਡ ਤੇ ਅਰਜਨਟੀਨਾ ਆਦਿ ਵਿੱਚ ਗ਼ਦਰ ਪਾਰਟੀ ਦੀ ਜੜ੍ਹ ਲੱਗਣ ਲਈ ਜ਼ਮੀਨਾਂ ਤਿਆਰ ਕਰ ਲਈਆਂ ਸਨ।

ਇਸ ਤਰ੍ਹਾਂ ਦਰ-ਬਦਰ ਧੱਕੇ ਖਾ ਕੇ ਉਨ੍ਹਾਂ ਨੇ ਜੁਆਬੀ ਹਮਲੇ ਲਈ ਆਪਣੀ ਮਜ਼ਬੂਤ ਸਿਆਸੀ ਜਥੇਬੰਦੀ ਬਣਾਉਣ ਦਾ ਨਿਸ਼ਚਾ ਕਰ ਲਿਆ ਸੀ। ਹੋਰ ਗੁਲਾਮ ਦੇਸ਼ਾਂ ਵਿੱਚ ਵੀ ਇਨਕਲਾਬੀ ਲਹਿਰਾਂ ਪੈਦਾ ਹੋ ਰਹੀਆਂ ਸਨ, ਇਨ੍ਹਾਂ ਨਾਲ ਉਨ੍ਹਾਂ ਦੀ ਸਿਆਸੀ ਜਾਗ੍ਰਿਤੀ ਦੇ ਅਮਲ ਨੂੰ ਮਜ਼ਬੂਤੀ ਤੇ ਗਤੀ ਮਿਲੀ ਸੀ।"

ਸਾਨਫ੍ਰਾਂਸਿਸਕੋ ਨਵੰਬਰ, 1913 ਵਿੱਚ ਇਸਦੇ ਜਨਮ ਤੋਂ ਲੈ ਕੇ ਹਿੰਦੁਸਤਾਨ ਦੇ 'ਆਜ਼ਾਦ' ਹੋ ਜਾਣ ਵੇਲੇ ਨਵੰਬਰ, 1947 ਤੱਕ ਹਿੰਦੁਸਤਾਨ ਗ਼ਦਰ ਪਾਰਟੀ ਦਾ ਸਦਰ ਮੁਕਾਮ ਰਿਹਾ ਸੀ। ਇਸ ਸਦਰ ਮੁਕਾਮ ਤੋਂ ਪਾਰਟੀ ਸਰਗਰਮੀਆਂ ਕਰਦੀ ਰਹੀ ਤੇ ਹਿੰਦੁਸਤਾਨ ਦੀ ਆਜ਼ਾਦੀ ਦੇ ਘੋਲ ਲਈ ਆਪਣੀਆਂ ਨਿਰਸੁਆਰਥ ਕੁਰਬਾਨੀਆਂ ਰਾਹੀਂ ਯੋਗਦਾਨ ਪਾਉਂਦੀ ਰਹੀ।

ਗ਼ਦਰ ਪਾਰਟੀ ਦੇ ਸੂਰਬੀਰਾਂ ਨੇ ਪਹਿਲੀ ਵਾਰ 1913-14 ਵਿੱਚ ਆਪਣੇ ਖ਼ੂਨ ਦੀਆਂ ਫ਼ੁਹਾਰਾਂ ਨਾਲ ਹਿੰਦੁਸਤਾਨ ਲਈ ਪੂਰਣ ਆਜ਼ਾਦੀ ਦੇ ਸ਼ਬਦ ਉੱਕਰੇ ਸਨ। ਉਹ ਧਰਮ ਤੇ ਸਿਆਸਤ ਦੀ ਰਲਗੱਡਤਾ ਨੂੰ ਰੋਕ ਕੇ, ਪਹਿਲੀ ਵਾਰ ਹਿੰਦੁਸਤਾਨ ਵਿੱਚ ਧਰਮ-ਨਿਰਪੇਖਤਾ ਅਤੇ ਜਮਹੂਰੀ ਗਣਤੰਤਰ ਦਾ ਸੰਕਲਪ ਹਿੰਦੁਸਤਾਨ ਵਿੱਚ ਲੈ ਕੇ ਆਏ ਸਨ, ਉਨ੍ਹਾਂ ਨੇ ਪਹਿਲੀ ਵਾਰ ਆਪਣੀਆਂ ਸਫ਼ਾਂ ਵਿੱਚੋਂ ਫਿਰਕਾਪ੍ਰਸਤੀ ਦਾ ਪੂਰਨ ਤੌਰ 'ਤੇ ਸਫਾਇਆ ਕੀਤਾ ਸੀ, ਉਹ ਆਪਣੇ ਅੰਦੋਲਨ ਤੇ ਰਸੋਈਖਾਨੇ ਵਿੱਚੋਂ ਛੂਤ-ਛਾਤ ਨੂੰ ਪੂਰੀ ਤਰ੍ਹਾਂ ਲੋਪ ਕਰ ਦੇਣ ਵਾਲੇ ਇਨਸਾਨ ਸਨ। ਜਦੋਂ ਉਹ ਆਪਣੇ ਹਥਿਆਰਬੰਦ ਸੰਗ੍ਰਾਮ ਦਾ ਪਰਚਮ ਲੈ ਕੇ ਹਿੰਦੁਸਤਾਨ ਪਹੁੰਚੇ ਤੇ "ਹਿੰਦੁਸਤਾਨ ਲਈ ਪੂਰਨ ਆਜ਼ਾਦੀ" ਦੇ ਸ਼ਬਦ ਉੱਥੇ

***...ਬਾਕੀ ਸਫ਼ਾ 24 'ਤੇ***

# ਆਸਥਾ ਤੇ ਸੱਤਾ ਦੀ ਸਾਂਝ

**ਸਵਰਾਜਬੀਰ**

ਉਹ ਤਿੰਨ ਵਾਰ ਲੋਕ ਸਭਾ ਦੀਆਂ ਚੋਣਾਂ ਜਿੱਤਿਆ ਅਤੇ ਦੇਸ਼ ਦਾ ਗ੍ਰਹਿ ਰਾਜ ਮੰਤਰੀ (ਯੂਨੀਅਨ ਮਿਨਿਸਟਰ ਆਫ ਸਟੇਟ ਫਾਰ ਹੋਮ) ਬਣਿਆ। ਉਸ ਦਾ ਟਰੱਸਟ ਕਈ ਸਕੂਲ, ਕਾਲਜ ਅਤੇ ਆਸ਼ਰਮ ਚਲਾਉਂਦਾ ਹੈ ਜਿਨ੍ਹਾਂ ਵਿੱਚ ਹਜ਼ਾਰਾਂ ਬੱਚੇ ਪੜ੍ਹਦੇ ਤੇ ਰਹਿੰਦੇ ਹਨ। ਉਸ ਨੇ ਰਾਮ ਮੰਦਰ ਬਣਾਉਣ ਵਾਲੇ ਅੰਦੋਲਨ ਵਿੱਚ ਹਿੱਸਾ ਲਿਆ ਅਤੇ 1986 ਵਿੱਚ ਉਹ ਰਾਮ ਜਨਮ ਭੂਮੀ ਅੰਦੋਲਨ ਸੰਘਰਸ਼ ਸਮਿਤੀ ਦਾ ਜਨਰਲ ਸਕੱਤਰ ਬਣਿਆ। ਇਸ ਵੇਲੇ ਉਹ ਉੱਤਰ ਪ੍ਰਦੇਸ਼ ਵਿੱਚ ਮੁਮੁਕਸ਼ੂ ਆਸ਼ਰਮ ਸ਼ਾਹਜਹਾਂਪੁਰ ਦਾ ਮੁਖੀ ਹੈ ਅਤੇ ਹਰਿਦੁਆਰ ਤੇ ਰਿਸ਼ੀਕੇਸ਼ ਦੇ ਕਈ ਆਸ਼ਰਮ ਵੀ ਇਸ ਆਸ਼ਰਮ ਦੀ ਦੇਖ-ਰੇਖ ਵਿੱਚ ਆਉਂਦੇ ਹਨ। ਜਦ ਮਮੁਕਸ਼ੂ ਆਸ਼ਰਮ ਨੇ ਯੁਵਾ ਮਹਾਂਉਤਸਵ ਮਨਾਇਆ ਤਾਂ ਸੂਬੇ ਦਾ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਉਸ ਸਮਾਗਮ ਵਿੱਚ ਹਾਜ਼ਰ ਹੋਇਆ। ਉਸ ਸਮੇਂ ਇੱਕ ਵੀਡੀਓ ਵੀ ਵਾਇਰਲ ਹੋਈ ਜਿਸ ਵਿੱਚ ਜ਼ਿਲ੍ਹੇ ਦੇ ਕੁੱਝ ਪ੍ਰਸ਼ਾਸਨਿਕ ਅਧਿਕਾਰੀ ਇਸ ਵਿਅਕਤੀ ਦੀ ਆਰਤੀ ਉਤਾਰ ਰਹੇ ਸਨ। ਇਸ ਵਿਅਕਤੀ ਦਾ ਪੁਰਾਣਾ ਨਾਂ ਕ੍ਰਿਸ਼ਨ ਪਾਲ ਸਿੰਘ ਅਤੇ ਹੁਣ ਵਾਲਾ ਸਵਾਮੀ ਚਿਨਮਯਾਨੰਦ ਹੈ।

ਕੁੱਝ ਸਮਾਂ ਪਹਿਲਾਂ ਇਸੇ ਸਵਾਮੀ ਦੁਆਰਾ ਚਲਾਏ ਜਾਂਦੇ ਕਾਨੂੰਨ ਦੇ ਕਾਲਜ ਵਿੱਚ ਪੜ੍ਹਦੀ 23 ਵਰ੍ਹਿਆਂ ਦੀ ਵਿਦਿਆਰਥਣ ਨੇ ਸਵਾਮੀ 'ਤੇ ਜਬਰ-ਜਨਾਹ ਕਰਨ ਦੇ ਦੋਸ਼ ਲਾਏ। ਉਸ 'ਤੇ ਇਹੋ ਜਿਹੇ ਦੋਸ਼ ਲਗਭਗ 8 ਸਾਲ ਪਹਿਲਾਂ ਇੱਕ ਸਾਧਵੀ ਨੇ ਵੀ ਲਗਾਏ ਸਨ। ਪਿਛਲੇ ਸਾਲ ਯੋਗੀ ਆਦਿੱਤਿਆਨਾਥ ਦੀ ਸਰਕਾਰ ਨੇ ਸਵਾਮੀ ਵਿਰੁੱਧ ਚਲਾਏ ਜਾ ਰਹੇ ਮਾਮਲੇ ਨੂੰ ਰੱਦ ਕਰਨ ਦੀ ਸਿਫਾਰਸ਼ ਕੀਤੀ ਸੀ, ਪਰ ਅਦਾਲਤ ਨੇ ਸਿਫਾਰਸ਼ ਸਵੀਕਾਰ ਨਹੀਂ ਕੀਤੀ। ਹੁਣ ਵਾਲੇ ਮਾਮਲੇ ਵਿੱਚ ਇੱਕ ਪਾਸੇ 23 ਵਰ੍ਹਿਆਂ ਦੀ ਵਿਦਿਆਰਥਣ ਹੈ ਅਤੇ ਦੂਸਰੇ ਪਾਸੇ ਆਸ਼ਰਮਾਂ, ਕਾਲਜਾਂ ਤੇ ਸਕੂਲਾਂ ਦਾ ਮੁਖੀ ਉਹ ਵਿਅਕਤੀ, ਜਿਸ ਦੇ ਸੱਤਾਧਾਰੀ ਪਾਰਟੀ ਨਾਲ ਗੂੜ੍ਹੇ ਸਬੰਧ ਹਨ। ਇਸ ਮੁਕੱਦਮੇ ਦੇ ਦੋਹਾਂ ਪੱਖਾਂ ਵੱਲ ਵੇਖਿਆ ਜਾਏ ਤਾਂ ਸਾਫ਼ ਦਿਖਾਈ ਦਿੰਦਾ ਹੈ ਕਿ ਕਿਹੜਾ ਪੱਖ ਤਾਕਤਵਰ ਤੇ ਸੱਤਾ ਨਾਲ ਜੁੜਿਆ ਹੈ ਅਤੇ ਕਿਹੜਾ ਪੱਖ ਸੱਤਾਹੀਣ ਅਤੇ ਤਾਕਤ ਤੋਂ ਮਹਿਰੂਮ ਹੈ। ਜਦ ਇਸ ਵਿਦਿਆਰਥਣ ਦੇ ਗਾਇਬ ਹੋ ਜਾਣ ਅਤੇ ਬਾਅਦ ਵਿੱਚ ਸਵਾਮੀ ਚਿਨਮਯਾਨੰਦ 'ਤੇ ਜਬਰ-ਜਨਾਹ ਦੇ ਦੋਸ਼ ਲਾਉਣ ਬਾਰੇ ਵੀਡੀਓਜ਼ ਵਾਇਰਲ ਹੋਇਆ ਤਾਂ ਸਵਾਮੀ ਨੂੰ ਗ੍ਰਿਫਤਾਰ ਕਰਕੇ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ। ਨਾ ਤਾਂ ਪੁਲਿਸ ਨੇ ਉਸ ਦੀ ਪੁਲਿਸ ਹਿਰਾਸਤ ਲੈਣ ਲਈ ਕੋਈ ਯਤਨ ਕੀਤਾ ਅਤੇ ਨਾ ਹੀ ਉਸ ਉੱਤੇ ਹੁਣ ਜਬਰ-ਜਨਾਹ ਨਾਲ ਸਬੰਧਿਤ ਪੂਰੀਆਂ ਧਾਰਾਵਾਂ ਵਾਲਾ ਮੁਕੱਦਮਾ ਦਰਜ ਕੀਤਾ ਗਿਆ। ਦੂਸਰੇ ਪਾਸੇ ਉੱਤਰ ਪ੍ਰਦੇਸ਼ ਪੁਲਿਸ ਦੀ ਵਿਸ਼ੇਸ ਜਾਂਚ ਟੀਮ (ਐੱਸ.ਆਈ.ਟੀ.-ਸਿੱਟ) ਅਨੁਸਾਰ ਉਸ ਨੂੰ ਇਹੋ ਜਿਹੇ ਸਬੂਤ ਮਿਲੇ ਹਨ ਕਿ ਪੀੜਤ ਵਿਦਿਆਰਥਣ ਸਵਾਮੀ ਤੋਂ ਫਿਰੌਤੀ ਮੰਗਣ ਦੀ ਕੋਸ਼ਿਸ਼ ਕਰ ਰਹੀ ਸੀ ਅਤੇ ਉਸ ਨੂੰ ਗ੍ਰਿਫਤਾਰ ਕਰਕੇ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ।

ਕਾਨੂੰਨੀ ਮਾਹਿਰ ਇਹ ਸਵਾਲ ਪੁੱਛ ਰਹੇ ਹਨ ਕਿ ਕੀ ਇੱਕ 23 ਸਾਲਾਂ ਵਿਦਿਆਰਥਣ ਇਸ ਤਰ੍ਹਾਂ ਦੇ ਤਾਕਤਵਰ ਵਿਅਕਤੀ ਕੋਲੋਂ ਫਿਰੌਤੀ ਮੰਗ ਸਕਦੀ ਹੈ ਅਤੇ ਕੀ ਸੱਤਾ ਨਾਲ ਐਨੇ ਗੂੜ੍ਹੇ ਸਬੰਧ ਰੱਖਣ ਵਾਲਾ ਵਿਅਕਤੀ ਅੱਲੜ੍ਹ ਉਮਰ ਦੀ ਕੁੜੀ ਦੀਆਂ ਧਮਕੀਆਂ ਸੁਣ ਕੇ ਉਸ ਨੂੰ ਫਿਰੌਤੀ ਦੀ ਰਕਮ ਦੇ ਦੇਵੇਗਾ? ਉਨ੍ਹਾਂ ਦਾ ਕਹਿਣਾ ਹੈ ਕਿ ਇਹ ਸਭ ਕੁੱਝ ਪੀੜਤਾ 'ਤੇ ਦਬਾਓ ਪਾਉਣ ਲਈ ਕੀਤਾ ਜਾ ਰਿਹਾ ਹੈ ਤਾਂ ਕਿ ਉਹ ਸਵਾਮੀ ਦੇ ਵਿਰੁੱਧ ਦਰਜ ਕਰਾਇਆ ਗਿਆ ਕੇਸ ਵਾਪਸ ਲੈ ਲਵੇ। ਪੀੜਤਾ ਦੇ ਪਿਤਾ ਨੇ ਵੀ ਅਜਿਹੇ ਹੀ ਦੋਸ਼ ਲਗਾਏ ਹਨ।

ਬਾਪੂ ਆਸਾ ਰਾਮ, ਗੁਰਮੀਤ ਰਾਮ ਰਹੀਮ ਸਿੰਘ ਅਤੇ ਹੋਰ ਅਜਿਹੇ ਲੋਕਾਂ, ਜਿਹੜੇ ਆਪਣੇ ਆਪ ਨੂੰ ਧਾਰਮਿਕ ਆਗੂ, ਸਾਧ, ਸੰਤ, ਫਕੀਰ ਆਦਿ ਅਖਵਾਉਂਦੇ ਹਨ ਪਰ ਅੱਜ ਜਬਰ-ਜਨਾਹ ਤੇ ਕਤਲ ਦੇ ਮੁਕੱਦਮਿਆਂ ਵਿੱਚ ਜੇਲ੍ਹ ਭੁਗਤ ਰਹੇ ਹਨ, ਦੀ ਫਹਿਰਿਸਤ ਬਹੁਤ ਲੰਮੀ ਹੈ। ਆਸਾ ਰਾਮ ਦੇ ਦੇਸ਼-ਵਿਦੇਸ਼ ਵਿੱਚ 400 ਆਸ਼ਰਮ ਹਨ ਅਤੇ ਚਾਰ ਕਰੋੜ ਲੋਕ ਉਸ ਨੂੰ ਰੂਹਾਨੀ ਆਗੂ ਮੰਨਦੇ ਸਨ/ਹਨ। ਚੋਟੀ ਦੇ ਸਿਆਸੀ ਆਗੂ ਜਿਨ੍ਹਾਂ ਵਿੱਚ ਪ੍ਰਧਾਨ ਮੰਤਰੀ ਵੀ ਸ਼ਾਮਲ ਹਨ, ਉਸ ਦੇ ਪ੍ਰਵਚਨ ਸੁਣਨ ਜਾਂਦੇ ਰਹੇ। ਜਦ ਉਸ ਨੇ ਗੁਜਰਾਤ ਵਿੱਚ ਸਾਬਰਮਤੀ ਦਰਿਆ ਦੇ ਕੰਢੇ 'ਤੇ ਪਹਿਲਾ ਆਸ਼ਰਮ ਬਣਾਇਆ ਤਾਂ ਪਹਿਲਾਂ ਉਸ ਨੂੰ ਕਾਂਗਰਸ ਸਰਕਾਰ ਨੇ ਜ਼ਮੀਨ ਦਿੱਤੀ, ਬਾਅਦ ਵਿੱਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ। 2013 ਵਿੱਚ ਇੱਕ 16 ਸਾਲ ਦੀ ਕੁੜੀ ਨੇ ਉਸ ਉੱਤੇ ਜੋਧਪੁਰ ਦੇ ਆਸ਼ਰਮ ਵਿੱਚ ਜਬਰ-ਜਨਾਹ ਦੇ ਇਲਜ਼ਾਮ ਲਾਏ ਅਤੇ ਇਸ ਕੇਸ ਵਿੱਚ ਉਸ

ਨੂੰ ਉਮਰ ਕੈਦ ਦੀ ਸਜ਼ਾ ਹੋਈ। ਉਸ ਦੇ ਸ਼ਰਧਾਲੂ ਅਜਿਹੇ ਦੋਸ਼ਾਂ ਨੂੰ ਨਕਾਰਦੇ ਰਹੇ ਹਨ ਅਤੇ ਕਹਿੰਦੇ ਹਨ ਕਿ ਕੁੜੀ ਨਾਲ ਜਬਰ-ਜਨਾਹ ਨਹੀਂ ਕੀਤਾ ਗਿਆ; ਕੁੜੀ ਨੇ 'ਸਮਰਪਣ' ਕੀਤਾ ਸੀ। ਗੁਰਮੀਤ ਰਾਮ ਰਹੀਮ ਸਿੰਘ ਦੀ ਕਹਾਣੀ ਵੀ ਇਸੇ ਤਰ੍ਹਾਂ ਦੀ ਹੈ। ਉਹ ਪੱਤਰਕਾਰ ਰਾਮ ਚੰਦਰ ਛਤਰਪਤੀ ਦੇ ਕਤਲ ਅਤੇ ਜਬਰ-ਜਨਾਹ ਦੇ ਕੇਸਾਂ ਵਿੱਚ ਸਜ਼ਾ ਭੁਗਤ ਰਿਹਾ ਹੈ। ਪੰਜਾਬ ਤੇ ਹਰਿਆਣਾ ਦੀ ਸਿਆਸਤ 'ਤੇ ਉਸ ਦਾ ਅਸਰ ਡੂੰਘਾ ਰਿਹਾ ਹੈ।

ਸਾਡੇ ਦੇਸ਼ ਵਿੱਚ ਲੱਖਾਂ ਆਸ਼ਰਮ, ਡੇਰੇ ਅਤੇ ਅਜਿਹੇ ਹੋਰ ਧਾਰਮਿਕ ਸਥਾਨ ਹਨ। ਅਸੀਂ ਡੇਰਾਵਾਦ ਨੂੰ ਖੁਰਾਫਾਤੀ ਲੋਕਾਂ ਦੁਆਰਾ ਆਮ ਲੋਕਾਂ ਨੂੰ ਭਰਮ-ਪੁਲੇਖਿਆਂ ਵਿੱਚ ਪਾ ਕੇ ਰੱਖਣ ਦੇ ਵਰਤਾਰੇ ਵਜੋਂ ਨਹੀਂ ਨਕਾਰ ਸਕਦੇ। ਇਨ੍ਹਾਂ ਵਿੱਚੋਂ ਬਹੁਤ ਸਾਰੇ ਸਥਾਨ ਅਜਿਹੇ ਹੋਣਗੇ ਜਿੱਥੇ ਜਾ ਕੇ ਲੋਕਾਂ ਨੂੰ ਕੁੱਝ ਅਜਿਹਾ ਮਿਲਦਾ ਹੋਵੇਗਾ ਜਿਹੜਾ ਰਵਾਇਤੀ ਅਤੇ ਸੰਸਥਾਤਮਕ ਧਾਰਮਿਕ ਸਥਾਨਾਂ 'ਤੇ ਨਹੀਂ ਮਿਲਦਾ। ਲੱਖਾਂ ਡੇਰਿਆਂ ਦਾ ਹੋਣਾ ਇਹ ਦੱਸਦਾ ਹੈ ਕਿ ਡੇਰਾਵਾਦ ਵਿਆਪਕ ਵਰਤਾਰਾ ਹੈ। ਇਸ ਦੇ ਸਮਾਜਿਕ ਆਧਾਰ ਤੇ ਭੌਤਿਕ ਬਿਸਾਤ ਨੂੰ ਪਛਾਣਨ ਦੀ ਜ਼ਰੂਰਤ ਹੈ।

ਇਹ ਦਲੀਲ ਦਿੱਤੀ ਜਾਂਦੀ ਹੈ ਕਿ ਬਹੁਤ ਸਾਰੇ ਰਵਾਇਤੀ ਧਾਰਮਿਕ ਅਸਥਾਨ ਜਾਤੀ, ਜਮਾਤੀ ਅਤੇ ਮਰਦ-ਔਰਤ ਵਿਚਲੇ ਵਿਤਕਰਿਆਂ ਅਤੇ ਦਰਜਾਬੰਦੀ ਤੋਂ ਮੁਕਤ ਨਹੀਂ ਹੋ ਸਕੇ। ਉਦਾਹਰਣ ਦੇ ਤੌਰ 'ਤੇ ਕਿਸੇ ਵੀ ਪਿੰਡ ਦੇ ਸਥਾਨਕ ਧਾਰਮਿਕ ਅਸਥਾਨ ਬਾਰੇ ਲੋਕ ਜਾਣਦੇ ਹਨ ਕਿ ਪਿੰਡ ਦਾ ਸਰਪੰਚ ਅਤੇ ਸਰਦਾਰ ਮੂਹਰਲੀਆਂ ਸਫ਼ਾਂ ਵਿੱਚ ਬੈਠਣਗੇ ਅਤੇ ਉਨ੍ਹਾਂ ਦੇ ਖੇਤਾਂ ਵਿੱਚ ਕੰਮ ਕਰਨ ਵਾਲੇ ਕਾਮਿਆਂ ਨੂੰ ਬਹਿਣ ਲਈ ਕਿਤੇ ਪਿੱਛੇ ਥਾਂ ਤਲਾਸ਼ ਕਰਨੀ ਪਵੇਗੀ; ਅਖੌਤੀ ਉੱਚੀਆਂ ਜਾਤਾਂ ਨਾਲ ਸੰਬੰਧਿਤ ਔਰਤਾਂ ਕਿੱਥੇ ਬੈਠਣਗੀਆਂ ਤੇ ਅਖੌਤੀ ਨੀਵੀਆਂ ਦੱਸੀਆਂ ਜਾਤਾਂ ਨਾਲ ਸੰਬੰਧਿਤ ਔਰਤਾਂ ਕਿੱਥੇ ਬਹਿਣਗੀਆਂ। ਰਵਾਇਤੀ ਧਾਰਮਿਕ ਅਸਥਾਨਾਂ 'ਤੇ ਹੁੰਦਾ ਅਜਿਹਾ ਵਿਤਕਰਾ ਅਤੇ ਬੇਗਾਨਗੀ ਦਾ ਅਹਿਸਾਸ ਲੋਕਾਂ ਨੂੰ ਡੇਰਿਆਂ ਤੇ ਆਸ਼ਰਮਾਂ ਵੱਲ ਧੱਕਦਾ ਹੈ। ਲੋਕਾਂ ਨੂੰ ਧਾਰਮਿਕ ਸਥਾਨਾਂ ਤੋਂ ਬਾਹਰ ਵੀ ਸਮਾਜਿਕ ਵਿਤਕਰਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ; ਸਰਕਾਰੀ ਦਫਤਰਾਂ, ਅਦਾਰਿਆਂ, ਪੁਲਿਸ ਸਟੇਸ਼ਨਾਂ, ਹਸਪਤਾਲਾਂ, ਸਕੂਲਾਂ, ਕਾਲਜਾਂ ਵਿੱਚ ਉਨ੍ਹਾਂ ਨੂੰ ਹੀਣਤਾ ਦਾ ਸ਼ਿਕਾਰ ਹੋਣਾ ਪੈਂਦਾ ਹੈ ਬੇਰੁਜ਼ਗਾਰੀ ਤੇ ਰਿਸ਼ਵਤਖੋਰੀ ਉਨ੍ਹਾਂ ਨੂੰ ਝੰਬਦੀ ਹੈ; ਜ਼ਿੰਦਗੀ ਤੋਂ ਖਿਝੇ ਤੇ ਹੰਭੇ ਹੋਏ ਲੋਕ ਰਾਹਤ ਦੀ ਤਲਾਸ਼ ਕਰਦੇ ਹਨ। ਇਨ੍ਹਾਂ ਡੇਰਿਆਂ ਦੇ ਬਹੁਤ ਸਾਰੇ ਆਗੂ ਲੋਕਾਂ ਦੀ ਖਿਝ ਤੇ ਪ੍ਰੇਸ਼ਾਨੀ ਦਾ ਫ਼ਾਇਦਾ ਉਠਾਉਂਦੇ ਹੋਏ ਉਨ੍ਹਾਂ ਨੂੰ ਅਸਥਾਈ ਰਾਹਤ ਤਾਂ ਦਿੰਦੇ ਹਨ, ਪਰ ਨਾਲ-ਨਾਲ ਉਨ੍ਹਾਂ ਦੀ ਜ਼ਿੰਦਗੀ ਤੇ ਸੋਚਣ-ਸਮਝਣ ਦੇ ਅਮਲ 'ਤੇ ਵੀ ਕਾਬਜ਼ ਹੋ ਜਾਂਦੇ ਹਨ।

ਜਦ ਕਿਸੇ ਆਸ਼ਰਮ ਜਾਂ ਡੇਰੇ ਦੇ ਸ਼ਰਧਾਲੂਆਂ ਦੀ ਗਿਣਤੀ ਵਧਦੀ ਹੈ ਤਾਂ ਸਿਆਸੀ ਆਗੂ ਇਨ੍ਹਾਂ 'ਬਾਬਿਆਂ' ਜਾਂ 'ਸੰਤਾਂ' ਦੇ ਸ਼ਰਧਾਲੂਆਂ ਨੂੰ ਆਪਣੀ ਸਿਆਸੀ ਤਾਕਤ ਵਧਾਉਣ ਤੇ ਚੋਣਾਂ ਜਿੱਤਣ ਲਈ ਵਰਤਣਾ ਚਾਹੁੰਦੇ ਹਨ। ਇਸ ਤਰ੍ਹਾਂ ਇਨ੍ਹਾਂ ਸਵਾਮੀਆਂ ਅਤੇ ਸਿਆਸੀ ਆਗੂਆਂ ਵਿਚਕਾਰ ਆਪਸੀ ਲੈਣ-ਦੇਣ ਦਾ ਰਿਸ਼ਤਾ ਸ਼ੁਰੂ ਹੋ ਜਾਂਦਾ ਹੈ। ਜਦ ਸਿਆਸੀ ਆਗੂ ਕਿਸੇ ਡੇਰੇ 'ਤੇ ਜਾ ਕੇ ਸਿਰ ਝੁਕਾਉਂਦੇ ਹਨ ਤਾਂ ਡੇਰੇ ਦੀ ਇੱਜ਼ਤ ਤੇ ਪ੍ਰਭਾਵ ਵਧਦੇ ਹਨ ਅਤੇ ਸਿਆਸੀ ਆਗੂ ਦਾ ਪ੍ਰਭਾਵ ਵੀ ਵਧਦਾ ਹੈ। ਇਹ ਮੇਲ-ਜੋਲ ਤਾਕਤ, ਹਉਮੈਂ ਤੇ ਪੈਸੇ ਦਾ ਅਜਿਹਾ ਜ਼ਹਿਰੀਲਾ ਸ਼ਰਬਤ/ਕਾਕਟੇਲ ਤਿਆਰ ਕਰਦਾ ਹੈ ਜੋ ਡੇਰੇ ਤੇ ਡੇਰੇ ਨਾਲ ਜੁੜੇ ਲੋਕਾਂ ਨੂੰ ਅਜਿਹੀ ਅੰਨ੍ਹੀ ਗਲੀ ਵਿੱਚ ਧੱਕ ਦਿੰਦਾ ਹੈ ਜਿਸ ਤੋਂ ਨਿਕਲਣ ਦਾ ਕੋਈ ਰਸਤਾ ਨਹੀਂ ਹੁੰਦਾ। ਜਦ ਤੱਕ ਸਤਾਏ ਹੋਏ ਲੋਕ ਆਵਾਜ਼ ਉਠਾਉਂਦੇ ਹਨ, ਤਦ ਤੱਕ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਬਹੁਤ ਵਾਰ ਅਜਿਹੇ ਸਵਾਮੀ ਆਪਣੀ ਤਾਕਤ ਅਤੇ ਆਪਣੇ ਸਿਆਸੀ ਪ੍ਰਭੂਆਂ ਤੇ ਸਾਂਝੀਦਾਰਾਂ ਦੀ ਸਹਾਇਤਾ ਨਾਲ ਕਾਨੂੰਨ ਦੀ ਜ਼ੱਦ ਵਿੱਚ ਆਉਣ ਤੋਂ ਬਚ ਜਾਂਦੇ ਹਨ।

ਸਮਾਜ ਵਿੱਚ ਤਰਕਸ਼ੀਲ ਵਿਚਾਰਾਂ ਅਤੇ ਭਰਮ-ਭੁਲੇਖਿਆਂ ਵਿੱਚ ਪਾਉਣ ਵਾਲੀ ਸੋਚ ਵਿਚਕਾਰ ਘੋਲ ਹੁੰਦਾ ਰਹਿੰਦਾ ਹੈ। ਜਦ ਤੱਕ ਅਸਾਵੇਂ ਸਮਾਜਿਕ ਅਤੇ ਆਰਥਿਕ ਰਿਸ਼ਤੇ ਕਾਇਮ ਰਹਿਣਗੇ, ਉਦੋਂ ਤੱਕ ਲੋਕ-ਭਰਮਾਊ ਸੋਚ ਦਾ ਵੀ ਬੋਲਬਾਲਾ ਰਹੇਗਾ। ਅਜਿਹੀ ਸੋਚ ਸਮਾਜਿਕ ਨਾ-ਬਰਬਰੀ, ਜਾਤ-ਪਾਤ ਅਤੇ ਮਰਦ-ਔਰਤ ਵਿਚਲੇ ਵਿਤਕਰਿਆਂ ਨੂੰ ਸਮਾਜ ਦੁਆਰਾ ਸਵੀਕਾਰ ਕੀਤੇ ਜਾਣ ਕਾਰਨ ਜਿਉਂਦੀ ਹੈ। ਭਗਤ ਸਿੰਘ ਨੇ ਸਿਆਸੀ ਇਨਕਲਾਬ ਤੋਂ ਪਹਿਲਾਂ ਸਮਾਜਿਕ ਇਨਕਲਾਬ ਲਿਆਉਣ ਦੇ ਮਹੱਤਵ ਨੂੰ ਪਛਾਣਿਆ ਸੀ। ਅਜਿਹੇ ਸਮਾਜਿਕ ਇਨਕਲਾਬ ਲਈ ਜਮਹੂਰੀ ਤਾਕਤਾਂ ਨੂੰ ਲੰਮੀ ਲੜਾਈ ਲੜਨੀ ਪਵੇਗੀ; ਜਾਤ-ਪਾਤ ਤੇ ਔਰਤ-ਮਰਦ ਵਿਚਲੇ ਵਖਰੇਵਿਆਂ ਵਿਰੁੱਧ, ਭੁਲੇਖਿਆਂ ਵਿੱਚ ਪਾਉਣ ਵਾਲੀ ਧਾਰਮਿਕ ਦਿਖਾਈ ਦਿੰਦੀ ਸੋਚ ਵਿਰੁੱਧ; ਅਸਾਵੇਂ ਆਰਥਿਕ ਰਿਸ਼ਤਿਆਂ ਵਿਰੁੱਧ। ਇਹ ਸਾਰੀਆਂ ਲੜਾਈਆਂ ਅੰਤਰ-ਸੰਬੰਧਿਤ ਹਨ।

ਸਵਾਮੀ ਚਿਨਮਯਾਨੰਦ ਵੀ ਧਾਰਮਿਕ ਰਾਹ-ਰਸਤੇ ਅਖ਼ਤਿਆਰ ਕਰਕੇ ਸੱਤਾ ਦੇ ਗਲਿਆਰਿਆਂ ਤੱਕ ਪਹੁੰਚਣ

*...ਬਾਕੀ ਸਫਾ 8 'ਤੇ*

*ਲੇਖ ਲੜੀ*

# ਵਿਗਿਆਨ ਅਤੇ ਮਨੁੱਖੀ ਸਮਾਜ



**ਰਾਜਪਾਲ ਸਿੰਘ**

ਪੁਰਾਤਨ ਯੂਨਾਨ ਵਿੱਚ ਇੱਕ ਸਮੇਂ ਵਿਗਿਆਨ ਅਤੇ ਤਰਕ ਦਾ ਬੋਲਬਾਲਾ ਚੱਲ ਰਿਹਾ ਸੀ। ਹਰ ਵਿਸ਼ੇ ਬਾਰੇ ਖੋਜ-ਪੜਤਾਲ ਹੁੰਦੀ ਅਤੇ ਤਰਕ ਆਧਾਰਿਤ ਬਹਿਸਾਂ ਹੁੰਦੀਆਂ ਸਨ। ਈਸਾ ਦੇ ਜਨਮ ਤੋਂ ਵੀ ਪਹਿਲਾਂ, ਵਿਗਿਆਨਕ ਸਿਧਾਂਤ ਬੀਜ ਰੂਪ ਵਿੱਚ ਪੇਸ਼ ਕੀਤੇ ਜਾ ਰਹੇ ਸਨ ਜਿਵੇਂ ਡੈਮੋਕ੍ਰਾਈਟਸ ਨੇ ਮਾਦੇ ਦੇ ਪ੍ਰਮਾਣੂਆਂ ਤੋਂ ਬਣੇ ਹੋਣ ਦੀ ਗੱਲ ਕੀਤੀ। ਉਸ ਸਮੇਂ ਹੋਏ ਹਿਸਾਬਦਾਨ ਪਾਈਥਾਗੋਰਸ ਦੇ ਫਾਰਮੂਲੇ ਅਤੇ ਯੂਕਲਿਡ ਦਾ ਰੇਖਾਗਣਿਤ ਹੁਣ ਤੱਕ ਪੜ੍ਹਾਇਆ ਜਾਂਦਾ ਹੈ। ਡਾਕਟਰੀ ਵਿਗਿਆਨ ਦਾ ਪਿਤਾਮਾ ਹਿਪੋਕ੍ਰੇਟਸ ਵੀ ਇਸੇ ਦੌਰ ਵਿੱਚ ਹੋਇਆ ਜਿਸ ਦੁਆਰਾ ਡਾਕਟਰੀ ਨੈਤਿਕਤਾ ਲਈ ਘੜੇ ਗਏ ਅਸੂਲਾਂ ਦੀ ਪਾਲਣਾ ਹਿਤ ਅੱਜ ਵੀ ਨਵੇਂ ਡਾਕਟਰਾਂ ਨੂੰ ਸਹੁੰ (Hippocratic oath) ਚੁਕਾਈ ਜਾਂਦੀ ਹੈ। ਅਰਸਤੂ ਨੂੰ ਤਾਂ ਵਿਗਿਆਨ ਦਾ ਪਿਤਾਮਾ ਹੋਣ ਦਾ ਮਾਣ ਦਿੱਤਾ ਜਾਂਦਾ ਹੈ। ਇਸ ਦੌਰਾਨ ਹੀ, ਈਸਾ ਪੂਰਵ ਦੂਸਰੀ ਸਦੀ ਵਿੱਚ, ਯੂਨਾਨ ਦੀਆਂ ਛੋਟੀਆਂ-ਛੋਟੀਆਂ ਰਿਆਸਤਾਂ, ਜਿਨ੍ਹਾਂ ਨੂੰ City States ਕਿਹਾ ਜਾਂਦਾ ਸੀ, ਰੋਮਨ ਸਾਮਰਾਜ ਦੇ ਅਧੀਨ ਹੋ ਗਈਆਂ। ਰੋਮਨ ਸਾਮਰਾਜ ਦੇ ਮੁਢਲੇ ਦੌਰ ਵਿੱਚ ਤਾਂ ਗਿਆਨ-ਵਿਗਿਆਨ ਨੂੰ ਪ੍ਰਮੁੱਖਤਾ ਦੇਣ ਅਤੇ ਤਰਕ ਨਾਲ ਨਤੀਜੇ ਕੱਢਣ ਦੀਆਂ ਯੂਨਾਨੀ ਰਵਾਇਤਾਂ ਚਲਦੀਆਂ ਰਹੀਆਂ। ਪਰ ਈਸਵੀ ਸੰਮਤ ਦੀ ਚੌਥੀ ਸਦੀ ਆਉਣ ਤੱਕ ਪਾਸਾ ਪਲਟ ਗਿਆ ਅਤੇ ਤਰਕ ਦੀ ਥਾਂ ਅੰਧ-ਵਿਸ਼ਵਾਸ ਅਤੇ ਧਾਰਮਿਕ ਕੱਟੜਤਾ ਦਾ ਬੋਲਬਾਲਾ ਹੋ ਗਿਆ। ਪਹਿਲਾਂ ਹਾਸਲ ਗਿਆਨ-ਵਿਗਿਆਨ ਨੂੰ ਦਬਾ ਦਿੱਤਾ ਗਿਆ ਅਤੇ ਨਵੀਂ ਪੜ੍ਹਾਈ ਸਿਰਫ਼ ਧਾਰਮਿਕ ਪੁਸਤਕਾਂ ਦੀ ਵਿਆਖਿਆ ਕਰਨ ਤੱਕ ਸੀਮਤ ਹੋ ਗਈ। ਇਹ ਦੌਰ ਚੌਥੀ ਤੋਂ ਚੌਧਵੀਂ ਸਦੀ ਤੱਕ ਚੱਲਿਆ ਜਿਸ ਨੂੰ ਇਤਿਹਾਸਕਾਰ ਯੌਰਪ ਦਾ ਹਨੇਰ੍ਹਾ ਯੁੱਗ (Dark ages) ਕਹਿੰਦੇ ਹਨ। ਇਸ ਨਾਲ ਮਨੁੱਖੀ ਗਿਆਨ ਦਾ ਵਿਕਾਸ ਸੈਂਕੜੇ ਸਾਲ ਪਿੱਛੇ ਪੈ ਗਿਆ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਦ ਪ੍ਰਾਚੀਨ ਯੂਨਾਨ ਅਤੇ ਰੋਮਨ ਸਾਮਰਾਜ ਵਿੱਚ ਤਰਕ ਅਤੇ ਵਿਗਿਆਨ ਇਸ ਤਰ੍ਹਾਂ ਸਥਾਪਿਤ ਹੋ ਚੁੱਕੇ ਸਨ ਤਾਂ ਫਿਰ ਧਾਰਮਿਕ ਸੋਚ ਉੱਥੇ ਕਿਸ ਤਰ੍ਹਾਂ ਹਾਵੀ ਹੋ ਗਈ? ਇਸ ਦਾ ਉੱਤਰ ਜਾਣਨਾ ਜ਼ਰੂਰੀ ਹੈ ਤਦ ਹੀ ਅਸੀਂ ਵਿਗਿਆਨ ਅਤੇ ਆਰਥਿਕ-ਸਮਾਜਿਕ ਪ੍ਰਬੰਧ ਵਿਚਲੇ ਸਬੰਧਾਂ ਨੂੰ ਸਮਝ ਸਕਾਂਗੇ।

ਅਸਲ ਵਿੱਚ ਉਸ ਸਮੇਂ ਰੋਮਨ ਸਾਮਰਾਜ ਗੁਲਾਮਦਾਰੀ ਦੌਰ ਵਿੱਚੋਂ ਗੁਜ਼ਰ ਰਿਹਾ ਸੀ। ਗਿਆਨ-ਵਿਗਿਆਨ ਦਾ ਸਾਰਾ ਲਾਭ ਗੁਲਾਮ ਮਾਲਕਾਂ ਦੀ ਇੱਕ ਛੋਟੀ ਸ਼੍ਰੇਣੀ ਲੈ ਰਹੀ ਸੀ। ਗੁਲਾਮਾਂ ਦੀ ਇਸ ਗਿਆਨ ਤੱਕ ਕੋਈ ਪਹੁੰਚ ਨਹੀਂ ਸੀ ਅਤੇ ਉਹ ਬਹੁਤ ਦੁੱਖਾਂ ਭਰੀ ਜ਼ਿੰਦਗੀ ਜਿਉਂਦੇ ਸਨ। ਇਨ੍ਹਾਂ ਗੁਲਾਮਾਂ ਨੂੰ ਵਿਹਲੜ ਮਾਲਕਾਂ ਵੱਲੋਂ ਕੇਵਲ ਤਰਕ-ਵਿਤਰਕ ਕਰੀ ਜਾਣਾ ਖਿੱਚ ਨਹੀਂ ਪਾਉਂਦਾ ਸੀ। ਇਸ ਦੀ ਬਜਾਏ ਉਨ੍ਹਾਂ ਨੂੰ ਨਵੇਂ ਉੱਠੇ ਇਸਾਈ ਧਰਮ ਵੱਲੋਂ ਪ੍ਰਚਾਰੇ ਜਾਂਦੇ ਦਯਾ, ਪਿਆਰ ਅਤੇ ਖਿਮਾਂ ਕਰਨ ਵਾਲੇ ਵਿਚਾਰ ਚੰਗੇ ਲਗਦੇ ਸਨ। ਰੋਮਨ ਸਾਮਰਾਜ ਦੀ ਹਾਕਮ ਸ੍ਰੇਣੀ ਨੇ ਲੋਕਾਂ ਉੱਤੇ ਈਸਾਈ ਧਰਮ ਦਾ ਵਧਦਾ ਅਸਰ ਦੇਖ ਕੇ ਈਸਾਈ ਧਰਮ ਨੂੰ ਪਹਿਲਾਂ ਪ੍ਰਚਾਰ ਦੀ ਖੁੱਲ੍ਹ ਦਿੱਤੀ ਅਤੇ ਫਿਰ ਇਸ ਨੂੰ ਰਾਜ-ਧਰਮ ਬਣਾ ਲਿਆ। ਰੋਮਨ ਬਾਦਸ਼ਾਹ ਕੌਂਸਟੈਨਟਾਈਨ (Constantine) ਨੇ 313 ਈਸਵੀ ਵਿੱਚ ਇੱਕ ਫਰਮਾਨ ਰਾਹੀਂ ਈਸਾਈ ਮੱਤ ਨੂੰ ਸਰਪ੍ਰਸਤੀ ਦਿੱਤੀ ਅਤੇ ਬਾਅਦ ਵਾਲੇ ਇੱਕ ਹੋਰ ਬਾਦਸ਼ਾਹ ਨੇ 380 ਈਸਵੀ ਵਿੱਚ ਇਸ ਨੂੰ ਰਾਜ-ਧਰਮ ਬਣਾ ਦਿੱਤਾ। ਇਸ ਤੋਂ ਬਾਅਦ ਪਾਦਰੀਆਂ ਦੀ ਸ਼ਕਤੀ ਵਧਦੀ ਗਈ ਅਤੇ ਹਰ ਮਾਮਲੇ ਵਿੱਚ ਉਨ੍ਹਾਂ ਦੇ ਆਦੇਸ਼ਾਂ ਨੂੰ ਮੰਨਣਾ ਲਾਜ਼ਮੀ ਹੋ ਗਿਆ। ਤਰਕ ਨਾਲ ਸੋਚਣ ਅਤੇ ਬਹਿਸ-ਵਿਚਾਰ ਰਾਹੀਂ ਮਸਲਿਆਂ ਦਾ ਹੱਲ ਲੱਭਣ ਦੀ ਬਜਾਏ ਧਾਰਮਿਕ ਗ੍ਰੰਥਾਂ ਵਿੱਚ ਲਿਖੇ ਹੋਏ ਨੂੰ ਹੀ ਹਰ ਮਾਮਲੇ ਵਿੱਚ ਅੰਤਿਮ ਸੱਚ ਮੰਨਿਆ ਜਾਣ ਲੱਗਾ। ਲਗਭਗ ਇੱਕ ਹਜ਼ਾਰ ਸਾਲ ਲਈ ਸਮੁੱਚਾ ਯੌਰਪ ਹਨੇਰ੍ਹੇ ਵਿੱਚ ਡੁੱਬ ਗਿਆ। ਇਹ ਵੱਖਰੀ ਗੱਲ ਹੈ ਕਿ ਮਨੁੱਖੀ ਵਿਕਾਸ ਨੂੰ ਸਦਾ ਲਈ ਰੋਕਿਆ ਨਹੀਂ ਜਾ ਸਕਿਆ। ਪੰਦਰਵੀਂ ਸਦੀ ਤੋਂ ਮਨੁੱਖਤਾ ਫਿਰ ਧਰਮ ਦੀ ਜਕੜਬੰਦੀ ਵਿੱਚੋਂ ਆਜ਼ਾਦ ਹੋਣ ਲਈ ਅੰਗੜਾਈਆਂ ਭਰਨ ਲੱਗੀ ਅਤੇ ਇਸੇ ਯੌਰਪ ਵਿੱਚੋਂ ਹੀ ਫਿਰ ਆਧੁਨਿਕ ਵਿਗਿਆਨ ਦੀ ਤਰੱਕੀ ਸ਼ੁਰੂ ਹੋਈ। ਪੰਦਰਵੀਂ ਸਦੀ ਤੋਂ ਲੈ ਕੇ 17ਵੀਂ ਸਦੀ ਤੱਕ ਪੁਨਰ-ਜਾਗਰਣ (Renaissance) ਦਾ ਦੌਰ ਚੱਲਿਆ ਜਿਸ ਵਿੱਚ ਗਿਆਨ-ਵਿਗਿਆਨ ਅਤੇ ਤਰਕ-ਵਿਤਰਕ ਪਰੰਪਰਾ ਨੂੰ ਮੁੜ ਸੁਰਜੀਤ ਕੀਤਾ ਗਿਆ। ਇਸ ਪੁਨਰ-ਜਾਗਰਣ ਦੌਰਾਨ ਕੀਤੀ ਵਿਗਿਆਨਕ ਤਰੱਕੀ ਨਾਲ 18ਵੀਂ ਸਦੀ ਵਿੱਚ ਯੌਰਪ ਗਿਆਨ

(Enlightenment) ਦੇ ਦੌਰ ਵਿੱਚ ਪਹੁੰਚਦਾ ਹੈ। ਇਸ ਨੂੰ ਤਰਕ ਦਾ ਯੁੱਗ (Age of Reason) ਵੀ ਕਿਹਾ ਜਾਂਦਾ ਹੈ ਕਿਉਂਕਿ ਮਨੁੱਖ ਹੁਣ ਰੂੜ੍ਹੀਵਾਦੀ ਧਾਰਨਾਵਾਂ ਅਤੇ ਧਾਰਮਿਕ ਮਾਨਤਾਵਾਂ ਉੱਤੇ ਸਵਾਲ ਕਰਨ ਲੱਗ ਪਿਆ ਸੀ ਜਿਨ੍ਹਾਂ ਦੇ ਉਹ ਤਰਕ ਆਧਾਰਿਤ ਜਵਾਬ ਚਾਹੁੰਦਾ ਸੀ। ਇਸ ਰਾਹ ’ਤੇ ਪੈਣ ਨਾਲ ਯੌਰਪੀ ਦੇਸ਼ਾਂ ਦੀ ਜੋ ਤਰੱਕੀ ਹੋਈ, ਉਸ ਤੋਂ ਅਸੀਂ ਸਾਰੇ ਜਾਣੂ ਹੀ ਹਾਂ।

ਪਾਠਕ ਪੁੱਛ ਸਕਦੇ ਹਨ ਕਿ ਯੌਰਪ ਦਾ ਇਹ ਇਤਿਹਾਸ ਦੱਸਣ ਦਾ ਮਕਸਦ ਕੀ ਹੈ? ਸਾਡਾ ਇਸ ਗੱਲ ਨਾਲ ਕੀ ਸਬੰਧ ਹੈ?

ਅਸੀਂ ਇਤਿਹਾਸ ਤੋਂ ਸਬਕ ਲੈਣੇ ਹੁੰਦੇ ਹਨ, ਪਹਿਲੀਆਂ ਪੀੜ੍ਹੀਆਂ ਨੇ ਜੋ ਗਲਤੀਆਂ ਕੀਤੀਆਂ ਹਨ, ਉਨ੍ਹਾਂ ਤੋਂ ਬਚਣਾ ਹੁੰਦਾ ਹੈ। ਜੋ ਕੁੱਝ ਚੌਥੀ ਸਦੀ ਵਿੱਚ ਹੋਇਆ, ਉਹ ਸਾਡੇ ਦੇਸ਼ ਵਿੱਚ ਅੱਜ ਹੋ ਰਿਹਾ ਹੈ। ਜਿਵੇਂ ਉਸ ਦੌਰ ਵਿੱਚ ਗੁਲਾਮਦਾਰੀ ਪ੍ਰਬੰਧ ਕਾਰਨ ਆਮ ਲੋਕਾਂ ਵਿੱਚ ਬੇਚੈਨੀ ਸੀ, ਉਸੇ ਤਰ੍ਹਾਂ ਸਾਡੇ ਕਾਰਪੋਰੇਟ ਜਗਤ ਦੀ ਲੁੱਟ ਨੇ ਆਮ ਲੋਕਾਂ ਦਾ ਜਿਉਣਾ ਦੁੱਭਰ ਕੀਤਾ ਹੋਇਆ ਹੈ। ਜਿਵੇਂ ਗੁਲਾਮਾਂ ਦੀ ਬੇਚੈਨੀ ਦਾ ਲਾਹਾ ਲੈ ਕੇ ਈਸਾਈ ਧਰਮ ਤਾਕਤ ਹਾਸਲ ਕਰ ਗਿਆ, ਉਵੇਂ ਸਾਡੇ ਲੋਕਾਂ ਦੀ ਬੇਚੈਨੀ ਦਾ ਲਾਹਾ ਲੈ ਕੇ ਧਰਮ ਆਧਾਰਿਤ ਸਿਆਸਤ ਕਰਨ ਵਾਲੇ ਲੋਕ ਸੱਤਾ ਉੱਤੇ ਕਾਬਜ਼ ਹੋ ਗਏ ਹਨ। ਜਿਹੜੇ ਲੋਕ ਪਹਿਲਾਂ ਧਰਮ ਨੂੰ ਰਾਜਨੀਤੀ ਲਈ ਲੁਕਵੇਂ ਰੂਪ ਵਿੱਚ ਵਰਤਦੇ ਸਨ, ਉਹ ਵੀ ਖੁੱਲ੍ਹ ਕੇ ਧਰਮ ਆਧਾਰਿਤ ਸਿਆਸਤ ਕਰਨ ਲੱਗੇ ਹਨ। ਧਰਮ ਆਧਾਰਿਤ ਸੋਚ ਨੂੰ ਵਿਗਿਆਨਕ ਸੋਚ ਤੋਂ ਹਮੇਸ਼ਾ ਖਤਰਾ ਲੱਗਿਆ ਰਹਿੰਦਾ ਹੈ ਇਸ ਲਈ ਵਿਗਿਆਨਕ ਵਿਚਾਰਾਂ ਨੂੰ ਦਬਾਉਣ ਲਈ ਉਹ ਹਰ ਸੰਭਵ ਕੋਸ਼ਿਸ਼ ਕਰਦੇ ਹਨ। ਅੱਜ ਜਿਸ ਤਰ੍ਹਾਂ ਵਿਗਿਆਨਕ ਵਿਚਾਰਾਂ ਨੂੰ ਦਬਾ ਕੇ ਧਾਰਮਿਕ ਕੱਟੜਤਾ ਅਤੇ ਰੂੜ੍ਹੀਵਾਦੀ ਸੋਚ ਨੂੰ ਪ੍ਰਚਾਰਿਆ ਜਾ ਰਿਹਾ ਹੈ ਇਸ ਦੀਆਂ ਉਦਾਹਰਣਾਂ ਦੇਣ ਦੀ ਲੋੜ ਨਹੀਂ ਹੈ, ‘ਤਰਕਸ਼ੀਲ’ ਦੇ ਪਾਠਕ ਇਸ ਤੋਂ ਭਲੀਭਾਂਤ ਜਾਣੂ ਹੀ ਹਨ।

ਉੱਪਰ ਵਰਣਨ ਕੀਤੇ ਵਰਤਾਰੇ ਤੋਂ ਪਤਾ ਚਲਦਾ ਹੈ ਕਿ ਵਿਗਿਆਨ ਦਾ ਵਿਕਾਸ ਕੇਵਲ ਵਿਗਿਆਨਕ ਖੋਜਾਂ ਉੱਤੇ ਹੀ ਨਿਰਭਰ ਨਹੀਂ ਹੁੰਦਾ ਇਸ ਲਈ ਉਸ ਦੇ ਅਨੁਕੂਲ ਸਮਾਜਿਕ ਅਤੇ ਰਾਜਸੀ ਸਿਸਟਮ ਉਸਾਰਨਾ ਵੀ ਜਰੂਰੀ ਹੁੰਦਾ ਹੈ। ਜੇ ਅਜਿਹਾ ਨਹੀਂ ਹੁੰਦਾ ਤਾਂ ਵਿਗਿਆਨਕ ਖੋਜਾਂ ਨੂੰ ਮਨੁੱਖ ਵਿਰੋਧੀ ਕਾਰਜਾਂ ਲਈ ਵਰਤਿਆ ਜਾਵੇਗਾ ਅਤੇ ਫਿਰ ਇਸ ਬਹਾਨੇ ਵਿਗਿਆਨਕ ਸੋਚ ਉੱਤੇ ਹਮਲੇ ਕੀਤੇ ਜਾਣਗੇ - ਜਿਵੇਂ ਕਿ ਹੁਣ ਕੀਤੇ ਜਾ ਰਹੇ ਹਨ।

ਅੱਜ ਵਿਗਿਆਨ ਉੱਤੇ ਇਹ ਹਮਲਾ ਕਈ ਢੰਗਾਂ ਨਾਲ ਕੀਤਾ ਜਾ ਰਿਹਾ ਹੈ। ਇੱਕ ਪਾਸੇ ਆਧੁਨਿਕ ਵਿਗਿਆਨਕ ਖੋਜਾਂ ਦੇ ਮਹੱਤਵ ਨੂੰ ਘਟਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਇਹ ਕਿਹਾ ਜਾ ਰਿਹਾ ਹੈ ਕਿ ਵਿਗਿਆਨ ਨੇ ਮਨੁੱਖ ਦਾ ਫਾਇਦਾ ਕਰਨ ਦੀ ਬਜਾਏ ਨੁਕਸਾਨ ਹੀ ਵੱਧ ਕੀਤਾ ਹੈ। ਦੂਸਰੇ ਪਾਸੇ ਇਹ ਕਿਹਾ ਜਾ ਰਿਹਾ ਹੈ ਕਿ ਇਹ ਖੋਜਾਂ ਤਾਂ ਸਾਡੇ ਵਡੇਰਿਆਂ ਨੇ ਪਹਿਲਾਂ ਹੀ ਕਰ ਲਈਆਂ ਸਨ। ਤੀਸਰਾ, ਉਪਗ੍ਰਹਿ ਛੱਡਣ ਵਰਗੇ ਵਿਗਿਆਨਕ ਕਾਰਜ ਕਰਨ ਸਮੇਂ ਧਾਰਮਿਕ ਰਸਮਾਂ ਕਰਕੇ ਵਿਗਿਆਨਕ ਵਿਧੀ ਉੱਤੇ ਧਰਮ ਦਾ ਗਲਬਾ ਬਣਾਇਆ ਜਾ ਰਿਹਾ ਹੈ। ਚੌਥਾ ਇਹ ਕਿ ਬੇ-ਸਿਰਪੈਰ ਦੀਆਂ ਧਾਰਨਾਵਾਂ ਨੂੰ ਵਿਗਿਆਨਕ ਕਹਿ ਕੇ ਇੱਕ ਨਕਲੀ ਵਿਗਿਆਨ ਖੜ੍ਹਾ ਕੀਤਾ ਜਾ ਰਿਹਾ ਹੈ। ਵਿਗਿਆਨਕ ਕਾਢਾਂ ਨਾਲ ਪੈਦਾ ਹੋਏ ਪ੍ਰਚਾਰ ਸਾਧਨਾਂ ਦੀ ਭਰਪੂਰ ਵਰਤੋਂ ਕਰਦੇ ਹੋਏ ਉਹ ਆਮ ਲੋਕਾਂ ਦੇ ਮਨਾਂ ਵਿੱਚ ਇਹ ਗੈਰ-ਵਿਗਿਆਨਕ ਧਾਰਨਾਵਾਂ ਬਿਠਾਉਣ ਵਿੱਚ ਸਫ਼ਲ ਵੀ ਹੋ ਰਹੇ ਹਨ।

ਇਸ ਦਾ ਸਭ ਤੋਂ ਅਫਸੋਸਨਾਕ ਪਹਿਲੂ ਇਹ ਹੈ ਕਿ ਬਹੁਤ ਸਾਰੇ ਅਗਾਂਹਵਧੂ ਵਿਅਕਤੀ ਵੀ ਇਸ ਝੂਠੇ ਪ੍ਰਚਾਰ ਦਾ ਸ਼ਿਕਾਰ ਹੋ ਰਹੇ ਹਨ। ਅਗਾਂਹਵਧੂ ਲਹਿਰ ਨਾਲ ਸਬੰਧਿਤ ਰਿਹਾ ਇੱਕ ਡਾਕਟਰ ਸੋਸ਼ਲ ਮੀਡੀਆ ਉੱਤੇ ਗਊ ਦੇ ਗੋਹੇ ਵਿੱਚ ਚੂਨਾ ਮਿਲਾਕੇ ਬਣਾਏ ਵੈਦਿਕ ਸੀਮਿੰਟ ਦੀਆਂ ਪੋਸਟਾਂ ਸਾਂਝੀਆਂ ਕਰ ਰਿਹਾ ਹੈ। ਇੱਕ ਹੋਰ ਸਾਬਕਾ ਕ੍ਰਾਂਤੀਕਾਰੀ ਗਊ-ਮੂਤ ਵਿੱਚ ਗਊ ਦਾ ਗੋਹਾ ਮਿਲਾ ਕੇ ਬਣਾਏ ਕਥਿਤ ਜੀਵ-ਅੰਮ੍ਰਿਤ ਨਾਲ ਖੇਤੀ ਪੈਦਾਵਾਰ ਵਧਾਉਣ ਦੇ ਦਾਅਵੇ ਕਰ ਰਿਹਾ ਹੈ। ਇੱਕ ਅਗਾਂਹਵਧੂ ਸੰਪਾਦਕ ਯੋਗ ਅਤੇ ਨੇਚਰੋਪੈਥੀ ਦੀ ਆਲੋਚਨਾ ਤੋਂ ਨਾਰਾਜ ਹੋ ਗਿਆ ਹੈ। ਬਹੁਤ ਸਾਰੇ ਪੜ੍ਹੇ ਲਿਖੇ ਹੋਰ ਲੋਕ ਵੀ ਇਸ ਜਾਅਲੀ ਵਿਗਿਆਨ ਦੇ ਪ੍ਰਚਾਰ ਦੇ ਸ਼ਿਕਾਰ ਹੋ ਰਹੇ ਹਨ।

ਅਗਲਾ ਸਵਾਲ ਇੱਥੇ ਇਹ ਖੜ੍ਹਾ ਹੁੰਦਾ ਹੈ ਕਿ ਇਸ ਵਿਗਿਆਨਕ ਦੌਰ ਵਿੱਚ ਵੀ ਅਜਿਹਾ ਗੈਰ-ਵਿਗਿਆਨਕ ਪ੍ਰਚਾਰ ਕਾਟ ਕਿਉਂ ਕਰ ਰਿਹਾ ਹੈ?

ਇਸ ਦਾ ਸਭ ਤੋਂ ਬੁਨਿਆਦੀ ਕਾਰਣ ਹੈ ਕਿ ਅੱਜ ਵਿਗਿਆਨ ਨੂੰ ਮਨੁੱਖੀ ਜ਼ਿੰਦਗੀ ਨੂੰ ਵਧੀਆ ਬਨਾਉਣ ਦੀ ਬਜਾਏ ਸਾਧਨਾਂ ਉੱਤੇ ਕਾਬਜ ਲੋਕਾਂ ਵੱਲੋਂ ਇਸ ਨੂੰ ਮੁਨਾਫ਼ਾ ਕਮਾਉਣ ਲਈ ਵਰਤਿਆ ਜਾ ਰਿਹਾ ਹੈ। ਵਿਗਿਆਨ ਦੀ ਇਸ ਮੁਨਾਫ਼ੇ ਵਾਲੀ ਵਰਤੋਂ ਵਿਚੋਂ ਹੀ ਵਾਤਾਵਰਣ ਦੀ ਤਬਾਹੀ, ਕੁਦਰਤੀ ਸਾਧਨਾਂ ਦਾ ਖਾਤਮਾ, ਅਮੀਰੀ-ਗਰੀਬੀ ਦਾ ਪਾੜਾ ਵਧਣਾ, ਮਨੁੱਖ ਵੱਲੋਂ ਤਕਨਾਲੋਜੀ ਦਾ ਮਾਲਕ ਹੋਣ ਦੀ ਬਜਾਏ ਉਸਦਾ ਗੁਲਾਮ ਹੋ ਜਾਣਾ, ਜੀਵਨ ਜਾਚ ਸਹਿਜ ਅਤੇ ਸਿਰਜਣਾਤਮਿਕ ਹੋਣ ਦੀ ਬਜਾਏ ਮਸ਼ੀਨੀ ਢੰਗ ਦੀ ਹੋ ਜਾਣੀ,

ਜੰਗਾਂ ਦੀ ਮਾਰੂ ਸਮਰੱਥਾ ਵਧ ਜਾਣੀ ਆਦਿ ਵਿਗਾੜ ਪੈਦਾ ਹੋ ਰਹੇ ਹਨ। ਵਿਗਿਆਨ ਵਿਰੋਧੀ ਸੋਚ ਵਾਲੇ ਲੋਕਾਂ ਵੱਲੋਂ ਇਨ੍ਹਾਂ ਵਿਗਾੜਾਂ ਨੂੰ ਮੁਨਾਫ਼ਾ ਆਧਾਰਿਤ ਪ੍ਰਬੰਧ ਦਾ ਸਿੱਟਾ ਮੰਨਣ ਦੀ ਬਜਾਏ ਇਨ੍ਹਾਂ ਨੂੰ ਵਿਗਿਆਨ ਦੀ ਦੇਣ ਕਹਿ ਕੇ ਵਿਗਿਆਨ ਦਾ ਵਿਰੋਧ ਕਰਨ ਲਈ ਵਰਤਿਆ ਜਾ ਰਿਹਾ ਹੈ। ਉਹ ਖ਼ੁਦ ਵਿਗਿਆਨ ਦੀਆਂ ਸਾਰੀਆਂ ਸੁਖ ਸਹੂਲਤਾਂ ਦੀ ਵਰਤੋਂ ਕਰਦੇ ਹਨ ਪਰ ਸੋਚ ਦੇ ਪੱਧਰ ਉੱਤੇ ਵਿਗਿਆਨਕ ਤਰੱਕੀ ਦੀ ਨਿੰਦਾ ਕਰਦੇ ਹਨ। ਅਸਲ ਵਿੱਚ ਵਿਗਿਆਨਕ ਖੋਜਾਂ/ਕਾਢਾਂ ਨਾਲ ਜੋ ਵਿਗਿਆਨਕ ਸੋਚ ਜੁੜੀ ਹੁੰਦੀ ਹੈ ਉਹ ਉਸ ਸੋਚ ਦੇ ਫੈਲਣ ਤੋਂ ਡਰਦੇ ਹਨ। ਵਿਗਿਆਨਕ ਤਰੱਕੀ ਨਾਲ ਰੂੜ੍ਹੀਵਾਦੀ ਪਰੰਪਰਾਵਾਂ ਟੁਟਦੀਆਂ ਹਨ, ਰਹੱਸਮਈ ਜਾਪਦੇ ਵਰਤਾਰਿਆਂ ਦਾ ਸੱਚ ਸਾਹਮਣੇ ਆਉਂਦਾ ਹੈ ਜਿਸ ਨਾਲ ਉਨ੍ਹਾਂ ਦੇ ਦਬਦਬੇ ਨੂੰ ਖਤਰਾ ਖੜ੍ਹਾ ਹੁੰਦਾ ਹੈ।

ਅੱਜ ਮਨੁੱਖਤਾ ਜਿਸ ਪੜਾਅ 'ਤੇ ਪਹੁੰਚ ਚੁੱਕੀ ਹੈ ਅਤੇ ਵਿਗਿਆਨ ਜਿਸ ਤਰ੍ਹਾਂ ਰੋਜ਼ਾਨਾ ਜੀਵਨ ਦਾ ਅੰਗ ਬਣ ਗਿਆ ਹੈ ਉਸ ਕਾਰਣ ਵਿਗਿਆਨ ਵਿਰੋਧੀ ਸੋਚ ਦਾ ਇਹ ਦੌਰ ਲੰਮਾ ਸਮਾਂ ਤਾਂ ਨਹੀਂ ਚੱਲ ਸਕਣਾ ਪਰ ਇਸ ਦੌਰ ਵਿੱਚ ਵਿਗਿਆਨ ਦੀ ਲਾਟ ਨੂੰ ਜਗਦੀ ਰੱਖਣਾ ਜ਼ਰੂਰੀ ਹੈ। ਵਿਗਿਆਨ ਦੀ ਲਾਟ ਜਗਦੀ ਰੱਖਣ ਲਈ ਸਾਨੂੰ ਇਹ ਸਮਝਣਾ ਜ਼ਰੂਰੀ ਹੈ ਕਿ ਜੀਵਨ ਦੇ ਵੱਖ ਵੱਖ ਖੇਤਰਾਂ ਵਿੱਚ ਵਿਗਿਆਨ ਨੇ ਮਨੁੱਖ ਨੂੰ ਕੀ ਦਿੱਤਾ ਹੈ? ਵਿਗਿਆਨ ਅਤੇ ਤਕਨਾਲੋਜੀ ਵਿੱਚ ਕੀ ਸਬੰਧ ਹੈ? ਤਕਨਾਲੋਜੀ ਦੀ ਦੁਰਵਰਤੋਂ ਨਾਲ ਜੋ ਨਵੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ ਉਨ੍ਹਾਂ ਲਈ ਜ਼ਿੰਮੇਵਾਰ ਕੌਣ ਹੈ?

ਕਿਸੇ ਚੀਜ਼ ਦੀ ਵਰਤੋਂ ਅਤੇ ਦੁਰਵਰਤੋਂ ਬਾਰੇ ਅੱਗ ਦੀ ਉਦਾਹਰਣ ਤੋਂ ਸਮਝਿਆ ਜਾ ਸਕਦਾ ਹੈ। ਵਿਗਿਆਨ ਦੀ ਪਹਿਲੀ ਖੋਜ ਅੱਗ ਨੂੰ ਮੰਨਿਆ ਜਾਂਦਾ ਹੈ। ਜਦ ਆਦਿ-ਮਨੁੱਖ ਅੱਗ ਬਾਲਣੀ ਸਿੱਖ ਗਿਆ ਤਾਂ ਉਸ ਦੇ ਹੱਥ ਵਿੱਚ ਵੱਡੀ ਤਾਕਤ ਆ ਗਈ, ਅੱਗ ਤੋਂ ਡਰ ਕੇ ਜੰਗਲੀ ਜਾਨਵਰ ਉਸ ਤੋਂ ਦੂਰ ਰਹਿਣ ਲੱਗੇ, ਉਸ ਦਾ ਸਰਦੀ ਤੋਂ ਬਚਾਅ ਹੋਣ ਲੱਗਾ, ਹਨੇਰੇ ਵਿੱਚ ਚਾਨਣ ਕਰਨ ਦੇ ਸਮਰੱਥ ਹੋ ਗਿਆ, ਭੋਜਨ ਪਕਾ ਕੇ ਖਾਣ ਨਾਲ ਭੋਜਨ ਛੇਤੀ ਹਜ਼ਮ ਹੋਣ ਲੱਗਾ ਅਤੇ ਹੋਰ ਐਨੇ ਲਾਭ ਹੋਏ ਕਿ ਉਸ ਦਾ ਜੀਵਨ ਪੂਰੀ ਤਰ੍ਹਾਂ ਹੀ ਬਦਲ ਗਿਆ। ਪਰ ਉਹ ਇਸ ਅੱਗ ਨਾਲ ਜੰਗਲ ਵੀ ਸਾੜ ਬੈਠਦਾ ਸੀ। ਬਾਅਦ ਵਿੱਚ ਉਹ ਇਸ ਅੱਗ ਨਾਲ ਦੁਸ਼ਮਣਾਂ ਦੇ ਘਰ ਵੀ ਸਾੜਨ ਲੱਗ ਪਿਆ। ਪਰ ਇਸ ਦਾ ਅਰਥ ਇਹ ਨਹੀਂ ਬਣਦਾ ਸੀ ਕਿ ਮਨੁੱਖ ਅੱਗ ਬਾਲਣੀ ਹੀ ਛੱਡ ਦੇਵੇ।

ਇਸ ਗੱਲ ਬਾਰੇ ਵੀ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਦੁਰਵਰਤੋਂ ਕੇਵਲ ਤਕਨਾਲੋਜੀ ਦੀ ਹੀ ਨਹੀਂ ਹੁੰਦੀ ਹੋਰ ਮਨੁੱਖੀ ਵਰਤਾਰਿਆਂ ਦੀ ਵੀ ਹੁੰਦੀ ਹੈ; ਸਿਆਸਤ ਦੀ ਦੁਰਵਰਤੋਂ ਨਾਲ ਲੱਖਾਂ ਮਨੁੱਖਾਂ ਦੀ ਜ਼ਿੰਦਗੀ ਘਟੀਆ ਬਣਾ ਕੇ ਰੱਖੀ ਜਾਂਦੀ ਹੈ, ਸਭਿਆਚਾਰਕ ਰੀਤੀ ਰਿਵਾਜਾਂ ਦੀ ਦੁਰਵਰਤੋਂ ਨਾਲ ਮਨੁੱਖਾਂ ਦੀਆਂ ਇਛਾਵਾਂ ਅਤੇ ਭਾਵਨਾਵਾਂ ਦਾ ਕਤਲ ਕੀਤਾ ਜਾਂਦਾ ਹੈ ਅਤੇ ਬਹੁਤ ਵਾਰ ਸਰੀਰਕ ਕਤਲ ਵੀ ਕਰ ਦਿੱਤਾ ਜਾਂਦਾ ਹੈ, ਹੋਰ ਵੀ ਅਨੇਕਾਂ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ। ਪਰ ਇਨ੍ਹਾਂ ਮਾਮਲਿਆਂ ਵਿੱਚ ਇਨ੍ਹਾਂ ਵਰਤਾਰਿਆਂ ਦੀ ਗਲਤ ਵਰਤੋਂ ਦੇ ਖਿਲਾਫ਼ ਬੋਲਿਆ ਜਾਂਦਾ ਹੈ ਜਦ ਕਿ ਵਿਗਿਆਨ ਅਤੇ ਤਕਨਾਲੋਜੀ ਦੀ ਦੁਰਵਰਤੋਂ ਖਤਮ ਕਰਨ ਦੀ ਬਜਾਏ ਵਿਗਿਆਨ ਅਤੇ ਤਕਨਾਲੋਜੀ ਨੂੰ ਹੀ ਨਿੰਦਿਆ ਜਾਂਦਾ ਹੈ।

ਇਸ ਸਾਰੇ ਮਸਲੇ ਨੂੰ ਸਕੂਲੀ ਪੜ੍ਹਾਈ ਦੌਰਾਨ ਲਿਖੇ ਜਾਂਦੇ ਲੇਖ 'ਵਿਗਿਆਨ ਦੇ ਲਾਭ-ਹਾਨ' ਵਾਲੇ ਪੱਧਰ ਉੱਤੇ ਖੜ੍ਹ ਕੇ ਨਹੀਂ ਸਮਝਿਆ ਜਾ ਸਕਦਾ। ਸੋ ਵਿਗਿਆਨ ਨੇ ਮਨੁੱਖੀ ਜ਼ਿੰਦਗੀ ਨੂੰ ਪਹਿਲਾਂ ਨਾਲੋਂ ਬਿਹਤਰ ਬਨਾਉਣ ਵਿੱਚ ਕਿਸ ਤਰ੍ਹਾਂ ਯੋਗਦਾਨ ਪਾਇਆ? ਜੋ ਨਵੀਆਂ ਮੁਸ਼ਕਿਲਾਂ ਪੈਦਾ ਹੋਈਆਂ ਉਸ ਪਿੱਛੇ ਕੀ ਕੀ ਕਾਰਣ ਕੰਮ ਕਰਦੇ ਹਨ? ਵਿਗਿਆਨਕ ਤਰੱਕੀ ਦੇ ਸਮਾਜ ਅਤੇ ਸਭਿਆਚਾਰ ਉੱਤੇ ਕੀ ਅਸਰ ਪਏ? ਹੋਰ ਵਿਗਿਆਨਕ ਤਰੱਕੀ ਨਾਲ ਮਨੁੱਖ ਕਿਹੋ ਜਿਹੀਆਂ ਪ੍ਰਾਪਤੀਆਂ ਕਰ ਸਕੇਗਾ ਅਤੇ ਉਸ ਨੂੰ ਕਿਹੋ ਜਿਹੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ? ਇਨ੍ਹਾਂ ਗੱਲਾਂ ਨੂੰ ਸਮਝਣ ਲਈ 'ਤਰਕਸ਼ੀਲ' ਦੇ ਪਾਠਕਾਂ ਲਈ ਇੱਕ ਲੇਖ ਲੜੀ ਸ਼ੁਰੂ ਕੀਤੀ ਜਾ ਰਹੀ ਹੈ ਜਿਸ ਵਿੱਚ ਮਨੁੱਖੀ ਜ਼ਿੰਦਗੀ ਅਤੇ ਸਮਾਜ ਦੇ ਵੱਖ ਵੱਖ ਖੇਤਰਾਂ ਵਿੱਚ ਵਿਗਿਆਨ ਦੇ ਯੋਗਦਾਨ, ਨਵੀਆਂ ਸੰਭਾਵਨਾਵਾਂ ਅਤੇ ਚੁਣੌਤੀਆਂ ਬਾਰੇ ਚਰਚਾ ਕੀਤੀ ਜਾਵੇਗੀ। ਅਗਲੇ ਅੰਕ ਵਿੱਚ 'ਵਿਗਿਆਨ ਅਤੇ ਮਨੁੱਖੀ ਸਿਹਤ' ਦੇ ਵਿਸ਼ੇ ਉੱਪਰ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਜਾਵੇਗੀ।

**98767 10809**

---

*ਸਫਾ 5 ਦਾ ਬਾਕੀ ...*

ਵਾਲਾ ਵਿਅਕਤੀ ਹੈ। ਉਸ ਕੋਲ ਪੈਸੇ ਅਤੇ ਤਾਕਤ ਦੇ ਜ਼ੋਰ ਨਾਲ ਮਿਲਦੇ ਮਾਣ-ਸਨਮਾਨ ਦੇ ਨਾਲ-ਨਾਲ ਆਪਣੇ ਆਪ ਨੂੰ ਬਚਾਉਣ ਦੇ ਹੋਰ ਹਜ਼ਾਰਾਂ ਵਸੀਲੇ ਹਨ। ਸਾਰੀਆਂ ਸਿਆਸੀ ਪਾਰਟੀਆਂ, ਜਮਹੂਰੀ ਤਾਕਤਾਂ ਅਤੇ ਜਮਹੂਰੀ ਹੱਕਾਂ ਲਈ ਲੜਨ ਵਾਲੇ ਕਾਨੂੰਨਦਾਨਾਂ ਨੂੰ ਇਸ ਵਿਦਿਆਰਥਣ ਦੀ ਹਮਾਇਤ ਵਿੱਚ ਅੱਗੇ ਆਉਣਾ ਚਾਹੀਦਾ ਹੈ ਜਿਸ ਨੇ ਇਹੋ ਜਿਹੇ ਸ਼ਕਤੀਸ਼ਾਲੀ ਵਿਅਕਤੀ ਵਿਰੁੱਧ ਆਵਾਜ਼ ਉਠਾਉਣ ਦੀ ਦਲੇਰੀ ਵਿਖਾਈ ਹੈ।

ਸੰਪਾਦਕ (ਪੰਜਾਬੀ ਟ੍ਰਿਬਿਊਨ)



*ਮੁਲਾਕਾਤ*

# "ਮੈਨੂੰ ਲੱਗਦਾ ਹੈ ਕਿ ਫਾਸ਼ੀਵਾਦ ਇੱਕ ਦਿਨ ਮੁਲਕ ਵਿੱਚੋਂ ਲਾਜ਼ਮੀ ਖ਼ਤਮ ਹੋਵੇਗਾ ਤੇ ਮੇਰਾ ਕੰਮ ਉਸ ਦਿਨ ਨੂੰ ਛੇਤੀ ਲਿਆਉਣਾ ਹੈ" : ਅਨੰਦ ਪਟਵਰਦਨ

*ਫਿਲਮਕਾਰ ਆਨੰਦ ਪਟਵਰਧਨ ਨਾਲ ਮੁਲਾਕਾਤ ਦਾ ਚੋਣਵਾਂ ਹਿੱਸਾ। ਇਹ ਮੁਲਾਕਾਤ ਅੰਗਰੇਜ਼ੀ ਰਸਾਲੇ 'ਫਰੰਟਲਾਈਨ' ਤੋਂ ਲਈ ਗਈ ਹੈ। ਪਟਵਰਧਨ ਦੀ ਤਾਜ਼ਾ ਦਸਤਾਵੇਜ਼ੀ ਫਿਲਮ 'ਤਰਕ' ਪਿੱਛੇ ਜਿਹੇ ਯੂ-ਟਿਊਬ 'ਤੇ ਪਾਈ ਗਈ ਹੈ। ਇਸ ਫਿਲਮ 'ਤੇ ਮੋਦੀ ਸਰਕਾਰ ਵੱਲੋਂ ਰੋਕਾਂ ਡਾਹੁਣ ਦੀ ਵੀ ਕੋਸ਼ਿਸ਼ ਕੀਤੀ ਗਈ ਹੈ।*

**? ਤੁਹਾਡੀ ਨਵੀਂ ਦਸਤਾਵੇਜ਼ੀ ਫਿਲਮ 'ਤਰਕ' ਇੱਕ ਬੇਚੈਨ ਕਰ ਦੇਣ ਵਾਲੀ ਫਿਲਮ ਹੈ। ਪਿੱਛੇ ਜਿਹੇ ਕੇਰਲਾ ਵਿੱਚ ਇਸ ਦੀ ਸਕਰੀਨਿੰਗ ਕਰਾਉਣ ਲਈ ਅਦਾਲਤ ਦਾ ਬੂਹਾ ਖੜਕਾਉਣਾ ਪਿਆ। ਤੁਸੀਂ ਇਸ ਨੂੰ ਕਿਵੇਂ ਲੈਂਦੇ ਹੋ ?**

– ਇਹ ਸਮਝਣਾ ਸੌਖਾ ਹੀ ਹੈ। ਉਹ ਗੈਰ-ਜਮਹੂਰੀ, ਬਹੁ-ਗਿਣਤੀ ਤਾਕਤਾਂ ਜਿਹਨਾਂ ਦੇ ਅਤੀਤ ਅਤੇ ਅੱਜ ਦੇ ਕਾਰਿਆਂ ਬਾਰੇ ਇਹ ਫਿਲਮ ਬਣੀ ਹੈ, ਉਹ ਅੱਜ ਸਿਰਫ਼ ਸੱਤਾ 'ਤੇ ਕਾਬਜ਼ ਨਹੀਂ ਸਗੋਂ ਹਰ ਅਦਾਰੇ ਅੰਦਰ ਘੁਸੇ ਹੋਏ ਹਨ। ਸਾਡੇ ਢਾਂਚੇ ਵਿੱਚ ਕੋਈ ਜੁਆਬਦੇਹੀ ਨਹੀਂ ਬਚੀ, ਬਸ ਕੁੱਝ ਝੀਥਾਂ ਹੀ ਨੇ ਜਿਹਨਾਂ ਨੂੰ ਵਕਤੀ ਤੌਰ 'ਤੇ ਅਸੀਂ ਉਦੋਂ ਤੱਕ ਵਰਤ ਸਕਦੇ ਹਾਂ ਜਦੋਂ ਤੱਕ ਇਹਨਾਂ ਨੂੰ ਸੀਲਬੰਦ ਨਹੀਂ ਕਰ ਦਿੱਤਾ ਜਾਂਦਾ।

**? ਹਿੰਦੂਤਵ ਦੀ ਇਹ ਲਹਿਰ ਬੀਤੇ ਦੇ ਨਾਇਕਾਂ ਨੂੰ ਬਹੁਤ ਚੋਣਵੇਂ ਢੰਗ ਨਾਲ ਉਭਾਰਦੀ ਹੈ। ਮਿਸਾਲ ਦੇ ਤੌਰ 'ਤੇ ਇਹ ਸ਼ਿਵਾਜੀ, ਸਾਵਰਕਰ, ਗੋਲਵਾਲਕਰ ਅਤੇ ਹੇਡਗੇਵਾਰ ਦੀ ਗੱਲ ਤਾਂ ਕਰਦੀ ਹੈ ਪਰ ਗੁਪਤ ਕਾਲ ਦੇ ਰਾਜਿਆਂ ਜਾਂ ਮਹਾਂਜਨਪਦ ਦੇ ਵੇਲੇ ਬਾਰੇ ਵੀ ਚੁੱਪ ਰਹਿੰਦੀ ਹੈ। ਦੂਜੇ ਬੰਨੇ, ਇਸ ਨੇ ਅਕਬਰ ਅਤੇ ਟੀਪੂ ਸੁਲਤਾਨ ਜਿਹੇ ਮੁਸਲਮਾਨ ਰਾਜਿਆਂ 'ਤੇ ਸਿਆਹੀ ਮਾਰਨੀ ਸ਼ੁਰੂ ਕਰ ਦਿੱਤੀ ਹੈ। ਇਹਨਾਂ ਸਾਰੇ ਨੁਕਤਿਆਂ ਨੂੰ ਤੁਸੀਂ ਕਿੱਦਾਂ ਜੋੜਦੇ ਹੋ ?**

– 'ਤਰਕ' ਫਿਲਮ ਵਿੱਚ ਇਤਿਹਾਸ ਦੀ ਬਹੁਲਤਾ ਬਾਰੇ ਇੱਕ ਪੂਰਾ ਪਾਠ ਹੈ। ਅੱਜ ਸ਼ਿਵਾਜੀ ਨੂੰ ਮੁਗ਼ਲ ਕਾਲ ਵੇਲੇ ਹਿੰਦੂਆਂ ਦੇ ਰਾਖੇ ਵਜੋਂ ਉਭਾਰਿਆ ਜਾ ਰਿਹਾ ਹੈ। ਕਾਮਰੇਡ ਗੋਬਿੰਦ ਪੰਸਾਰੇ ਨੇ ਸ਼ਿਵਾਜੀ ਦੀ ਫੌਜ ਵਿਚਲੇ ਸਰਬਵਿਆਪੀ ਖਾਸੇ ਨੂੰ ਉਭਾਰਦਿਆਂ ਦੱਸਿਆ ਸੀ ਕਿ ਉਸ ਫੌਜ ਵਿੱਚ ਮੁਸਲਮਾਨ ਵੀ ਸਨ ਤੇ ਇਸੇ ਤਰ੍ਹਾਂ ਸਾਹਮਣੀ ਫੌਜ ਵਿੱਚ ਵੀ ਹਿੰਦੂ ਮੌਜੂਦ ਸਨ, ਸੋ ਇਹ ਕਦੇ ਵੀ ਧਰਮ ਦਾ ਯੁੱਧ-ਖੇਤਰ ਨਹੀਂ ਸੀ। ਉਹਨਾਂ ਇਹ ਵੀ ਦਿਖਾਇਆ ਕਿ ਸ਼ਿਵਾਜੀ ਬਹੁ-ਜਾਤੀ ਕਿਸਾਨੀ ਫੌਜ ਦਾ ਨੁਮਾਇੰਦਾ ਸੀ। ਆਰ.ਐਸ.ਐਸ. ਤੇ ਸਮੁੱਚਾ ਸੰਘ ਪਰਿਵਾਰ ਇਸ ਨੂੰ ਤੋੜ-ਮਰੋੜ ਕੇ ਇਸ ਤਰ੍ਹਾਂ ਪੇਸ਼ ਕਰਨ 'ਤੇ ਗਿੱਝਿਆ ਹੋਇਆ ਹੈ ਕਿ ਇਸ ਵਿੱਚੋਂ ਉੱਚ-ਜਾਤੀ ਹਿੰਦੂਆਂ ਦੀ ਹੀ ਵਡਿਆਈ ਨਜ਼ਰ ਆਵੇ। ਇਹਨਾਂ ਨੇ ਤਾਂ ਹਲਦੀਘਾਟੀ ਦੇ ਯੁੱਧ ਨੂੰ ਵੀ ਮੁੜ ਲਿਖ ਦਿੱਤਾ ਹੈ ਤਾਂ ਜੋ ਇਹ ਦਾਅਵਾ ਕਰ ਸਕਣ ਕਿ ਖੱਤਰੀ ਜਾਤੀ ਰਾਣਾ ਪ੍ਰਤਾਪ ਨੇ ਮੁਗ਼ਲ ਰਾਜੇ ਅਕਬਰ ਨੂੰ ਹਰਾਇਆ ਸੀ।

ਪਰ ਇਤਿਹਾਸ ਨੂੰ ਪੁੱਠਾ ਗੇੜਾ ਦੇਣ ਦਾ ਕੰਮ ਇਕੱਲੀ ਆਰ.ਐਸ.ਐਸ. ਨਹੀਂ ਕਰਦੀ। ਇਹੀ ਕਾਰਜ ਪਹਿਲਾਂ ਅੰਗਰੇਜ਼ ਕਰਦੇ ਹੁੰਦੇ ਸੀ। ਯੌਰਪੀ ਪੂਰਬਵਾਦੀਆਂ (ਯੌਰਪ ਦੇ ਉਹ ਲੋਕ ਜਿਹਨਾਂ ਪੂਰਬੀ ਸਮਾਜਾਂ ਦਾ ਅਧਿਐਨ ਕੀਤਾ – ਅਨੁਵਾਦਕ) ਨੇ ਬ੍ਰਾਹਮਣਵਾਦੀ ਸੰਸਕ੍ਰਿਤ ਗ੍ਰੰਥਾਂ ਨੂੰ ਅਧਾਰ ਬਣਾਉਂਦਿਆਂ ਪੂਰਵ-ਮੱਧਕਾਲੀ ਭਾਰਤ ਨੂੰ ਇਸ ਦੇ 'ਸੁਨਹਿਰੀ ਦੌਰ' ਵਜੋਂ ਪੇਸ਼ ਕੀਤਾ। ਅੰਗਰੇਜ਼ਾਂ, ਜਿਹੜੇ ਆਪਣੀ ਫੌਜ ਵਿੱਚ ਭਾਰਤੀ ਲੋਕਾਂ ਨੂੰ ਸ਼ਾਮਲ ਕਰਨਾ ਚਾਹੁੰਦੇ ਸਨ, ਨੇ 'ਮੁਸਲਮਾਨ ਹਮਲਾਵਰਾਂ' ਖਿਲਾਫ਼ ਜੁਝਾਰੂ ਲੜਾਈ ਲੜਨ ਵਾਲੀਆਂ 'ਲੜਾਕੀਆਂ ਕੌਮਾਂ' ਦਾ ਸੰਕਲਪ ਈਜਾਦ ਕੀਤਾ। ਇਸੇ ਕਰਕੇ ਰਾਜਪੂਤ ਰਾਜੇ, ਜਿਹੜੇ ਹੁਣ ਤੱਕ ਬਹੁਤਾ ਸਮਾਂ ਇੱਕ-ਦੂਜੇ ਖਿਲਾਫ਼ ਹੀ ਲੜਦੇ ਆਏ ਸਨ, ਉਹਨਾਂ ਨੂੰ ਮੁਸਲਮਾਨ ਰਾਜ ਖਿਲਾਫ਼ ਲੜਨ ਵਾਲੇ ਯੋਧਿਆਂ ਵਜੋਂ ਪੇਸ਼ ਕੀਤਾ ਜਾਣ ਲੱਗਾ; ਆਪਣੇ ਪਤੀਆਂ ਦੀ ਅੰਤਮ ਚਿਖਾ ਵਿੱਚ ਕੁੱਦ ਕੇ ਸਤੀ ਹੋਣ ਦੇ ਪਤਨੀਆਂ ਦੇ ਕਾਰਜ ਨੂੰ 'ਸੱਚੇ ਪਿਆਰ' ਦਾ ਨਾਂ ਦੇ ਦਿੱਤਾ ਗਿਆ। ਅੰਗਰੇਜ਼ਾਂ ਤੋਂ ਮਗਰੋਂ ਇਹੀ ਅਨਿਆਂ ਭਰਿਆ ਕੰਮ ਬਾਲੀਵੁੱਡ ਨੇ ਅੱਗੇ ਤੋਰਿਆ ਜਿਵੇਂ ਕਿ ਸੰਜੇ ਲੀਲਾ ਭੰਸਾਲੀ ਦੀ ਫਿਲਮ ਪਦਮਾਵਤੀ ਵਿੱਚ ਵੇਖਦੇ ਹਾਂ।

**? ਫਿਲਮ ਵਿੱਚ ਹੇਮੰਤ ਕਰਕਰੇ ਬਾਰੇ ਵੀ ਕੁੱਝ ਹਿੱਸਾ ਹੈ। ਆਪਣੀ ਹੁਣ ਤੱਕ ਦੀ ਖੋਜ ਦੀ ਰੌਸ਼ਨੀ ਵਿੱਚ ਕੀ ਤੁਹਾਨੂੰ ਲੱਗਦਾ ਹੈ ਕਿ ਉਹਨਾਂ ਨੂੰ ਕਤਲ ਕੀਤਾ ਗਿਆ ਸੀ ? ਮੈਂ ਇਹ ਇਸ ਲਈ ਪੁੱਛ ਰਿਹਾ ਹਾਂ ਕਿਉਂਕਿ ਭਾਜਪਾ ਦੀ ਟਿਕਟ 'ਤੇ ਚੋਣਾਂ ਲੜਨ ਵਾਲੀ ਅੱਤਵਾਦ ਦੀ ਦੋਸ਼ੀ ਉਮੀਦਵਾਰ ਨੇ ਪਿਛਲੀਆਂ ਚੋਣਾਂ ਵਿੱਚ ਉਹਨਾਂ ਦੀ ਮੌਤ ਬਾਰੇ ਅਪ੍ਰਵਾਨਯੋਗ ਟਿੱਪਣੀਆਂ ਕੀਤੀਆਂ ਸਨ।**

– ਮੈਂ 26/11 ਦੇ ਹਮਲਿਆਂ ਬਾਰੇ ਕਾਫੀ ਕਿਤਾਬਾਂ ਪੜ੍ਹੀਆਂ, ਅਦਾਲਤੀ ਕਾਰਵਾਈ ਦੀਆਂ ਨਕਲਾਂ ਵੇਖੀਆਂ ਤੇ ਜਦੋਂ ਅਜੇ

ਹਮਲਾ ਚੱਲ ਰਿਹਾ ਸੀ, ਉਸ ਵੇਲੇ ਦੀਆਂ ਟੈਲੀਵਿਜ਼ਨ ਦੀਆਂ ਖ਼ਬਰਾਂ ਨਿੱਜੀ ਤੌਰ ’ਤੇ ਰਿਕਾਰਡ ਵੀ ਕੀਤੀਆਂ। ਮੈਂ ਬੇ-ਝਿਜਕ ਕਹਿ ਸਕਦਾ ਹਾਂ ਕਿ ਇਸ ਹਮਲੇ ਦਾ ਸਰਕਾਰੀ ਵਰਨਣ ਕਿਸੇ ਵੀ ਤਰ੍ਹਾਂ ਪੁੱਗਦਾ ਨਹੀਂ ਹੈ। ਅਸਲ ਵਿੱਚ ਕੀ ਵਾਪਰਿਆ ਇਸ ’ਤੇ ਸਾਫ਼ ਤੌਰ ’ਤੇ ਪਰਦਾ ਪਾਇਆ ਗਿਆ। ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰਦਾ ਕਿ ਕੋਲਾਬਾ ਅਤੇ ਨਾਰੀਮਨ ਪੁਆਇੰਟ ਇਲਾਕੇ ਦੇ ਹੋਟਲਾਂ ’ਤੇ ਪਾਕਿਸਤਾਨ ਤੋਂ ਅੱਤਵਾਦੀਆਂ ਨੇ ਹਮਲਾ ਕੀਤਾ। ਪਰ ਇਹ ਗੱਲ ਹੁਣ ਸਾਫ਼ ਨਸ਼ਰ ਹੈ ਕਿ ਅਮਰੀਕੀ ਸੂਹੀਆ ਏਜੰਸੀਆਂ ਨੇ ਉਸ ਪਾਕਿਸਤਾਨੀ ਕਿਸ਼ਤੀ ਦੀ ਐਨ ਪੁਜੀਸ਼ਨ ਬਾਰੇ ਜਾਣਕਾਰੀ ਭਾਰਤ ਨਾਲ ਸਾਂਝੀ ਕੀਤੀ ਸੀ। ਇਹ ਰਿਕਾਰਡ ਵਿੱਚ ਦਰਜ ਹੈ ਕਿ ਭਾਰਤੀ ਸੂਹੀਆ ਏਜੰਸੀ ਨੇ ਇਹ ਮਹੱਤਵਪੂਰਣ ਜਾਣਕਾਰੀ ਸਮੁੰਦਰੀ ਤੱਟ ਦੇ ਸੁਰੱਖਿਆ ਦਸਤਿਆਂ ਜਾਂ ਜਲ ਸੈਨਾ ਨਾਲ ਸਾਂਝੀ ਨਹੀਂ ਕੀਤੀ। ਸਗੋਂ, ਇੰਝ ਜਾਪਦਾ ਹੈ ਕਿ ਆਉਂਦੇ ਪਾਕਿਸਤਾਨੀ ਹਮਲੇ ਦਾ ਫ਼ਾਇਦਾ ਉਠਾਉਂਦਿਆਂ, ਹਿੰਦੂਤਵਵਾਦੀ ਅੱਤਵਾਦੀਆਂ ਵੱਲੋਂ ਦਹਿਸ਼ਤਗਰਦ ਵਿਰੋਧੀ ਦਸਤੇ ਦੇ ਮੁਖੀ ਹੇਮੰਤ ਕਰਕਰੇ ਨੂੰ ਖਤਮ ਕਰਨ ਲਈ ਮੁਤਵਾਜ਼ੀ ਹਮਲਾ ਕੀਤਾ ਗਿਆ।

ਕਰਕਰੇ ਹਿੰਦੂਤਵੀ ਅੱਤਵਾਦੀਆਂ ਦੇ ਵੱਡੇ ਗੁੱਟ ਨੂੰ ਨਸ਼ਰ ਕਰਨ ਦੇ ਨੇੜੇ ਸੀ। ਹਿੰਦੂਤਵੀ ਅੱਤਵਾਦੀਆਂ ਕੋਲੋਂ ਜ਼ਬਤ ਲੈਪਟਾਪਾਂ ਨੇ ਅਜਿਹੀਆਂ ਦਹਿਸ਼ਤੀ ਮੀਟਿੰਗਾਂ ਦੀਆਂ ਆਡੀਓ-ਵੀਡੀਓ ਰਿਕਾਰਡਿੰਗਾਂ ਜ਼ਾਹਰ ਕੀਤੀਆਂ ਸਨ ਜਿਹਨਾਂ ਵਿੱਚ ਕਈ ਵੱਡੇ ਸਿਆਸੀ ਆਗੂ, ਫੌਜ ਦੇ ਅਫ਼ਸਰ, ਬਿਲਡਰ, ਹੀਰਿਆਂ ਦੇ ਵਪਾਰੀ ਤੇ ਅਜਿਹੇ ਹੋਰ ਅਖੌਤੀ ਪਤਵੰਤੇ ਸ਼ਾਮਲ ਸਨ। ਇਹ ਅਜਿਹਾ ਜਿੰਨ ਸੀ ਜਿਹੜਾ ਜੇ ਬਾਹਰ ਨਿੱਕਲ ਜਾਂਦਾ ਤਾਂ ਬੇਕਾਬੂ ਹੋਣਾ ਸੀ। ਇਸੇ ਲਈ ਇਸ ਨੂੰ ਠੱਪ ਕਰਨਾ ਜ਼ਰੂਰੀ ਸੀ ਤੇ 26/11 ਦੇ ਹਮਲਿਆਂ ਨੇ ਇਹ ਮੌਕਾ ਦੇ ਦਿੱਤਾ। ਉਹਨਾਂ ਨਾ ਸਿਰਫ਼ ਕਰਕਰੇ ਨੂੰ ਮਾਰ ਦਿੱਤਾ ਸਗੋਂ ਸਾਰੇ ਮੁਲਕ ਦਾ ਧਿਆਨ ਹਿੰਦੂਤਵੀ ਦਹਿਸ਼ਤਗਰਦੀ ਵੱਲੋਂ ਵੀ ਲਾਂਭੇ ਕਰ ਦਿੱਤਾ।

**? ‘ਤਰਕ’ ਵਿੱਚ ਤੁਸੀਂ ਦਾਭੋਲਕਰ ਅਤੇ ਪੰਸਾਰੇ ਜਿਹੇ ਤਰਕਸ਼ੀਲਾਂ ਦੀ ਵੀ ਗੱਲ ਕਰਦੇ ਹੋ। ਅਜਿਹੇ ਸਮੇਂ ਵਿੱਚ ਵਿਗਿਆਨ ਅਤੇ ਤਰਕ ਦੀ ਗੱਲ ਕਰਨਾ ਕਿੰਨਾ ਕੁ ਵੱਡਾ ਜ਼ੋਖਮ ਉਠਾਉਣਾ ਹੈ ਜਦ ਮੁਲਕ ਦਾ ਪ੍ਰਧਾਨ ਮੰਤਰੀ ਆਪ ਅੰਧ-ਵਿਸ਼ਵਾਸਾਂ ਨੂੰ ਪ੍ਰਚਾਰਦਾ ਹੋਵੇ, ਜਿਹਾ ਕਿ ਉਸ ਨੇ ਇਹ ਦਾਅਵਾ ਕਰਨ ਵੇਲੇ ਕੀਤਾ ਸੀ ਕਿ ਗਣੇਸ਼ ਵੇਲੇ ਪਹਿਲੀ ਪਲਾਸਟਿਕ ਸਰਜਰੀ ਹੋਈ ਸੀ ?**

– ਸਾਡੇ ਸਿਆਸਤਦਾਨਾਂ ਦੇ ਮੂੰਹ ਅੰਨ੍ਹੇ ਕੋਰੇ ਝੂਠ ਨਾਲ ਅੱਟੇ ਰਹਿੰਦੇ ਹਨ, ਪਰ ਇਸ ਤੋਂ ਵੀ ਵੱਡਾ ਭਰਮਜਾਲ ਲਗਾਤਾਰ ਟੈਲੀਵਿਜ਼ਨ ਅਤੇ ਸੋਸ਼ਲ ਮੀਡੀਆ ਰਾਹੀਂ ਲਗਾਤਾਰ ਸਿਰਜਿਆ ਜਾ ਰਿਹਾ ਹੈ। ਇਹ ਵਾਕਈ ਇੱਕ ਚੰਗੀ ਗੱਲ ਹੈ ਕਿ ਸਾਡੀ ਕਿਰਤੀ ਜਮਾਤ ਦੇ ਕੁੱਝ ਹਿੱਸੇ ਅਜੇ ਇਸ ਸਾਰੇ ਦੇ ਸ਼ਿਕਾਰ ਨਹੀਂ ਹੋਏ।

**? ਫਿਲਮ ਗਾਂ-ਰਾਖਿਆਂ ਬਾਰੇ ਵੀ ਗੱਲ ਕਰਦੀ ਹੈ। ਕੀ ਗਾਂ-ਰੱਖਿਆ ਗੋਲਵਲਕਰ ਦੇ ਨਫ਼ਰਤ ਭਰੇ ਅਤੇ ਵੱਖਰਾਉਣ ਦੇ ਏਜੰਡੇ ਨੂੰ ਹੀ ਅੱਗੇ ਵਧਾਉਣ ਦਾ ਬਹਾਨਾ ਨਹੀਂ ਹੈ ?**

– ‘ਰੱਬ ਦੇ ਨਾਂ ’ਤੇ’ ਪਾਠ ਦਾਦਰੀ ਵਿੱਚ ਅਖ਼ਲਾਕ ਅਤੇ ਊਨਾ (ਗੁਜਰਾਤ) ਵਿੱਚ ਦਲਿਤ ਨੌਜਵਾਨਾਂ ’ਤੇ ਹੋਏ ਹਮਲਿਆਂ ਬਾਰੇ ਹੈ। ਭਾਰਤ ਸੰਸਾਰ ਵਿੱਚ ਸਭ ਤੋਂ ਵੱਧ ਗਊ ਮਾਸ ਦੀ ਬਰਾਮਦ ਕਰਨ ਵਾਲਾ ਮੁਲਕ ਹੈ, ਸੋ ਇਹ ਸਾਫ਼ ਹੈ ਕਿ ਗਊ ਮਾਸ ਖਾਣ ਵਾਲਿਆਂ ’ਤੇ ਚੰਮ ਲਾਹੁਣ ਵਾਲਿਆਂ ਨੂੰ ਮਾਰਨਾ ਅਸਲ ਵਿੱਚ ਮੁਸਲਮਾਨਾਂ ਅਤੇ ਦਲਿਤਾਂ ’ਤੇ ਹਮਲਾ ਕਰਨ ਦਾ ਹੀ ਇੱਕ ਢੰਗ ਹੈ। (ਸ੍ਰੋਤ : **‘ਲਲਕਾਰ’**)

## ਯੁੱਧ

ਭਗਤ ਸਿੰਘ! ਮੈਂ ਯੁੱਧ ਦੇ ਖਿਲਾਫ਼ ਰਿਹਾ
ਤੇਰੇ ਲੇਖ ਪੜ੍ਹਣ ਦੇ ਬਾਵਜੂਦ
ਪਾਸ਼! ਮੈਂ ਨਹੀਂ ਲੜਣਾ ਚਾਹੁੰਦਾ ਸੀ
ਤੇਰੀਆਂ ਕਵਿਤਾਵਾਂ ਪੜ੍ਹਣ ਦੇ ਬਾਅਦ
ਮੈਨੂੰ ਦੁੱਖ ਹੈ
ਮੈਂ ਹਮੇਸ਼ਾ ਉਸ ਯੁੱਧ ਤੋਂ ਬਚਦਾ ਰਿਹਾ
ਜੋ ਚੁੱਲਹੇ ’ਤੇ ਰੱਖੀਆਂ ਪਤੀਲੀਆਂ ਵਿੱਚ ਪਕਦਾ ਰਿਹਾ
ਮੈਂ ਜ਼ਿੰਦਗੀ ਦੇ ਖ਼ੂਬਸੂਰਤ ਸਾਲ ਐਵੇਂ ਹੀ ਲੰਘਾ ਦਿੱਤੇ
ਪਰ ਯੁੱਧ ਨੇ ਹੁਣ
ਘਰ ਦਾ ਬੂਹਾ ਖਟਖਟਾਇਆ ਹੈ
ਉਹ ਕਹਿੰਦੇ ਹਨ ਉਹੀ ਸੱਚ ਹੈ
ਜੋ ਸੱਤਾ ਬੋਲਦੀ ਹੈ
ਉਹੀ ਵਿਚਾਰ ਪ੍ਰਗਟਾਓ
ਜੋ ਸੱਤਾ ਚਾਹੁੰਦੀ ਹੈ
ਮੈਂ ਧੰਨਵਾਦੀ ਹਾਂ ਉਹਨਾਂ ਕਿਤਾਬਾਂ ਦਾ
ਜਿਨ੍ਹਾਂ ਨੇ ਮੈਨੂੰ ਸਵਾਲ ਕਰਨਾ ਸਿਖਾਇਆ
ਜਿਨ੍ਹਾਂ ਨੇ ਮੈਨੂੰ ਇਨਸਾਨ ਬਣਾਇਆ
ਇਸ ਲਈ ਹੁਣ ਬਰਦਾਸ਼ਤ ਨਹੀਂ ਹੁੰਦਾ
ਮੈਂ ਆ ਰਿਹਾ ਹਾਂ ਮੁਜ਼ਾਹਰਿਆਂ ਵਿੱਚ
ਮੈਂ ਸ਼ਾਮਲ ਹੋ ਰਿਹਾ ਹਾਂ ਸੈਮੀਨਾਰਾਂ ਵਿੱਚ
ਮੈਂ ਉਸ ਯੁੱਧ ਵਿੱਚ ਸ਼ਾਮਲ ਹੋ ਰਿਹਾ ਹਾਂ
ਜਿਸ ਤੋਂ ਬਾਅਦ ਕੋਈ ਯੁੱਧ ਨਾ ਹੋਵੇ
ਜਿਸ ਦੇ ਬਾਅਦ ਕੋਈ ਗਟਰ ’ਚ ਨਾ ਮਰੇ।

**- ਸੰਦੀਪ ‘ਰੋਹਤਕ’**

# ਕੌਮੀ ਨਾਗਰਿਕ ਰਜਿਸਟਰ - ਇੱਕ ਸਾਜਿਸ਼



**ਹੇਮ ਰਾਜ ਸਟੈਨੋ**

ਭਾਜਪਾ ਦੇ ਆਗੂਆਂ ਵੱਲੋਂ ਅੱਜ ਕੱਲ੍ਹ ਨਾਗਰਿਕ ਰਜਿਸਟਰ ਬਾਰੇ ਬੜੇ ਤੱਤੇ ਤੱਤੇ ਬਿਆਨ ਆ ਰਹੇ ਹਨ। ਇਨ੍ਹਾਂ ਬਿਆਨਾਂ ਰਾਹੀਂ ਹਿੱਕ ਠੋਕ ਕੇ ਕਿਹਾ ਜਾ ਰਿਹਾ ਹੈ ਕਿ ਇਸ ਤਰ੍ਹਾਂ ਸਮੁੱਚੇ ਦੇਸ਼ ਅੰਦਰ ਕੀਤਾ ਜਾਵੇਗਾ ਅਤੇ ਬਾਹਰਲਿਆਂ ਨੂੰ ਚੁਣ-ਚੁਣ ਕੇ ਇੱਥੋਂ ਖਦੇੜਿਆ ਜਾਵੇਗਾ। ਅੱਜ ਅਸੀਂ ਇਸ ਬਾਰੇ ਗੱਲ ਕਰਨ ਜਾ ਰਹੇ ਹਾਂ :

ਸਭ ਤੋਂ ਪਹਿਲਾਂ ਇਹ ਦੇਖਣਾ ਜ਼ਰੂਰੀ ਹੈ ਕਿ ਅਸਾਮ ਦੇ ਨਾਗਰਿਕਾਂ ਵਾਸਤੇ ਇਹ ਸ਼ਨਾਖਤ ਕਰਨ ਵਾਲਾ ਰਜਿਸਟਰ ਬਣਾਉਣਾ ਕਿਉਂ ਚਾਲੂ ਕੀਤਾ ਗਿਆ ?

ਸੰਨ 1826 'ਚ ਬਰਮਾ ਦੇ ਸ਼ਾਸ਼ਕਾਂ ਅਤੇ ਅੰਗਰੇਜ਼ਾਂ ਦਰਮਿਆਨ ਇੱਕ ਸੰਧੀ ਹੋਈ ਜਿਸ ਰਾਹੀਂ ਅਸਾਮ, ਮਨੀਪੁਰ, ਰਖਾਈਨ (ਅਰਾਕਾਨ) ਅਤੇ ਕੁੱਝ ਹੋਰ ਭੂ-ਭਾਗ ਅੰਗਰੇਜ਼ਾਂ ਨੂੰ ਸੌਂਪ ਦਿੱਤੇ ਗਏ। ਲੜਾਈ ਦੇ ਹਰਜਾਨੇ ਵਜੋਂ ਬਰਮਾ ਨੂੰ ਭਾਰੀ ਰਕਮ ਵੀ ਅੰਗਰੇਜ਼ਾਂ ਨੂੰ ਦੇਣਾ ਤੈਅ ਹੋਇਆ। ਇਹ ਲੜਾਈ ਅੰਗਰੇਜ਼ੀ ਹਿੰਦੁਸਤਾਨ ਦੇ ਇਤਿਹਾਸ ਦੀ ਸਭ ਤੋਂ ਲੰਬੀ ਅਤੇ ਖਰਚੀਲੀ ਸੀ। ਇਸ ਵਿੱਚ 15 ਹਜ਼ਾਰ ਯੌਰਪੀਅਨ ਅਤੇ ਹਿੰਦੁਸਤਾਨੀ ਸਿਪਾਹੀ ਮਾਰੇ ਗਏ ਅਤੇ ਬਰਮਾ ਦੇ ਮਾਰੇ ਗਏ ਸਿਪਾਹੀ ਇਸਤੋਂ ਵੱਖਰੇ ਸਨ। ਇਸ ਤਰ੍ਹਾਂ ਨਾਲ ਅਸਾਮ ਦਾ ਭੂ-ਭਾਗ ਅਤੇ ਸ਼ਾਸ਼ਨ ਅੰਗਰੇਜ਼ਾਂ ਅਧੀਨ ਆ ਗਿਆ। ਬਸਤੀਵਾਦੀ ਅੰਗਰੇਜ਼ਾਂ ਨੇ ਆਪਣੀ ਨੀਤੀ ਕਰਕੇ ਬੰਗਾਲ ਤੋਂ ਅਸਾਮ 'ਚ ਉਪਜਾਊ ਜ਼ਮੀਨ ਦੀ ਭਾਲ 'ਚ ਆਉਣ ਵਾਲਿਆਂ ਨੂੰ ਉਤਸਾਹਿਤ ਕੀਤਾ। 1931 'ਚ ਹੋਈ ਮਰਦਮਸ਼ੁਮਾਰੀ ਦੇ ਸੁਪਰਡੈਂਟ ਸੀ.ਐਸ.ਮੁੱਲਨ ਨੇ ਆਪਣੀ ਰਿਪੋਰਟ 'ਚ ਲਿਖਿਆ ਕਿ 25 ਸਾਲਾਂ ਦੀ ਇਹ ਅਜਿਹੀ ਮਹੱਤਵਪੂਰਨ ਘਟਨਾ ਹੈ ਜਿਹੜੀ ਅਸਾਮ ਦਾ ਸਮੁੱਚਾ ਮੁਹਾਂਦਰਾ ਬਦਲ ਦੇਵੇਗੀ...।

ਜਦੋਂ 1947 'ਚ ਹਿੰਦੁਸਤਾਨ ਦਾ ਤਿੰਨ ਹਿੱਸਿਆਂ ਹਿੰਦੁਸਤਾਨ, ਪੱਛਮੀ ਪਾਕਿਸਤਾਨ ਤੇ ਪੂਰਬੀ ਪਾਕਿਸਤਾਨ 'ਚ ਬਟਵਾਰਾ ਹੋ ਗਿਆ ਉਸਤੋਂ ਬਾਅਦ ਵੀ ਪੂਰਬੀ ਪਾਕਿਸਤਾਨ 'ਚੋਂ ਅਵਾਸੀ ਆਉਂਦੇ ਰਹੇ।

ਹਿੰਦੁਸਤਾਨ ਦੇ ਬਟਵਾਰੇ ਤੋਂ ਬਾਅਦ ਜਦੋਂ ਪੂਰਬੀ ਪਾਕਿਸਤਾਨ (ਹੁਣ ਬੰਗਲਾਦੇਸ਼) 'ਚ ਉੱਥੋਂ ਦੀ ਕੌਮ ਨੇ ਪਾਕਿਸਤਾਨ ਤੋਂ ਅਜ਼ਾਦ ਹੋਣ ਦਾ ਝੰਡਾ ਚੁੱਕ ਲਿਆ ਤਾਂ ਇਸ ਖਿੱਤੇ 'ਚ ਗੜਬੜੀ ਵਾਲੀ ਸਥਿਤੀ ਪੈਦਾ ਹੋ ਗਈ। ਗੜਬੜੀ ਵਾਲੀ ਸਥਿਤੀ ਹੋਣ ਕਰਕੇ ਵੀ ਉੱਥੋਂ ਦੇ ਨਾਗਰਿਕ ਇੱਧਰ ਅਸਾਮ 'ਚ ਆਉਂਦੇ ਰਹੇ। ਉਦੋਂ ਹਿੰਦੁਸਤਾਨ ਦੀ ਸਰਕਾਰ ਨੇ ਆਪਣੀ ਫੌਜ ਭੇਜਕੇ ਪੂਰਬੀ ਪਾਕਿਸਤਾਨ ਦੀ ਲਹਿਰ ਦੀ ਮੱਦਦ ਕਰਨੀ ਸ਼ੁਰੂ ਕਰ ਦਿੱਤੀ। ਇਹ ਮੱਦਦ ਕੋਈ ਕੌਮੀ ਮੁਕਤੀ ਲਹਿਰ ਦੇ ਪੱਖ ਕਰਕੇ ਨਹੀਂ ਕੀਤੀ ਗਈ ਸੀ ਬਲਕਿ ਇਸ ਕਰਕੇ ਕੀਤੀ ਗਈ ਤਾਂਕਿ ਪਾਕਿਸਤਾਨ ਨਾਲੋਂ ਇਸਦਾ ਪੂਰਬੀ ਹਿੱਸਾ ਟੁੱਟ ਜਾਵੇ ਅਤੇ ਪਾਕਿਸਤਾਨ ਨਿਤਾਣਾ ਹੋ ਜਾਵੇ। ਆਖਰ ਨੂੰ ਇਉਂ ਹੀ ਹੋਇਆ ਅਤੇ ਪੂਰਬੀ ਪਾਕਿਸਤਾਨ ਹੁਣ ਵਾਲਾ ਬੰਗਲਾਦੇਸ਼ ਬਣ ਗਿਆ।

ਇਹ ਘਰੋਗੀ ਜੰਗ ਖਤਮ ਹੋਣ ਤੋਂ ਬਾਅਦ ਵੀ ਅਵਾਸੀ ਇੱਥੇ ਆਉਂਦੇ ਰਹੇ। ਹੁਣ ਗੱਲ ਕਰਦੇ ਹਾਂ ਗੈਰ-ਕਾਨੂੰਨੀ ਅਵਾਸੀਆਂ ਬਾਰੇ।

ਕੇਂਦਰੀ ਸਰਕਾਰ ਕੋਲ ਪਹਿਲਾਂ ਹੀ ਅਸਾਮ 'ਚੋਂ ਅਵਾਸੀਆਂ ਨੂੰ ਬਾਹਰ ਕੱਢਣ ਦਾ ਐਕਟ, 1950 ਬਣਿਆ ਹੋਇਆ ਹੈ। ਇਹ ਐਕਟ 1 ਮਾਰਚ 1950 ਤੋਂ ਲਾਗੂ ਹੋ ਗਿਆ ਸੀ। ਗੈਰ-ਕਾਨੂੰਨੀ ਅਵਾਸੀਆਂ ਦੀ ਸ਼ਨਾਖਤ ਲਈ ਅਸਾਮ 'ਚ ਪਹਿਲੀ ਵਾਰ ਨਾਗਰਿਕਾਂ ਦਾ ਕੌਮੀ ਰਜਿਸਟਰ (National Register of Citizens) 1951 ਦੀ ਮਰਦਮਸ਼ੁਮਾਰੀ ਦਰਮਿਆਨ ਤਿਆਰ ਕੀਤਾ ਗਿਆ।

ਇਸ ਕੌਮੀ ਰਜਿਸਟਰ 'ਚ ਭਾਰਤੀ ਸਰਕਾਰ ਦੁਆਰਾ ਅਸਾਮ ਦੇ ਨਾਗਰਿਕਾਂ ਨਾਲ ਸਬੰਧਤ ਜਾਣਕਾਰੀ ਰੱਖੀ ਜਾਂਦੀ ਹੈ ਤਾਂ ਕਿ ਇਹ ਪਤਾ ਲਾਇਆ ਜਾ ਸਕੇ ਕਿਹੜਾ ਨਾਗਰਿਕ ਅਸਾਮ ਵਾਸੀ ਹੈ ਅਤੇ ਕਿਹੜਾ ਗੈਰ-ਕਾਨੂੰਨੀ ਤੌਰ 'ਤੇ ਰਹਿ ਰਿਹਾ ਹੈ। ਸੋ ਭਾਵੇਂ ਇਹ ਰਜਿਸਟਰ ਸੰਨ 1951 'ਚ ਤਿਆਰ ਕੀਤਾ ਗਿਆ। ਪਰ ਉਦੋਂ ਤੋਂ ਲੈ ਕੇ ਹੁਣ ਤੱਕ ਇਸਨੂੰ ਮੁਕੰਮਲ ਨਹੀਂ ਕੀਤਾ ਗਿਆ। ਇਸ ਰਜਿਸਟਰ ਵਿੱਚ ਸੰਨ 1951 ਤੋਂ ਰਹਿ ਰਹੇ ਵਾਸੀਆਂ ਸਮੇਤ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਦੇ ਨਾਮ ਹਿੰਦੁਸਤਾਨੀ ਨਾਗਰਿਕਾਂ ਵਜੋਂ ਦਰਜ ਹੋ ਸਕਦੇ ਹਨ।

ਉਸਤੋਂ ਬਾਅਦ ਭਾਰਤੀ ਨਾਗਰਿਕਤਾ ਕਾਨੂੰਨ, 1955, 'ਚ ਇੱਕ ਸੋਧ ਕੀਤੀ ਗਈ ਜਿਸ ਅਨੁਸਾਰ ਅਸਾਮ ਸੂਬੇ ਲਈ ਨਾਗਰਿਕਾਂ ਦੇ ਸੂਬਾਈ ਰਜਿਸਟਰ ਨੂੰ ਵੀ ਕੌਮੀ ਨਾਗਰਿਕ ਰਜਿਸਟਰ ਦੇ ਇੱਕ ਹਿੱਸੇ ਵਜੋਂ ਕਾਨੂੰਨੀ ਮਾਨਤਾ ਦੇ ਦਿੱਤੀ ਗਈ। ਇਸ ਵਿੱਚ 24 ਮਾਰਚ, 1971 ਦੀ ਰਾਤ ਨੂੰ

ਰਹਿ ਰਹੇ ਨਾਗਰਿਕਾਂ ਅਤੇ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਨੂੰ ਅਸਾਮ ਸੂਬੇ ਦੇ ਪੱਕੇ ਵਸਨੀਕ ਗਿਣਿਆ ਜਾਣਾ ਸੀ।

ਸੋ ਇੱਥੋਂ ਤੱਕ ਦੀ ਚਰਚਾ ਦਾ ਇਹ ਸਿੱਟਾ ਹੈ ਕਿ ਇਹ ਕੌਮੀ ਨਾਗਰਿਕ ਰਜਿਸਟਰ ਦਾ ਮਕਸਦ ਸਿਰਫ ਅਸਾਮ 'ਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਅਵਾਸੀਆਂ ਦੀ ਪਹਿਚਾਣ ਕਰਨੀ ਸੀ।

ਖੈਰ ਕਿਸੇ ਵੀ ਕਾਰਨਾਂ ਕਰਕੇ ਇਹ ਰਜਿਸਟਰ ਮੁਕੰਮਲ ਨਾ ਕੀਤਾ ਜਾ ਸਕਿਆ। ਇਸੇ ਦੌਰਾਨ 1979 'ਚ ਅਸਾਮ ਦੇ ਵਿਦਿਆਰਥੀਆਂ ਨੇ ਅਸਾਮ ਸਟੂਡੈਂਟਸ ਯੂਨੀਅਨ ਬਣਾ ਕੇ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਅਵਾਸੀਆਂ ਨੂੰ ਨਾਗਰਿਕਤਾ ਅਤੇ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝੇ ਕਰਨ, ਉਨ੍ਹਾਂ ਨੂੰ ਜੇਲ੍ਹਾਂ 'ਚ ਬੰਦ ਕਰਨ ਅਤੇ ਅਸਾਮ 'ਚੋਂ ਬਾਹਰ ਕੱਢਣ ਦੀ ਮੰਗ ਉਠਾਉਣੀ ਸ਼ੁਰੂ ਕਰ ਦਿੱਤੀ ਅਤੇ ਇਸਦੇ ਨਾਲ ਹੀ ਆਲ ਅਸਾਮ ਗਣਾ ਸੰਗਰਾਮ ਪ੍ਰੀਸ਼ਦ ਵੀ ਨਾਲ ਲੱਗ ਗਈ। ਇਹ ਜੱਦੋਜਹਿਦ 6 ਸਾਲ ਤੱਕ ਚੱਲੀ। ਇਸ ਜੱਦੋਜਹਿਦ 'ਚ ਹਰ ਤਰ੍ਹਾਂ ਦਾ ਜਾਨੀ ਅਤੇ ਮਾਲੀ ਨੁਕਸਾਨ ਹੋਇਆ। ਇਸ ਜੱਦੋਜਹਿਦ 'ਚ ਫਿਰਕਾਪ੍ਰਸਤੀ, ਖਾਸ ਕਰਕੇ ਮੁਸਲਮਾਨਾਂ ਵੱਲ, ਸੇਧਤ ਹੁੰਦੀ ਚਲੀ ਗਈ। ਕਿਉਂਕਿ ਇਸ ਜੱਦੋਜਹਿਦ 'ਚ ਕੋਈ ਲੋਕ-ਪੱਖੀ ਇਨਕਲਾਬੀ ਧਿਰ ਸ਼ਾਮਲ ਨਹੀਂ ਸੀ। ਖੈਰ ਆਖਰਕਾਰ 15 ਅਗਸਤ, 1985 ਨੂੰ ਉਦੋਂ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਆਦੇਸ਼ 'ਤੇ ਸਰਕਾਰ ਅਤੇ ਸੰਘਰਸ਼ ਕਰ ਰਹੀਆਂ ਧਿਰਾਂ ਦਰਮਿਆਨ ਸੰਧੀ ਹੋ ਗਈ।

ਇਹ ਸੰਧੀ ਨੇ ਉਹ ਜੱਦੋਜਹਿਦ ਤਾਂ ਖਤਮ ਕਰਵਾ ਦਿੱਤੀ ਪਰ ਅਵਾਸੀਆਂ ਦਾ ਮਸਲਾ ਜਿਉਂ ਦੀ ਤਿਉਂ ਕਾਇਮ ਰਿਹਾ। ਫਿਰ ਇਹ ਮਸਲਾ ਸੁਪਰੀਮ ਕੋਰਟ 'ਚ ਚਲਾ ਗਿਆ। ਸੁਪਰੀਮ ਕੋਰਟ ਦੇ ਆਦੇਸ਼ਾਂ ਅਨੁਸਾਰ ਰਜਿਸਟਰਾਰ ਜਨਰਲ ਆਫ ਇੰਡੀਆ ਨੇ ਆਪਣੇ ਨੋਟੀਫਿਕੇਸ਼ਨ ਨੰ: ਐਸ.ਓ.3591 ਈ, ਮਿਤੀ 6 ਦਸੰਬਰ, 2013 ਰਾਹੀਂ ਕੌਮੀ ਨਾਗਰਿਕ ਰਜਿਸਟਰ ਨੂੰ ਮੁਕੰਮਲ ਕਰਨ ਦਾ ਕੰਮ ਸੁਰੂ ਕਰ ਦਿੱਤਾ।

ਇਹ ਰਜਿਸਟਰ ਦੀ ਤਿਆਰੀ ਦਾ ਕੰਮ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਹੋਣਾ ਸ਼ੁਰੂ ਹੋਇਆ। ਹੁਣ ਇਹ ਰਜਿਸਟਰ ਤਿਆਰ ਹੋ ਕੇ 31 ਅਗਸਤ, 2019 ਨੂੰ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਵਿੱਚ 19,06,657 ਨੂੰ ਨਾਗਰਿਕ ਰਜਿਸਟਰ ਤੋਂ ਬਾਹਰ ਕਰ ਦਿੱਤਾ ਗਿਆ ਹੈ ਭਾਵ ਉਨ੍ਹਾਂ ਨੂੰ ਅਸਾਮ ਦੇ ਨਾਗਰਿਕ ਨਹੀਂ ਗਿਣਿਆ ਗਿਆ। ਹੈਰਾਨ ਨਾ ਹੋਵੋ, ਇਨ੍ਹਾਂ ਸਾਰਿਆਂ ਦਾ ਕੋਈ ਦੇਸ਼ ਨਹੀਂ! ਨਾਗਰਿਕ ਰਜਿਸਟਰ ਤੋਂ ਬਾਹਰ ਰਹਿ ਗਏ ਵਿਅਕਤੀਆਂ ਨੂੰ ਹੁਣ ਜਾਂ ਤਾਂ ਆਪਣੀ ਨਾਗਰਿਕਤਾ ਦੇ ਸਾਰੇ ਸਬੂਤ ਲੈ ਕੇ ਵਿਦੇਸ਼ੀ ਟ੍ਰਿਬਿਊਨਲਾਂ ਕੋਲ ਜਾਣਾ ਪਵੇਗਾ ਜਾਂ ਫਿਰ ਹਾਈਕੋਰਟਾਂ ਜਾਂ ਸੁਪਰੀਮ ਕੋਰਟ 'ਚ ਆਪਣੇ ਦੁੱਖਾਂ ਦੀ ਦਾਸਤਾ ਦੇ ਹੱਲ ਲਈ ਫਰਿਆਦ ਕਰਨੀ ਪਵੇਗੀ। ਅਦਾਲਤਾਂ ਤੱਕ ਆਮ ਇਨਸਾਨ ਪਹੁੰਚ ਕਰ ਸਕਦਾ ਹੈ ਜਾਂ ਨਹੀਂ, ਇਸ ਬਾਰੇ ਸਭ ਭਲੀ-ਭਾਂਤ ਜਾਣੂ ਹੋ।

ਉਨ੍ਹਾਂ ਚਿਰ ਅਜਿਹੇ ਮਜ਼ਬੂਰ ਇਨਸਾਨਾਂ ਲਈ ਕੀ ਹੋਵੇਗਾ? ਜਿਵੇਂ ਜਰਮਨੀ 'ਚ ਯਹੂਦੀਆਂ, ਕਮਿਊਨਿਸਟਾਂ, ਤਰਕਸ਼ੀਲਾਂ, ਟਰੇਡ ਯੂਨੀਅਨਨਿਸਟਾਂ ਨੂੰ ਤਸੀਹਾ ਕੇਂਦਰਾਂ 'ਚ ਤੁੰਨਿਆ ਸੀ ਉਵੇਂ ਹੀ ਇਨ੍ਹਾਂ ਬੇਆਸਰਿਆਂ ਨੂੰ ਅਸਾਮ 'ਚ "ਸਿਲਚਰ, ਗੋਆਲਪੁਰਾ, ਕੋਕਰਾਝਾਰ, ਡਿਬਰੂਗੜ੍ਹ, ਜੋਰਾਹਾਟ ਅਤੇ ਤੇਜਪੁਰ"[1] ਜਿਹੇ ਬਣਾਏ ਬੰਦੀਖਾਨਿਆਂ (Detention Centres) 'ਚ ਤੂੜ ਦਿੱਤਾ ਜਾਵੇਗਾ। ਹੁਣ ਵੀ ਇਨ੍ਹਾਂ ਬੰਦੀਖਾਨਿਆਂ 'ਚ ਇਹੋ-ਜਿਹੇ "ਹਜ਼ਾਰਾਂ ਬੇਬੱਸ ਬੰਦਿਆਂ, ਔਰਤਾਂ ਅਤੇ ਬੱਚਿਆਂ ਦੀਆਂ ਚੀਕਾਂ ਸੁਣਦੀਆਂ ਹਨ, ਜਿਨ੍ਹਾਂ ਤੋਂ ਨਾਗਰਿਕਤਾ ਦਾ ਹੱਕ ਖੋਹ ਲਿਆ ਗਿਆ ਹੈ। ਇਨ੍ਹਾਂ ਬੰਦਿਆਂ ਵਿੱਚ 102 ਸਾਲ ਤੱਕ ਦੇ ਬਿਮਾਰ ਅਤੇ ਬੁੱਢੇ ਆਦਮੀ ਤੋਂ ਲੈ ਕੇ ਛੋਟੇ-ਛੋਟੇ ਬੱਚੇ ਅਤੇ ਔਰਤਾਂ ਤੱਕ ਹਨ।"[2]

ਸਾਡੇ ਦੇਸ਼ ਦੇ ਨਿਆ ਦੀ ਸੰਵੇਦਨਹੀਣਤਾ ਦਾ ਸਿਖਰ ਵੇਖੋ,"ਕਈ ਪਰਿਵਾਰਾਂ ਦੇ ਅੱਧੇ ਜੀਅ ਸੂਚੀ ਵਿੱਚ ਹਨ, ਅੱਧੇ ਨਹੀਂ ਹਨ। ਕਿਸੇ ਦਾ ਮਾਂ ਬਾਪ ਬਾਹਰ ਹੈ, ਬੱਚੇ ਬੰਦੀ ਖਾਨੇ ਵਿੱਚ ਹਨ। ਕਿਸੇ ਦਾ ਇਕੱਲਾ ਬੁੱਢਾ ਬਾਪ ਬੰਦੀਖਾਨੇ ਵਿੱਚ ਹੈ।"[3]

ਖੈਰ...ਹੁਣ ਇਸ ਕਾਰਵਾਈ 'ਤੇ ਤਰ੍ਹਾਂ ਤਰ੍ਹਾਂ ਦੇ ਇਤਰਾਜ਼ ਉੱਠ ਰਹੇ ਹਨ। ਹੋਰ ਤਾਂ ਹੋਰ ਜਿਹੜੇ ਭਾਜਪਾ ਵਾਲੇ ਪਹਿਲਾਂ ਦਾਅਵੇ ਕਰ ਰਹੇ ਸਨ ਕਿ ਬੰਗਲਾਦੇਸ਼ੀ ਘੁਸਪੈਠੀਆਂ ਨੂੰ ਚੁਣ ਚੁਣ ਕੇ ਬਾਹਰ ਕੱਢਾਂਗੇ, ਉਹ ਵੀ ਹੁਣ ਇਸ ਰਜਿਸਟਰ 'ਤੇ ਕਿੰਤੂ-ਪ੍ਰੰਤੂ ਕਰ ਰਹੇ ਹਨ। ਉਹ ਕਹਿ ਰਹੇ ਹਨ ਕਿ ਇਸ ਵਿੱਚੋਂ ਹਿੰਦੂਆਂ ਨੂੰ ਬਾਹਰ ਕੱਢਿਆ ਗਿਆ ਹੈ। ਇਹੀ ਨਹੀਂ ਬਲਕਿ ਨਾਗਰਿਕਾਂ ਦੇ ਕੌਮੀ ਰਜਿਸਟਰ ਨੂੰ ਪੂਰਾ ਕਰਨ ਲਈ ਸੁਪਰੀਮ ਕੋਰਟ 'ਚ ਪਟੀਸ਼ਨ ਦਾਖਲ ਕਰਨ ਵਾਲੀ ਗੈਰ-ਸਰਕਾਰੀ ਸੰਸਥਾ (ਐਨ.ਜੀ.ਓ.) ਅਸਾਮ ਪਬਲਿਕ ਵਰਕਸ ਵੀ ਕਹਿ ਰਹੀ ਹੈ ਕਿ ਇਹ ਦਸਤਾਵੇਜ਼ ਖੋਟ-ਵਾਲਾ ਹੈ ਕਿਉਂਕਿ ਇਸ ਦਸਤਾਵੇਜ਼ ਦੀ ਦੁਬਾਰਾ ਪੜਤਾਲ ਲਈ ਪ੍ਰਾਰਥਨਾ ਨੂੰ ਸੁਪਰੀਮ ਕੋਰਟ ਨੇ ਰੱਦ ਕਰ ਦਿੱਤਾ ਹੈ। ਇਸ ਗੈਰ-ਸਰਕਾਰੀ ਸੰਸਥਾ ਨੇ ਇਸ ਰਜਿਸਟਰ ਨੂੰ ਪੂਰਾ ਕਰਨ ਦੇ ਅਮਲ 'ਚ ਜਿਹੜਾ ਸੌਫਟਵੇਅਰ ਵਰਤਿਆ ਹੈ ਉਸ 'ਤੇ ਵੀ ਸਵਾਲ ਉਠਾਇਆ ਹੈ ਕਿ ਕੀ ਉਹ ਇੰਨੇ ਵੱਡੇ ਡਾਟੇ ਨੂੰ ਨਜਿੱਠਣ ਲਈ ਕਾਫੀ ਹੈ ਵੀ ਕਿ ਨਹੀਂ?

ਹੋਰ ਲਵੋ। ਆਲ ਇੰਡੀਆ ਯੂਨਾਈਟਡ ਡੈਮੋਕਰੈਟਿਕ ਫਰੰਟ ਦੇ ਅਨੁਸੂਚਿਤ ਜਾਤੀ ਵਾਸਤੇ ਰਾਖਵੀਂ ਸੀਟ ਅਭਿਆਪੁਰੀ ਦੱਖਣੀ ਤੋਂ ਐਮ.ਐਲ.ਏ. ਨੇ ਕਿਹਾ ਹੈ ਕਿ ਉਸਨੂੰ ਇਸ ਰਜਿਸਟਰ 'ਚੋਂ ਬਾਹਰ ਕੱਢ ਦਿੱਤਾ ਗਿਆ ਹੈ ਅਤੇ ਇਸੇ ਤਰ੍ਹਾਂ ਹਜ਼ਾਰਾਂ ਸਹੀ ਹਿੰਦੁਸਤਾਨੀਆਂ ਨੂੰ ਬਾਹਰ ਰੱਖਿਆ ਗਿਆ ਹੈ, ਖਾਸ ਕਰਕੇ ਬੰਗਾਲੀ ਹਿੰਦੂਆਂ ਨੂੰ ਅਤੇ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਵਿਦੇਸ਼ੀਆਂ ਨੂੰ ਨਾਗਰਿਕਾਂ ਵਜੋਂ ਸ਼ਾਮਲ ਕੀਤਾ ਗਿਆ ਹੈ।

ਸੋ ਗੱਲ ਦਾ ਸਾਰ-ਤੱਤ ਇਹ ਹੈ ਕਿ ਨਾਗਰਿਕਾਂ ਦੀ ਪਹਿਚਾਣ ਦਾ ਮੰਤਵ ਇਹ ਆਸਾਮ ਸੂਬੇ ਦੇ ਲਈ ਸੀ। ਭਾਜਪਾ ਵਾਲੇ ਜ਼ਬਾਨੀ-ਕਲਾਮੀ ਤਾਂ ਇਹੀ ਕੁੱਝ ਸਮੁੱਚੇ ਦੇਸ਼ ਅੰਦਰ ਲਾਗੂ ਕਰਨ ਦੀ ਗੱਲ ਕਰਦੇ ਹੀ ਕਰਦੇ ਹਨ ਪਰ ਇੱਕ ਅੰਗਰੇਜ਼ੀ ਰਸਾਲੇ ਰੈਡ ਸਟਾਰ, ਅਕਤੂਬਰ, 2019 ਦੀ ਰਿਪੋਰਟ ਅਨੁਸਾਰ ਹੁਣ ਭਾਜਪਾ ਨੇ ਨਾਗਰਿਕਤਾ ਸੋਧ ਬਿਲ, 2016, ਲਿਆਂਦਾ ਹੋਇਆ ਹੈ। ਇਸਨੂੰ ਕਿਸੇ ਨਾ ਕਿਸੇ ਤਰ੍ਹਾਂ ਪਾਸ ਕਰਵਾਉਣ 'ਚ ਲੱਗੀ ਹੋਈ ਹੈ। ਜੇ ਇਹ ਪਾਸ ਹੋ ਜਾਂਦਾ ਹੈ ਤਾਂ ਸਮੁੱਚੇ ਦੇਸ਼ ਅੰਦਰ ਸਰਵੇ ਅਗਲੇ ਸਾਲ ਕੀਤਾ ਜਾਵੇਗਾ। ਇਸ ਤਰ੍ਹਾਂ ਕੌਮੀ ਲੋਕ ਰਜਿਸਟਰ (National People's Register) ਤਿਆਰ ਕੀਤਾ ਜਾਵੇਗਾ। ਇਸ ਵਿੱਚ ਦੇਸ਼ ਦੇ ਸਮੁੱਚੇ ਵਸਨੀਕਾਂ ਨੂੰ ਆਪਣੀ ਨਾਗਰਿਕਤਾ ਲਈ ਸਬੂਤ ਪੇਸ਼ ਕਰਨੇ ਪੈਣੇ ਹਨ। ਦੂਸਰਾ ਉਹ ਕਹਿ ਰਹੀ ਹੈ ਕਿ ਨਾਗਰਿਕਤਾ ਕਾਨੂੰਨ 'ਚ ਇਸ ਤਰ੍ਹਾਂ ਤਬਦੀਲੀ ਕੀਤੀ ਜਾਵੇਗੀ ਕਿ ਬਾਹਰਲੇ ਦੇਸ਼ਾਂ 'ਚੋਂ ਕਿਤੋਂ ਵੀ ਕੋਈ ਹਿੰਦੂ, ਸਿੱਖ, ਬੋਧੀ ਜਾਂ ਜੈਨੀ ਆਉਂਦਾ ਹੈ ਤਾਂ ਉਸਨੂੰ ਇਸ ਦੇਸ਼ 'ਚ ਨਾਗਰਿਕ ਦੇ ਤੌਰ 'ਤੇ ਸ਼ਾਮਲ ਕੀਤਾ ਜਾਵੇਗਾ। ਦਲੀਲ ਇਹ ਹੈ ਕਿ ਇਹ ਹਿੰਦੂਆਂ ਦਾ ਕੁਦਰਤੀ ਦੇਸ਼ ਹੈ।

ਭਾਜਪਾ ਹਕੂਮਤ ਦੀਆਂ ਇਨ੍ਹਾਂ ਗੱਲਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਸਾਰੀ ਕਸਰਤ ਸਿਰਫ ਹਰ ਕਿਸਮ ਦੀਆਂ ਘੱਟ-ਗਿਣਤੀਆਂ ਨੂੰ ਹੀ ਬਾਹਰ ਕੱਢਣ ਲਈ ਹੈ। ਜੇਕਰ ਹਾਲਾਤ ਭਾਜਪਾ ਵਾਲਿਆਂ ਦੀ ਕੋਈ ਮਜ਼ਬੂਰੀ ਬਣਾ ਦਿੰਦੇ ਹਨ, ਜੇਕਰ ਉਹ ਇਨ੍ਹਾਂ ਘੱਟ-ਗਿਣਤੀਆਂ ਨੂੰ ਬਾਹਰ ਨਾ ਵੀ ਕੱਢ ਸਕੇ ਤਾਂ ਉਨ੍ਹਾਂ ਨੂੰ ਪੂਰੀ ਨਾਗਰਿਕਤਾ ਦੇ ਦਰਜੇ ਤੋਂ ਊਣਾ ਤਾਂ ਰੱਖੇਗੀ ਹੀ।

ਭਾਵੇਂ ਭਾਜਪਾ ਵਾਲੇ ਇਸਨੂੰ ਵਿੰਗੇ-ਟੇਢੇ ਢੰਗਾਂ ਇਸ਼ਾਰਿਆਂ ਨਾਲ ਮੁਸਲਮਾਨ ਭਾਈਚਾਰੇ ਖਿਲਾਫ ਜਨੂੰਨ ਭੜਕਾਕੇ ਇਸਨੂੰ ਜਜ਼ਬਾਤੀ ਮੁੱਦਾ ਬਣਾਉਂਦੇ ਜਾਪਦੇ ਹਨ, ਪਰ ਹਕੀਕਤ ਇਹ ਨਹੀਂ ਹੈ, ਕਿਉਂਕਿ ਇਹ ਸਿਰਫ ਜਜ਼ਬਾਤੀ ਮੁੱਦਾ ਨਹੀਂ ਹੈ। ਹੁਣ ਇਸ ਬਾਰੇ ਗੱਲ ਕਰਦੇ ਹਾਂ।

ਆਹ ਹੁਣੇ ਹੁਣੇ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਦਾ ਬਿਆਨ ਆਇਆ ਹੈ ਕਿ ਹਿੰਦੁਸਤਾਨ ਹਿੰਦੂ ਰਾਸ਼ਟਰ ਹੈ। ਭਾਵੇਂ ਸੰਵਿਧਾਨਕ ਤੌਰ 'ਤੇ ਇਹ ਗੱਲ ਸੰਵਿਧਾਨ 'ਚ ਪ੍ਰਵਾਨ ਨਹੀਂ ਹੋਈ ਹੋਈ ਕਿ ਸਾਡਾ ਦੇਸ਼ ਹਿੰਦੂ ਰਾਸ਼ਟਰ ਹੋਵੇਗਾ ਪਰ ਆਰ.ਐਸ.ਐਸ. ਮੁਖੀ ਨੇ ਐਲਾਨ ਕਰ ਦਿੱਤਾ ਹੈ। ਇਨ੍ਹਾਂ ਦਾ ਇਹ ਐਲਾਨ ਅੱਜ ਦੀ ਕੋਈ ਤਾਜ਼ਾ ਗੱਲ ਨਹੀਂ ਹੈ। ਸੰਨ 1870 'ਚ ਹਿੰਦੂ ਜਾਗੀਰਦਾਰਾਂ, ਸ਼ਾਹੂਕਾਰਾਂ ਅਤੇ ਦਰਮਿਆਨੀਆਂ ਜਮਾਤਾਂ ਦੇ ਕਾਰੋਬਾਰੀਆਂ ਨੇ ਮੁਸਲਿਮ-ਵਿਰੋਧੀ ਭਾਵਨਾਵਾਂ ਭੜਕਾਉਣ ਅਤੇ ਕਾਂਗਰਸ ਦੇ ਕਿਸੇ ਧਰਮ ਆਧਾਰਤ ਪਛਾਣਾਂ ਤੋਂ ਬਿਨਾਂ ਇੱਕ ਸਾਂਝੀ ਕੌਮ ਬਣਾਉਣ ਦੇ ਨਿਸ਼ਾਨੇ ਦਾ ਵਿਰੋਧ ਕਰਨ ਲਈ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਸਨ। ਉਨ੍ਹਾਂ ਨੇ ਮੁਸਲਿਮ ਸ਼ਾਸ਼ਕਾਂ ਦੇ ਜ਼ੁਲਮੀ ਸ਼ਾਸ਼ਨ ਬਾਰੇ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਆਰੀਆ ਸਮਾਜ ਦੇ ਪੰਡਿਤ ਲੇਖ ਰਾਮ ਇਸਲਾਮ ਦੀਆਂ ਸਾਰੀਆਂ ਸ਼ਕਲਾਂ ਦੀ ਨਿਖੇਧੀ ਕਰਨ ਤੱਕ ਚਲੇ ਗਏ। ਉਨ੍ਹਾਂ ਕਿਹਾ ਕਿ ਜਾਂ ਤਾਂ ਮੁਸਲਿਮਾਂ ਨੂੰ ਹਿੰਦੁਸਤਾਨ 'ਚੋਂ ਬਾਹਰ ਕੀਤਾ ਜਾਵੇ ਜਾਂ ਉਨ੍ਹਾਂ ਨੂੰ ਆਰੀਆ-ਵਾਦ 'ਚ ਲਿਆਉਣ ਲਈ ਉਨ੍ਹਾਂ ਦਾ ਧਰਮ-ਪ੍ਰੀਵਰਤਨ ਕਰਾਇਆ ਜਾਵੇ।[4] ਆਪਣੇ ਮਕਸਦ ਨੂੰ ਹਾਸਲ ਕਰਨ ਖਾਤਰ ਉਨ੍ਹਾਂ ਨੇ "ਪੰਜਾਬ ਹਿੰਦੂ ਸਭਾ" ਨਾਮ ਦੀ ਸੰਸਥਾ ਬਣਾਈ। ਇਹ ਉੱਪਰੋਂ-ਉੱਪਰੋਂ ਕਹਿਣ ਨੂੰ ਭਾਵੇਂ ਸਿੱਖ, ਜੈਨੀ ਅਤੇ ਬੋਧੀਆਂ ਨਾਲ ਸ਼ਬਦੀ ਲਿੱਪਾ-ਪੋਚੀ ਕਰੀ ਜਾਣ ਪਰ ਇਹ ਉਨ੍ਹਾਂ ਨੂੰ ਅਸਲ ਹਿੰਦੂਆਂ 'ਚ ਨਹੀਂ ਗਿਣਦੇ। ਇਹ ਹਿੰਦੂ ਕਿਸਨੂੰ ਗਿਣਦੇ ਹਨ, ਜਿਸਨੂੰ ਇਹ ਵੀਰ ਸਾਵਰਕਰ ਦੇ ਨਾਮ ਨਾਲ ਪੁਕਾਰਦੇ ਹਨ ਉਹ ਲਿਖਦਾ ਹੈ," ਹਿੰਦੁਸਤਾਨ 'ਚ ਇਤਿਹਾਸ ਦੇ ਉਦੈ ਹੋਣ 'ਤੇ ਜਿਹੜੇ ਆਰੀਅਨਾਂ ਨੇ ਇੱਥੇ ਨਿਵਾਸ ਕੀਤਾ ਉਨ੍ਹਾਂ ਨੇ ਇੱਕ ਕੌਮ ਬਣਾਈ ਜਿਹੜੀ ਹੁਣ ਹਿੰਦੂਆਂ 'ਚ ਦੇਹਵਾਨ ਹੈ।"[5] ਇਸ ਲਈ ਇਹ ਆਰੀਅਨ ਨੂੰ ਹੀ ਹਿੰਦੂ ਸਮਝਦੇ ਹਨ। ਇਸੇ ਲਈ ਸਾਵਰਕਰ ਨੇ ਲਿਖਿਆ ਕਿ " ਮੇਰਾ ਜਿਨਾਹ ਨਾਲ ਦੋ ਕੌਮਾਂ ਦੇ ਸਿਧਾਂਤ 'ਤੇ ਕੋਈ ਝਗੜਾ ਨਹੀਂ ਹੈ। ਅਸੀਂ, ਹਿੰਦੂ ਆਪਣੇ ਆਪ 'ਚ ਇੱਕ ਕੌਮ ਹਾਂ ਅਤੇ ਇਹ ਇਕ ਇਤਿਹਾਸਕ ਤੱਥ ਹੈ ਕਿ ਹਿੰਦੂ ਅਤੇ ਮੁਸਲਿਮ ਦੋ ਕੌਮਾਂ ਹਨ।"[6]

ਸੋ ਇਹ ਗੱਲ ਕਰਨ ਤੋਂ ਭਾਵ ਇਹ ਹੈ ਕਿ ਇਹ ਹਿੰਦੁਸਤਾਨ ਨੂੰ ਸਿਰਫ ਹਿੰਦੂਆਂ ਦਾ ਦੇਸ਼ ਜਾਂ ਜੇ ਹੋਰ ਵੀ ਠੀਕ ਤਰ੍ਹਾਂ ਨਾਲ ਕਹਿਣਾ ਹੋਵੇ ਤਾਂ ਜਿਵੇਂ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨੇ ਹਿੰਦੂ-ਰਾਸ਼ਟਰ ਕਿਹਾ ਹੈ, ਇਹ ਹੀ ਗਿਣਦੇ ਹਨ। ਅਤੇ ਇਹ ਆਪਣੇ ਆਪ ਨੂੰ ਆਰੀਅਨਾਂ ਦੀ ਨਸਲ 'ਚੋਂ ਗਿਣਦੇ ਹਨ। ਇਸੇ ਲਈ ਇਹ ਆਪਣੀ ਨਸਲ ਤੋਂ ਵੱਖ ਕਿਸੇ

ਵੀ ਧਰਮ, ਫਿਰਕੇ, ਨਾਸਤਿਕ, ਕੌਮ ਆਦਿ ਨੂੰ ਹਿੰਦੁਸਤਾਨ ਦੇ ਸ਼ਹਿਰੀ ਹੀ ਨਹੀਂ ਮੰਨਦੇ। ਇਸ ਨੂੰ ਸਮਝਣ ਲਈ ਇਨ੍ਹਾਂ ਦੇ ਗੁਰੂ ਜੀ ਐਮ.ਐਸ. ਗੋਲਵਾਲਕਰ ਦਾ ਹਵਾਲਾ ਦੇਖੋ, ਜਿਸਦੇ ਸਿਧਾਂਤ 'ਤੇ ਇਹ ਚੱਲਦੇ ਹਨ। ਗੋਲਵਾਲਕਰ ਲਿਖਦਾ ਹੈ ਕਿ " ਹਿੰਦੁਸਤਾਨ ਅੰਦਰ ਗੈਰ-ਹਿੰਦੂ ਨੂੰ ਲਾਜ਼ਮੀ ਹੀ ਜਾਂ ਤਾਂ ਹਿੰਦੂ ਸਭਿਆਚਾਰ ਅਤੇ ਭਾਸ਼ਾ ਅਪਣਾਉਣੀ ਪਵੇਗੀ, ਲਾਜ਼ਮੀ ਹੀ ਹਿੰਦੂ ਧਰਮ ਦੀ ਪੂਜਾ ਕਰਨੀ ਪਵੇਗੀ, ਲਾਜ਼ਮੀ ਹੀ ਹਿੰਦੂ ਕੌਮ ਦੀ ਮਹਿਮਾ-ਮੰਡਨ ਕਰਨ ਤੋਂ ਸਿਵਾਏ ਕੋਈ ਹੋਰ ਵਿਚਾਰ ਨਹੀਂ ਅਪਣਾਉਣਾ ਹੋਵੇਗਾ, ਉਨ੍ਹਾਂ ਨੂੰ ਲਾਜ਼ਮੀ ਹੀ ਇਸ ਧਰਤੀ ਦੀਆਂ ਪ੍ਰਾਚੀਨ ਰਵਾਇਤਾਂ ਪ੍ਰਤੀ ਅਸਹਿਣਸ਼ੀਲਤਾ ਅਤੇ ਅਕ੍ਰਿਤਘਣਤਾ ਦੀ ਮਨੋਬਿਰਤੀ ਹੀ ਨਹੀਂ ਤਿਆਗਣੀ ਪਵੇਗੀ ਬਲਕਿ ਲਾਜਮੀ ਹੀ ਪਿਆਰ ਅਤੇ ਸ਼ਰਧਾ ਭਾਵਨਾ ਰੱਖਣੀ ਹੋਵੇਗੀ; ਇੱਕ ਸ਼ਬਦ 'ਚ, ਉਨ੍ਹਾਂ ਨੂੰ ਜਾਂ ਤਾਂ ਵਿਦੇਸ਼ੀਆਂ ਵਾਲਾ ਸਭ ਕੁੱਝ ਛੱਡਣਾ ਪਵੇਗਾ ਜਾਂ ਇਸ ਦੇਸ਼ 'ਚ ਰਹਿਣ ਲਈ ਪੂਰੀ ਤਰ੍ਹਾਂ ਨਾਲ ਹਿੰਦੂ ਕੌਮ ਦੇ ਅਧੀਨ ਰਹਿਣਾ ਹੋਵੇਗਾ ਅਤੇ ਕੁੱਝ ਵੀ ਦਾਅਵਾ (Claim) ਨਹੀਂ ਕਰਨਾ ਹੋਵੇਗਾ ਅਤੇ ਨਾ ਹੀ ਉਹ ਕਿਸੇ ਰਿਆਇਤ (privilege) ਦੇ ਹੱਕਦਾਰ ਹੋਣਗੇ, ਵਿਸ਼ੇਸ਼ ਤਰਜੀਹੀ ਵਿਹਾਰ ਦੀ ਗੱਲ ਤਾਂ ਛੱਡੋ ਬਲਕਿ ਉਨ੍ਹਾਂ ਨੂੰ ਨਾਗਰਿਕ ਅਧਿਕਾਰ ਵੀ ਨਹੀਂ ਹੋਣਗੇ।"[7] (ਇੱਥੇ ਦਿਲਚਸਪ ਪਰ ਦੁਖਾਂਤਕ ਤੱਥ ਇਹ ਹੈ ਕਿ ਕੌਮੀ ਨਾਗਰਿਕ ਰਜਿਸਟਰ ਰਾਹੀਂ ਇਹ ਨਾਗਰਿਕ ਅਧਿਕਾਰ ਖੋਹਕੇ ਬੰਦੀਖਾਨਿਆਂ 'ਚ ਤੁੰਨਿਆ ਜਾ ਰਿਹਾ ਹੈ।)

ਇਸ ਲਈ ਜਦੋਂ ਇਹ ਪੁਰਾਣੇ ਸਮਿਆਂ ਤੋਂ ਇਹੋ-ਜਿਹੀ ਵਿਚਾਰਧਾਰਾ ਦੇ ਹਾਮੀ ਹਨ ਤਾਂ ਅੱਜ ਕੌਮੀ ਨਾਗਰਿਕ ਰਜਿਸਟਰ ਵਰਗੇ ਬਹਾਨਿਆਂ ਨਾਲ ਸਾਰੇ ਗੈਰ-ਹਿੰਦੂ ਲੋਕਾਂ ਨੂੰ ਬਾਹਰਲੇ ਕਹਿਕੇ ਉਨ੍ਹਾਂ ਨੂੰ ਅਸਾਮ 'ਚ ਬਣਾਏ ਬੰਦੀ ਕੇਂਦਰਾਂ 'ਚ ਬੰਦ ਕਰਨਾ; ਅਤੇ ਆਪਣੇ ਹੀ ਬਣਾਏ ਕੌਮੀ ਨਾਗਰਿਕ ਰਜਿਸਟਰ 'ਚ ਬਾਹਰ ਰਹਿ ਗਏ ਹਿੰਦੂਆਂ ਨੂੰ ਵਲ-ਵਲੇਵੇਂ ਪਾਕੇ ਕਿਵੇਂ ਨਾ ਕਿਵੇਂ ਇਸ ਦੇਸ਼ ਦੇ ਨਾਗਰਿਕ ਬਣਾਉਣ ਦੀ ਕੋਸ਼ਿਸ਼ ਕਰਨਾ ਸਾਫ ਕਰਦਾ ਹੈ ਕਿ ਇਹ ਸਾਡੇ ਦੇਸ਼ ਨੂੰ ਇੱਕ ਧਰਮ ਆਧਾਰਤ ਦੇਸ਼-ਹਿੰਦੂ ਰਾਸ਼ਟਰ- ਬਣਾਉਣ 'ਤੇ ਤੁਲੇ ਹੋਏ ਹਨ। ਇਹ ਕਿਵੇਂ ਹੋਵੇਗਾ, ਇਹ ਸਭਨੂੰ ਪਤਾ ਹੀ ਹੈ ਕਿ ਸਭ ਤਰ੍ਹਾਂ ਦੀਆਂ ਘੱਟ-ਗਿਣਤੀਆਂ ਅਤੇ ਸਮੁੱਚੇ ਨਾਸਤਿਕਾਂ ਨੂੰ ਹੀ ਜ਼ਬਰ ਦਾ ਸ਼ਿਕਾਰ ਬਣਾਇਆ ਜਾਵੇਗਾ। ਇਸ ਲਈ ਬੰਦੀਖਾਨੇ ਤਾਂ ਕੀ ਇਨ੍ਹਾਂ ਨੂੰ ਸਿੱਧੇ ਤੌਰ 'ਤੇ ਵੀ ਕੋਈ ਹੋਰ ਘਿਨਾਉਣਾ ਕਰਮ ਕਰਨਾ ਪਿਆ ਤਾਂ ਉਹ ਵੀ ਕਰਨਗੇ। ਸੋ ਨਾਗਰਿਕ ਰਜਿਸਟਰ ਤਾਂ 'ਏਕ ਬਹਾਨਾ ਹੈ, ਅਸਲ 'ਚ ਹਿੰਦੂ ਰਾਸ਼ਟਰ ਬਣਾਨਾ ਹੈ'। ਜੇ ਗੱਲ ਇੱਧਰ ਨੂੰ ਵਧਦੀ ਹੈ ਤਾਂ ਇਹ ਸਾਡੇ ਦੇਸ਼ ਲਈ ਬਹੁਤ ਹੀ ਘਾਤਕ ਸਿੱਧ ਹੋਵੇਗਾ।

ਇਸਦਾ ਇੱਕ ਹੋਰ ਕਾਰਨ ਵੀ ਨੋਟ ਕਰਨਾ ਬਣਦਾ ਹੈ। ਉਹ ਇਹ ਕਿ ਅੱਜ ਸਾਡੇ ਦੇਸ਼ ਦੀ ਆਰਥਕਤਾ ਡਾਵਾਂ-ਡੋਲ ਹੀ ਨਹੀਂ ਬਲਕਿ ਮੰਦੀ 'ਚ ਚੱਲ ਰਹੀ ਹੈ। ਵਿਤ ਮੰਤਰੀ ਦੇ ਨਿੱਤ ਨਵੇਂ ਤੋਂ ਨਵੇਂ ਹੱਲ ਪੇਸ਼ ਕਰਨ, ਜਿਵੇਂ ਕਾਰਪੋਰਟ ਸੈਕਟਰ ਨੂੰ ਟੈਕਸਾਂ ਦੀ ਛੋਟ ਦੇਣੀ ਅਤੇ ਅਜਿਹਾ ਹੋਰ ਬਹੁਤ ਕੁੱਝ, ਦੇ ਬਾਵਜੂਦ ਦੇਸ਼ ਦੀ ਆਰਥਕਤਾ ਮੰਦੀ 'ਚੋਂ ਨਹੀਂ ਨਿਕਲ ਰਹੀ। ਸਮੁੱਚੀ ਸਨਅਤ ਅਤੇ ਬੈਂਕ ਆਦਿ ਮੰਦੀ ਨਾਲ ਜੂਝ ਰਹੇ ਹਨ। ਉੱਧਰ ਪੈਦਾਵਾਰ ਕਰਨ ਵਾਲੀਆਂ ਉਦਯੋਗਿਕ ਇਕਾਈਆਂ ਦਾ ਬੁਰਾ ਹਾਲ ਹੋਣ ਕਰਕੇ ਉਹ ਆਏ ਦਿਨ ਮਜ਼ਦੂਰਾਂ ਨੂੰ ਕੰਮ ਤੋਂ ਜਵਾਬ ਦੇ ਰਹੇ ਹਨ। ਇਸ ਤਰ੍ਹਾਂ ਨਾਲ ਬੇਰੁਜ਼ਗਾਰੀ 'ਚ ਵਾਧਾ ਹੋ ਰਿਹਾ ਹੈ। ਸਮੁੱਚੀ ਕਿਰਤੀ ਜਨਤਾ ਤਰਾਹ-ਤਰਾਹ ਕਰ ਰਹੀ ਹੈ। ਆਹ ਹੁਣੇ ਹੁਣੇ ਬੰਬਈ ਦੌਰੇ 'ਤੇ ਗਈ ਵਿਤ ਮੰਤਰੀ ਨੂੰ ਜਦੋਂ ਆਰਥਕ ਮੰਦੀ ਬਾਰੇ ਪੁੱਛਿਆ ਗਿਆ ਤਾਂ ਉਹ "ਇੱਕ ਚੁੱਪ-ਸੌ ਸੁੱਖ" ਵਾਲੀ ਕਹਾਵਤ ਦੇ ਅਨੁਸਾਰ ਜਵਾਬ ਦੇਣ ਦੀ ਥਾਂ ਦੜ ਵੱਟ ਗਈ। ਇਸ ਤੋਂ ਕੇਵਲ ਆਰਥਕਤਾ ਦੀ ਮੰਦੀ ਦਾ ਹੀ ਪਤਾ ਨਹੀਂ ਚੱਲਦਾ ਬਲਕਿ ਸਾਡੇ ਦੇਸ਼ ਦੀ ਹਕੂਮਤ ਕਿਵੇਂ ਕੁੜਿੱਕੀ 'ਚ ਫਸੀ ਹੋਈ ਹੈ, ਇਸਦਾ ਵੀ ਪਤਾ ਚੱਲਦਾ ਹੈ। ਇਸ ਲਈ ਇਹ ਹਕੂਮਤਾਂ ਜਦੋਂ ਇਹੋ ਜਿਹੇ ਸੰਕਟਾਂ 'ਚ ਫਸਦੀਆਂ ਹਨ ਤਾਂ ਉਹ ਇਨ੍ਹਾਂ ਨੂੰ ਟਾਲਣ ਲਈ ਜਨਤਾ ਨੂੰ ਉਨ੍ਹਾਂ ਬੁਨਿਆਦੀ ਮੁੱਦਿਆਂ 'ਤੋਂ ਭਟਕਾਉਣ ਅਤੇ ਕਿਰਤੀ ਜਨਤਾ 'ਚ ਪਾਟਕ ਪਾ ਕੇ ਉਨ੍ਹਾਂ ਨੂੰ ਹਕੂਮਤ ਖਿਲਾਫ ਖੜ੍ਹੇ ਹੋ ਜਾਣ ਤੋਂ ਰੋਕਣ ਲਈ ਇਹੋ-ਜਿਹੀ ਭਰਾ-ਮਾਰ ਲੜਾਈ 'ਚ ਉਲਝਾਉਣ ਵੱਲ ਤੁਰਦੀਆਂ ਹਨ। ਹਾਂ, ਜੇਕਰ ਕਿਰਤੀ ਜਮਾਤ ਜਮਾਤੀ ਸੂਝ ਨਾਲ ਲੈਸ ਹੋਕੇ ਨਾ ਵੀ ਉਲਝੇ ਤੇ ਹਕੂਮਤ ਖਿਲਾਫ ਉੱਠ ਖੜੀ ਹੋਵੇ ਤਾਂ ਫਿਰ ਦੇਸ਼-ਧ੍ਰੋਹ ਦੇ ਨਾਮ 'ਤੇ ਜਾਂ ਇੱਥੋਂ ਦਾ ਨਾਗਰਿਕ ਨਾ ਹੋਣ ਦੇ ਨਾਮ 'ਤੇ ਜ਼ਬਰ ਦਾ ਫਾਸ਼ੀ ਕੁਹਾੜਾ ਤਾਂ ਤਿਆਰ ਹੀ ਪਿਆ ਹੁੰਦਾ ਹੈ।

**98769-53561**

ਹਵਾਲੇ :

1. ਲਲਕਾਰ (9-9-2019), 2. ਲਲਕਾਰ (9-9-2019), 3. ਲਲਕਾਰ (9-9-2019),
4. FASCISM OF SANGH PARIVAR RAM PUNIYANI First Edition-2009 January Printed by Printers Port ਅੰਗਰੇਜ਼ੀ- ਸਫਾ 24, 5. -ਉਕਤ- ਸਫਾ 50, 6. -ਉਕਤ- ਸਫਾ 39, 7. ਉਕਤ ਸਫਾ 29

*ਮਨੋਰੋਗ ਮਾਹਿਰ ਦੀ ਕਲਮ ਤੋਂ (ਪਲੱਸੀਬੋ ਅਤੇ ਨੋਸੀਬੋ (Placebo and Nocebo) - 2*

# ਪਲੱਸੀਬੋ ਇਫੈਕਟ (ਪ੍ਰਭਾਵ) ਅਤੇ ਹੋਮੀਓਪੈਥੀ (Homeopathy)



**ਡਾ. ਬਲਵੰਤ ਸਿੱਧੂ**

**ਪਲੱਸੀਬੋ ਇਫੈਕਟ ਅਤੇ ਹੋਮੀਓਪੈਥੀ (Homeopathy) :** ਪਿਛਲੇ ਅੰਕ ਵਿੱਚ ਪਲੱਸੀਬੋ ਇਫੈਕਟ ਦੀ ਗੱਲ ਕੀਤੀ ਗਈ ਸੀ। ਬਹੁਤ ਸਾਰੇ ਆਧੁਨਿਕ ਸਾਇੰਸਦਾਨਾਂ ਦਾ ਮੱਤ ਹੈ ਕਿ ਹੋਮੀਓਪੈਥੀ ਦੁਆਈਆਂ ਵੀ ਪਲੱਸੀਬੋ ਇਫੈਕਟ ਕਾਰਣ ਹੀ ਬਿਮਾਰੀ 'ਤੇ ਅਸਰ ਕਰਦੀਆਂ ਹਨ। ਇਸ ਵਿਸ਼ੇ ਉੱਤੇ ਬਹੁਤ ਖੋਜ ਹੋ ਚੁੱਕੀ ਹੈ। ਆਓ ਹੋਮੀਓਪੈਥੀ ਦੇ ਵੱਖ ਵੱਖ ਪਹਿਲੂਆਂ ਬਾਰੇ ਜਾਣੀਏ।

**ਹੋਮੀਓਪੈਥੀ ਦੁਆਈਆਂ ਦੇ ਅਸਰ ਕਰਨ ਦੇ ਇਹ ਕਾਰਣ ਹਨ :**

1. ਦੋ ਤਰ੍ਹਾਂ ਦੇ ਵਿਅਕਤੀ ਹੋਮੀਓਪੈਥੀ ਵਿੱਚ ਯਕੀਨ ਰੱਖਦੇ ਹਨ ਅਤੇ ਇਸ ਦੇ ਅਸਰਦਾਰ ਹੋਣ ਦਾ ਦਾਅਵਾ ਵੀ ਕਰਦੇ ਹਨ; ਇੱਕ ਉਹ ਵਿਅਕਤੀ ਜਿਹਨਾਂ ਨੂੰ ਹੋਮੀਓਪੈਥੀ ਵਿੱਚ ਪੱਕਾ ਵਿਸ਼ਵਾਸ ਹੈ, ਦੂਜਾ ਉਹ ਲੋਕ ਜੋ ਹੋਮੀਓਪੈਥੀ ਦੁਆਈਆਂ ਵੇਚਦੇ ਹਨ।
2. ਕਈ ਆਮ ਬਿਮਾਰੀਆਂ ਸਮੇ ਨਾਲ ਆਪਣੇ ਆਪ ਹੀ ਠੀਕ ਹੋ ਜਾਂਦੀਆਂ ਹਨ। ਸਰੀਰ ਅੰਦਰ ਇਹਨਾਂ ਨੂੰ ਠੀਕ ਕਰਨ ਦੀ ਕੁਦਰਤੀ ਸ਼ਕਤੀ ਹੁੰਦੀ ਹੈ, ਇਸ ਲਈ ਇਨ੍ਹਾਂ ਬਿਮਾਰੀਆਂ ਨੂੰ ਕੋਈ ਵੀ ਓਹੜ-ਪੋਹੜ ਠੀਕ ਕਰ ਦਿੰਦਾ ਹੈ ਅਤੇ ਵਿਅਕਤੀ ਦਾ ਉਸ ਵਿੱਚ ਯਕੀਨ ਹੋ ਜਾਂਦਾ ਹੈ।
3. ਕਈ ਸਧਾਰਣ ਰੋਗੀਆਂ ਨੂੰ ਸਿਰਫ ਕਿਸੇ ਵੀ ਡਾਕਟਰ ਜਾਂ ਹੋਰ ਇਲਾਜ ਕਰਨ ਵਾਲੇ ਵਿਅਕਤੀ ਕੋਲ ਜਾਣ ਦੀ ਦੇਰ ਹੈ ਕਿ ਉਹ ਠੀਕ ਹੋ ਜਾਂਦੇ ਹਨ।
4. ਅੱਜ-ਕੱਲ ਕਈ ਹੋਮੀਓਪੈਥ ਡਾਕਟਰ ਆਪਣੀਆਂ ਦੁਆਈਆਂ ਦੇ ਨਾਲ-ਨਾਲ ਸਟੀਰਾਇਡ ਜਾਂ ਹੋਰ ਵਿਗਿਆਨਕ ਦੁਆਈਆਂ ਵੀ ਮਿਕਸ ਕਰਕੇ ਦਿੰਦੇ ਹਨ ਅਤੇ ਇਲਾਜ ਦਾ ਸਿਹਰਾ ਹੋਮੀਓਪੈਥੀ ਨੂੰ ਹੀ ਦਿੰਦੇ ਹਨ। ਲੇਖਕ ਦਾ ਆਪਣਾ ਨਿੱਜੀ ਤਜਰਬਾ ਹੈ ਜਿਸ ਵਿੱਚ ਵੇਖਿਆ ਗਿਆ ਕਿ ਕੁੱਝ ਮਰੀਜਾਂ ਨੂੰ ਹੋਮੀਓਪੈਥੀ ਦੁਆਈਆਂ ਵਿੱਚ ਰਲਾ ਕੇ ਕਈ ਮਨੋਰੋਗਾਂ ਸੰਬੰਧੀ ਦੁਆਈਆਂ ਦਿੱਤੀਆਂ ਗਈਆਂ ਸਨ। ਕੁੱਝ ਸਾਲ ਪਹਿਲਾਂ ਇੱਕ ਗੁਆਂਢੀ ਮੁਲਕ ਵਿੱਚ ਇੱਕ ਪ੍ਰਸਿੱਧ ਹੋਮੀਓਪੈਥ ਦੀਆਂ ਦੁਆਈਆਂ ਵਿੱਚ ਅੰਤਰ-ਰਾਸ਼ਟਰੀ ਵਿਗਿਆਨੀਆਂ ਵੱਲੋਂ ਸਟੀਰਾਇਡ ਦਾ ਮਿਸ਼ਰਣ ਲੱਭਿਆ ਗਿਆ ਸੀ।
5. ਬਹੁਤ ਸਾਰੀਆਂ ਬਿਮਾਰੀਆਂ ਜਾਂ ਇਨ੍ਹਾਂ ਦੇ ਲੱਛਣ ਪਲੱਸੀਬੋ ਇਫੈਕਟ ਨਾਲ ਵੀ ਠੀਕ ਹੋ ਜਾਂਦੇ ਹਨ ਅਤੇ ਸਫਲਤਾ ਦਾ ਸਿਹਰਾ ਹੋਮੀਓਪੈਥੀ ਨੂੰ ਜਾਂਦਾ ਹੈ। ਇਨ੍ਹਾਂ ਵਿੱਚ ਵਿਸ਼ੇਸ ਤੌਰ ਤੇ ਦਰਦ ਅਤੇ ਅਲਰਜੀ ਸੰਬੰਧੀ ਲੱਛਣ ਹੁੰਦੇ ਹਨ।

ਰਾਇਲ ਲੰਡਨ ਹੋਮੀਓਪੈਥਿਕ ਹਸਪਤਾਲ ਦੇ ਡਾਕਟਰ/ਖੋਜ ਕਰਤਾ ਡਾ. ਵਾਇਕਰਸ ਨੇ ਹੋਮੀਓਪੈਥੀ ਅਤੇ ਪਲੱਸੀਬੋ ਸੰਬੰਧੀ ਪੰਜ ਰਿਸਰਚ ਪੇਪਰ ਲੱਭੇ ਜਿੰਨ੍ਹਾਂ ਵਿੱਚ ਹੋਮੀਓਪੈਥੀ ਦਾ ਪੱਖ ਸਿੱਧ ਕਰਨ ਦੀ ਕੋਸ਼ਿਸ ਕੀਤੀ ਗਈ ਸੀ। ਉਸ ਨੇ ਇਨ੍ਹਾਂ ਖੋਜ ਪੱਤਰਾਂ ਦਾ ਅਧਿਐਨ ਕੀਤਾ ਅਤੇ ਸੰਬੰਧਿਤ ਖੋਜੀਆਂ ਨਾਲ ਰਾਬਤਾ ਵੀ ਕਾਇਮ ਕੀਤਾ। ਉਸ ਨੇ ਇਨ੍ਹਾਂ ਨਤੀਜਿਆਂ ਦੇ ਵਿਰੋਧ ਵਿੱਚ ਆਏ ਕੁੱਝ ਸੁਆਲ ਜੁਆਬ ਵੀ ਘੋਖੇ। ਉਸ ਮੁਤਾਬਿਕ ਹੋਮੀਓਪੈਥੀ ਅਤੇ ਪਲੱਸੀਬੋ ਵਿੱਚ ਫਰਕ ਦੱਸਣ ਵਾਲਿਆਂ ਬਾਰੇ ਸਭ ਤੋਂ ਅਸਰਦਾਰ ਇਤਰਾਜ ਜਾਂ ਵਿਰੋਧ ਇਹ ਸੀ - ਕਿਉਂਕਿ ਵਿਗਿਆਨ ਮੁਤਾਬਿਕ ਹੋਮੀਓਪੈਥੀ ਦਾ ਦਾਅਵਾ ਅਸੰਭਵ ਹੈ ਇਸ ਲਈ ਹੋਮੀਓਪੈਥੀ ਨੂੰ ਆਪਣੇ ਆਪ ਨੂੰ ਪਲੱਸੀਬੋ ਨਾਲੋਂ ਬੇਹਤਰ ਕਹਿਣ ਲਈ ਆਮ ਸਧਾਰਣ ਸਬੂਤਾਂ ਦੇ ਮੁਕਾਬਲੇ ਬਹੁਤ ਪੁਖਤਾ ਵਿਗਿਆਨਕ ਸਬੂਤ ਪੇਸ਼ ਕਰਨੇ ਪੈਣਗੇ।

ਹੋਮੀਓਪੈਥੀ ਸੰਨ 1796 ਵਿੱਚ ਜਰਮਨ ਡਾਕਟਰ ਸੈਮੂਅਲ ਹੈਨੇਮਨ (Samuel Hahnemann) ਵੱਲੋਂ ਬਦਲਵੀਂ ਇਲਾਜ ਦੀ ਪੱਧਤੀ (alternative medicine) ਦੇ ਤੌਰ 'ਤੇ ਇਜਾਦ ਕੀਤੀ ਗਈ ਸੀ। ਉਸ ਦਾ ਸਿਧਾਂਤ ਸੀ similia similibus curentur. (ਜਰਮਨ ਭਾਸ਼ਾ)। ਇਸ ਦਾ ਭਾਵ ਇਹ ਹੈ ਕਿ ਉਹ ਪਦਾਰਥ ਜਿਹੜਾ ਨਾਰਮਲ ਵਿਅਕਤੀ ਵਿੱਚ ਕਿਸੇ ਬਿਮਾਰੀ ਦੇ ਲੱਛਣ ਪੈਦਾ ਕਰ ਸਕਦਾ ਹੈ, ਉਹ ਪਦਾਰਥ ਉਸ ਲੱਛਣਾਂ ਵਾਲੀ ਬਿਮਾਰੀ ਤੋਂ ਪੀੜਤ ਮਰੀਜ਼ ਨੂੰ ਠੀਕ ਕਰ ਦੇਵੇਗਾ। ਬੇਸ਼ਕ ਹੋਮੀਓਪੈਥੀ ਦੇ ਮੰਨਣ ਵਾਲੇ ਇਸ ਸਿਧਾਂਤ ਨੂੰ ਦ੍ਰਿੜਤਾ ਨਾਲ ਮੰਨਦੇ ਹਨ ਪਰ ਵਿਗਿਆਨ ਦੇ ਪੱਖ ਤੋਂ ਇਹ ਸਹੀ ਨਹੀਂ ਹੈ ਅਤੇ ਵਿਗਿਆਨ ਇਸ ਨੂੰ ਗੈਰ ਵਿਗਿਆਨਕ ਤੱਥ ਜਾਂ ਝੂਠਾ ਵਿਗਿਆਨ (Pseudo-science) ਮੰਨਦਾ ਹੈ। ਹੋਮੀਓਪੈਥੀ ਦਾ ਇੱਕ ਹੋਰ ਬਹੁਤ ਅਹਿਮ ਸਿਧਾਂਤ ਇਹ ਹੈ ਕਿ ਜਿੰਨੀ ਵੀ ਕਿਸੇ ਵੀ ਪਦਾਰਥ ਜਾਂ ਦੁਆਈ ਦੀ ਮਾਤਰਾ ਅਲਕੋਹਲ ਜਾਂ ਪਾਣੀ ਪਾ ਕੇ ਘਟਾਈ ਜਾਂਦੀ ਹੈ ਉਨ੍ਹੀਂ ਹੀ ਉਹ ਦੁਆਈ ਹੋਰ ਅਸਰਦਾਰ ਹੁੰਦੀ ਜਾਂਦੀ ਹੈ। ਹੋਮੀਓਪੈਥੀ

ਵਿੱਚ ਦੁਆਈ ਦੇ ਅਸਰ ਕਰਨ ਦੀ ਸ਼ਕਤੀ (potency) ਨੂੰ ਮਿਣਨ ਦੇ ਪੈਮਾਨੇ ਨੂੰ ਸੈਂਟੈਸੀਮਲ ਸਕੇਲ ਜਾਂ ਸੀ ਸਕੇਲ (Centesimal or C scale) ਆਖਦੇ ਹਨ। ਇਸ ਸਕੇਲ ਦੇ ਹਰ ਸਟੇਜ ਤੇ ਦੁਆਈ ਨੂੰ ਅਲਕੋਹਲ ਜਾਂ ਪਾਣੀ ਪਾਕੇ 100 ਗੁਣਾ ਪਤਲਾ ਕੀਤਾ ਜਾਂਦਾ ਹੈ ਅਤੇ ਵਿਸ਼ਵਾਸ ਕੀਤਾ ਜਾਦਾ ਹੈ ਕਿ ਇਸ ਨਾਲ ਉਨ੍ਹੇ ਹੀ ਗੁਣਾ ਸ਼ਕਤੀ ਵੱਧ ਜਾਂਦੀ ਹੈ। 1 ਸੀ ਪੋਟੈਂਸੀ ਲਈ ਦੁਆਈ ਨੂੰ 100 ਗੁਣਾ ਪਤਲਾ ਕੀਤਾ ਜਾਂਦਾ ਹੈ। 2 ਸੀ ਪੋਟੈਂਸੀ ਲਈ ਪਹਿਲੇ ਸੈਂਪਲ ਵਿੱਚੋਂ 1/100 ਹਿੱਸਾ ਲੈ ਕੇ ਉਸ ਨੂੰ ਫੇਰ 100 ਗੁਣਾ ਪਤਲਾ ਕੀਤਾ ਜਾਂਦਾ ਹੈ। 10 ਸੀ ਪੋਟੈਂਸੀ ਲਈ ਇਹ ਕ੍ਰਮ 10 ਬਾਰ ਦੁਹਰਾਇਆ ਜਾਂਦਾ ਹੈ। ਸਭ ਤੋਂ ਵੱਧ ਪੋਟੈਂਸੀ 30 ਸੀ ਮੰਨੀ ਜਾਂਦੀ ਹੈ ਜਿਸ ਵਿੱਚ ਇਹ ਕ੍ਰਿਆ 30 ਵਾਰ ਦੁਹਰਾਈ ਜਾਂਦੀ ਹੈ। ਬੇਸ਼ਕ ਇਸ ਅਵਸਥਾ ਵਿੱਚ ਹੋਮੀਓਪੈਥੀ ਅਨੁਸਾਰ ਦੁਆਈ ਨੂੰ ਸਭ ਤੋਂ ਅਸਰਦਾਰ ਮੰਨਿਆ ਜਾਂਦਾ ਹੈ ਪਰ ਵਿਗਿਆਨਿਕ ਦ੍ਰਿਸ਼ਟੀਕੋਣ ਤੋਂ ਇਹ ਸੰਭਵ ਨਹੀਂ ਹੈ ਕਿਉਂਕਿ ਏਨੀ ਵਾਰੀ ਦੁਆਈ ਨੂੰ ਪਤਲਾ ਕਰਨ ਨਾਲ ਸੰਭਵ ਹੈ ਕਿ ਦੁਆਈ ਦੇ ਸੈਂਪਲ ਵਿੱਚ ਦੁਆਈ ਦਾ ਇੱਕ ਵੀ ਅਣੂ ਜਾਂ ਮੌਲੀਕਯੂਲ (Molecule) ਨਾ ਹੋਵੇ। ਅਜਿਹੀ ਅਵਸਥਾ ਵਿੱਚ ਦੁਆਈ ਅਤੇ ਸ਼ੁੱਧ ਪਾਣੀ ਵਿੱਚ ਕੋਈ ਅੰਤਰ ਨਹੀਂ ਹੋਵੇਗਾ। ਸੋ ਵਿਗਿਆਨਕ ਦ੍ਰਿਸ਼ਟੀਕੋਨ ਤੋਂ ਹੋਮੀਓਪੈਥੀ ਦਾ ਇਹ ਪੋਟੈਂਸੀ ਦਾ ਸਿਧਾਂਤ ਸੰਭਵ ਨਹੀਂ ਹੈ। ਅਸਲ ਵਿੱਚ ਜੇ ਗੌਰ ਕੀਤੀ ਜਾਵੇ ਤਾਂ ਜਦੋਂ ਹੋਮੀਓਪੈਥੀ ਦੇ ਸਿਧਾਂਤ ਬਣੇ ਤਾਂ ਉਦੋਂ ਡਾਕਟਰ ਹੈਨੇਮਨ ਨੂੰ ਪਦਾਰਥ ਦੀ ਰਚਨਾ ਬਾਰੇ ਅਤੇ ਐਟਮ ਅਤੇ ਮੌਲੀਕਯੂਲ ਬਾਰੇ ਜਾਣਕਾਰੀ ਨਹੀਂ ਸੀ। ਸੋ ਹੋਮੀਓਪੈਥੀ ਦੇ ਪੁਰਾਣੇ ਸਿਧਾਂਤ ਅਜੋਕੀ ਸਾਇੰਸ ਦੀ ਜਾਣਕਾਰੀ ਅਤੇ ਗਿਆਨ ਦੇ ਮੱਦੇਨਜ਼ਰ ਠੀਕ ਨਹੀਂ ਹਨ। ਇਸ ਨੂੰ ਇਸ ਉਦਾਹਰਣ ਨਾਲ ਸਮਝਿਆ ਜਾ ਸਕਦਾ ਹੈ ਕਿ ਅੱਜ-ਕੱਲ ਵੀ ਇਹ ਗਲਤ ਧਾਰਣਾ ਪ੍ਰਚਲਤ ਹੈ ਕਿ ਮਨੁੱਖੀ ਭਾਵਨਾਵਾਂ ਦਾ ਸੰਬੰਧ ਦਿਲ ਨਾਲ ਹੈ। (ਵਿਗਿਆਨ ਦੱਸਦਾ ਹੈ ਕਿ ਭਾਵਨਾਵਾਂ ਦਾ ਸੰਬੰਧ ਦਿਮਾਗ ਨਾਲ ਹੈ।) ਪਰ ਕਿਉਂਕਿ ਅੱਜ-ਕੱਲ੍ਹ ਦੇ ਹੋਮੀਓਪੈਥੀ ਦੇ ਹਿਮਾਇਤੀ ਉੱਪਰ ਲਿਖੇ ਵਿਗਿਆਨਕ ਤੱਥ ਨੂੰ ਸਮਝ ਚੁੱਕੇ ਹਨ ਇਸ ਲਈ ਉਨ੍ਹਾਂ ਦੀ ਇਹ ਦਲੀਲ ਹੈ ਕਿ ਬੇਸ਼ਕ ਦੁਆਈ ਦੇ ਸੈਂਪਲ ਵਿੱਚ ਕੋਈ ਵੀ ਦੁਆਈ ਦਾ ਮੌਲੀਕਯੂਲ ਜਾਂ ਐਟਮ ਨਾ ਹੋਵੇ ਪਰ ਜਦੋਂ ਦੁਆਈ ਤਿਆਰ ਕਰਨ ਵੇਲੇ ਹਿਲਾਈ ਜਾਂਦੀ ਹੈ ਤਾਂ ਦੁਆਈ ਦੇ ਮੌਲੀਕਿਯੂਲਾਂ ਜਾਂ ਐਟਮਾਂ ਦਾ ਅਸਰ ਪਾਣੀ ਵਿੱਚ ਚਲਾ ਜਾਂਦਾ ਹੈ ਅਤੇ ਪਾਣੀ ਹੀ ਦੁਆਈ ਬਣ ਜਾਂਦਾ ਹੈ। ਪਰ ਜੇ ਗੌਰ ਨਾਲ ਇਸ ਤੇ ਵਿਚਾਰ ਕੀਤਾ ਜਾਵੇ ਤਾਂ ਸਮਝ ਆਉਂਦੀ ਹੈ ਕਿ ਇਹ ਸੰਭਵ ਨਹੀਂ ਹੈ ਅਤੇ ਵਿਗਿਆਨ ਦੇ ਨਜ਼ਰੀਏ ਤੋਂ ਇਹ ਬਹੁਤ ਹੀ ਹਾਸੋ ਹੀਣੀ ਦਲੀਲ ਜਾਂ ਸਿਧਾਂਤ ਹੈ। ਉਦਾਹਰਣ ਦੇ ਤੌਰ ਤੇ ਜਿਵੇਂ ਹੋਮੀਓਪੈਥੀ ਵਿੱਚ ਇਹ ਧਾਰਣਾ ਹੈ ਕਿ ਪਿਆਜ ਜਾਂ ਗੰਢਾ ਖਾਣ ਨਾਲ ਜ਼ੁਕਾਮ ਠੀਕ ਨਹੀਂ ਹੁੰਦਾ ਪਰ ਇਸ ਤੋਂ ਰਗੜ ਕੇ ਤਿਆਰ ਕੀਤੀ ਗਈ "ਏਲੀਅਮ ਸੇਪਾ"(*Allium cepa*) ਨਾਮ ਦੀ ਦੁਆਈ ਨੂੰ ਬਾਰ ਬਾਰ ਪਾਣੀ ਜਾਂ ਅਲਕੋਹਲ ਨਾਲ ਏਨਾ ਪਤਲਾ ਕਰਕੇ ਜੋ ਦੁਆਈ ਬਣਦੀ ਹੈ ਜਿਸ ਵਿੱਚ ਪਿਆਜ ਦਾ ਕੋਈ ਵੀ ਮੌਲੀਕਯੂਲ ਨਹੀਂ ਹੋ ਸਕਦਾ; ਜ਼ੁਕਾਮ ਦੀ ਅਸਰਦਾਰ ਦੁਆਈ ਬਣ ਜਾਂਦੀ ਹੈ।

ਕਿਉਂਕਿ ਹੋਮੀਓਪੈਥੀ ਯਕੀਨ ਕਰਦੀ ਹੈ ਕਿ ਕਿਸੇ ਵੀ ਮੌਲੀਕਿਯੂਲ ਦਾ ਪਾਣੀ ਤੇ ਅਸਰ ਹੋ ਜਾਂਦਾ ਹੈ ਅਤੇ ਪਾਣੀ ਉਸ ਅਸਰ ਨੂੰ ਦੁਆਈ ਦੇ ਤੌਰ ਤੇ ਯਾਦ ਰੱਖਦਾ ਹੈ ਤਾਂ ਆਓ ਪਾਣੀ ਤੇ ਕਿਸੇ ਵੀ ਮੌਲੀਕਿਯੂਲ ਦਾ ਅਸਰ ਅਤੇ ਇਸ ਨੂੰ ਯਾਦ ਰੱਖਣ ਦੇ ਗੁਣ ਜਾਂ ਪ੍ਰਾਪਰਟੀ ਬਾਰੇ ਜਾਣੀਏ। ਖੋਵਨ ਅਤੇ ਹੋਰ ਵਿਗਿਆਨੀ ਸਾਥੀਆਂ ਨੇ 2005 ਵਿੱਚ ਆਪਣੀ ਖੋਜ ਪ੍ਰਕਾਸ਼ਤ ਕੀਤੀ ਜਿਸ ਵਿੱਚ ਦੱਸਿਆ ਗਿਆ ਹੈ ਕਿ ਪਾਣੀ ਤਰਲ ਪਦਾਰਥ ਦੇ ਰੂਪ ਵਿੱਚ ਕਈ ਕਾਰਣਾਂ ਕਾਰਣ ਆਪਣੇ ਹਾਈਡ੍ਰੋਜਨ ਦੇ ਜੋੜਾਂ ਵਿੱਚ ਫੇਰ ਬਦਲ ਕਰਦਾ ਹੈ, ਪਰ ਇਹ ਤਬਦੀਲੀ ਸਿਰਫ 50 ਫੈਮਟੋਸਕਿੰਟ ਤੋਂ ਵੀ ਘੱਟ ਸਮੇ ਲਈ ਰਹਿੰਦੀ ਹੈ (ਇੱਕ ਫੈਮਟੋਸਕਿੰਟ=1/1000000000000000 ਸਕਿੰਟ; ਭਾਵ ਇੱਕ ਸਕਿੰਟ ਦਾ ਇੱਕ ਅਰਬ ਕਰੋੜਵਾਂ ਹਿੱਸਾ)। ਸੋ ਪਾਣੀ ਤੇ ਕਿਸੇ ਵੀ ਮੌਲੀਕਿਯੂਲ ਦਾ ਅਸਰ ਸਿਰਫ ਉਨ੍ਹੀ ਦੇਰ ਹੀ ਹੈ ਜਿੰਨ੍ਹੀ ਦੇਰ ਉਹ ਮੌਲੀਕਿਯੂਲ ਪਾਣੀ ਵਿੱਚ ਮੌਜੂਦ ਹੈ ਅਤੇ ਇਹ ਅਸਰ ਮੌਲੀਕਿਯੂਲ ਬਾਹਰ ਕੱਢਣ 'ਤੇ ਤਰੰਤ ਖਤਮ ਹੋ ਜਾਂਦਾ ਹੈ (50 ਫੈਮਟੋਸਕਿੰਟ ਤੋਂ ਵੀ ਘੱਟ ਸਮੇ ਵਿੱਚ)। ਸੋ ਹੋਮੀਓਪੈਥੀ ਦੀ ਇਹ ਦਲੀਲ ਵੀ ਵਿਗਿਆਨ ਦੇ ਪੱਖੋਂ ਗਲਤ ਹੈ ਕਿ ਮੌਲੀਕਿਯੂਲ ਮੌਜੂਦ ਨਾ ਹੋਣ ਦੇ ਬਾਵਜੂਦ ਵੀ ਪਾਣੀ 'ਤੇ ਇਸਦਾ ਅਸਰ ਰਹਿ ਸਕਦਾ ਹੈ ਜਾਂ ਪਾਣੀ ਵਿੱਚ ਕਿਸੇ ਤਬਦੀਲੀ ਨੂੰ ਯਾਦ ਰੱਖਣ ਦੀ ਸ਼ਕਤੀ ਹੈ। ਇਸੇ ਤਰ੍ਹਾਂ ਦਾ ਇੱਕ ਹੋਰ ਅੰਧ-ਵਿਸ਼ਵਾਸ ਧਾਰਮਿਕ ਲੋਕਾਂ ਵਿੱਚ ਵੀ ਹੈ ਕਿ ਜੇ ਪਾਣੀ ਜਾਂ ਜਲ ਨੂੰ ਕਿਸੇ ਧਾਰਮਿਕ ਜਗਾ ਤੇ ਰੱਖਿਆ ਜਾਵੇ ਜਾਂ ਇਸ ਨੂੰ ਕੋਲ ਰੱਖ ਕੇ ਪਾਠ-ਪੂਜਾ ਕੀਤੀ ਜਾਵੇ ਤਾਂ ਜਲ ਦਾ ਕਿਰਦਾਰ ਬਦਲ ਜਾਂਦਾ ਹੈ। ਦੁਨੀਆਂ ਦੇ ਬਹੁਤ ਸਾਰੇ ਨਾਮਵਰ ਵਿਗਿਆਨੀਆਂ ਨੇ ਬਹੁਤ ਇਹਤਿਹਾਤ ਨਾਲ ਕੀਤੇ ਤਜਰਬਿਆਂ ਤੋਂ ਇਹ ਲੱਭਿਆ ਹੈ ਕਿ ਹੋਮੀਓਪੈਥਿਕ ਦੁਆਈਆਂ ਅਤੇ ਤਜਰਬੇ ਵਿੱਚ ਵਰਤੇ ਗਏ ਕੰਟਰੋਲ ਪਦਾਰਥਾਂ ਜਿਵੇਂ ਪਾਣੀ ਆਦਿ ਵਿੱਚ ਕੋਈ ਅੰਤਰ ਨਹੀਂ ਹੈ।

ਕੁੱਝ ਲੋਕ ਹੋਮੀਓਪੈਥੀ ਦਾ ਮੁਕਾਬਲਾ ਬਚਾਉ ਦੇ

ਟੀਕਿਆਂ ਜਾਂ ਵੈਕਸੀਨ ਨਾਲ ਕਰਦੇ ਹਨ। ਇਹ ਬਿਲਕੁਲ ਗਲਤ ਹੈ। ਜਿੱਥੇ ਹੋਮੀਓਪੈਥੀ ਵਿਗਿਆਨ ਦੇ ਸਿਧਾਂਤਾਂ ਤੇ ਖਰੀ ਨਹੀਂ ਉਤਰਦੀ ਉੱਥੇ ਵੈਕਸੀਨ ਵਿਗਿਆਨ ਦੇ ਸਾਰੇ ਨਿਯਮਾਂ ਤੇ ਖਰੀ ਉਤਰਦੀ ਹੈ। ਵੈਕਸੀਨ ਬਿਮਾਰੀ ਪੈਦਾ ਕਰਨ ਵਾਲੇ ਜੀਵਾਣੂਆਂ ਤੋਂ ਕਈ ਤਰੀਕਿਆਂ ਨਾਲ ਬਣਾਈ ਜਾਂਦੀ ਹੈ ਜਿਵੇਂ ਕਿ ਉਨ੍ਹਾਂ ਦੀ ਸ਼ਕਤੀ ਘਟਾ ਕੇ ਜਾਂ ਉਨ੍ਹਾਂ ਦਾ ਕੋਈ ਵਿਸ਼ੇਸ਼ ਹਿੱਸਾ (ਐਟੀਜਨ) ਲੈ ਕੇ। ਵੈਕਸੀਨ ਸਰੀਰ ਦੇ ਅੰਦਰ ਦਾਖਲ ਹੋ ਕੇ ਸੰਬੰਧਤ ਬਿਮਾਰੀ ਦੇ ਵਿਰੁੱਧ ਸੁਰੱਖਿਆ ਪ੍ਰਣਾਲੀ ਨੂੰ ਕ੍ਰਿਆਸ਼ੀਲ ਕਰਦੀ ਹੈ। ਵੈਕਸੀਨ ਨੂੰ ਜੇ ਜ਼ਿਆਦਾ ਪਤਲਾ ਕੀਤਾ ਜਾਵੇ ਤਾਂ ਉਹ ਬੇਅਸਰ ਹੋ ਜਾਂਦੀ ਹੈ। ਜਦੋਂ ਕਿ ਹੋਮੀਓਪੈਥੀ ਦੀਆਂ ਦੁਆਈਆਂ ਅਖੌਤੀ ਤੌਰ ਤੇ ਪਤਲਾ ਕਰਨ ਨਾਲ ਹੋਰ ਅਸਰਦਾਰ ਹੋ ਜਾਂਦੀਆ ਹਨ।

ਨੈਸ਼ਨਲ ਹੈਲਥ ਸਰਵਿਸ ਇੰਗਲੈਂਡ [National Health Service (NHS) England] ਵੱਲੋਂ ਕਿਹਾ ਗਿਆ ਹੈ ਕਿ ਇਸ ਗੱਲ ਦਾ ਕੋਈ ਵੀ ਚੰਗਾ ਸਬੂਤ ਨਹੀਂ ਹੈ ਕਿ ਸਿਹਤ ਸੰਬੰਧੀ ਇਲਾਜ ਲਈ ਹੋਮੀਓਪੈਥੀ ਅਸਰਦਾਰ ਹੈ। ਇੰਗਲੈਂਡ ਵਿੱਚ ਡਾਕਟਰਾਂ ਨੂੰ ਹੋਮੀਓਪੈਥੀ ਦੁਆਈਆਂ ਲਿਖਣ ਦੀ ਮਨਾਹੀ ਹੈ। ਆਸਟ੍ਰੇਲੀਆ ਦੀ ਨੈਸ਼ਨਲ ਹੈਲਥ ਅਤੇ ਮੈਡੀਕਲ ਰਿਸਰਚ ਕਾਉਂਸਿਲ ਨੇ ਵੀ ਆਪਣੀ ਜਾਂਚ ਬਾਅਦ ਕਿਹਾ ਹੈ ਕਿ ਹੋਮੀਓਪੈਥੀ ਦਾ ਬਿਮਾਰੀਆਂ ਦੇ ਇਲਾਜ ਵਿੱਚ ਅਸਰਦਾਰ ਹੋਣ ਦਾ ਕੋਈ ਸਬੂਤ ਨਹੀਂ ਹੈ।

ਵਿਸ਼ਵ ਸਿਹਤ ਸੰਸਥਾ (The World Health Organization) ਨੇ ਕਿਹਾ ਹੈ ਕਿ ਗੰਭੀਰ ਰੋਗ ਜਿਵੇਂ ਕਿ ਟੀ.ਬੀ., ਐਚ.ਆਈ.ਵੀ./ਏਡਜ਼, ਮਲੇਰੀਆ ਆਦਿ ਬਿਮਾਰੀਆਂ ਲਈ ਹੋਮੀਓਪੈਥੀ ਨਹੀਂ ਵਰਤਣੀ ਚਾਹੀਦੀ। ਇਹ ਵੀ ਚੇਤਾਵਨੀ ਦਿਤੀ ਗਈ ਕਿ ਕਈ ਦੇਸ਼ਾਂ ਵੱਲੋਂ ਅਜਿਹੀਆਂ ਇਲਾਜ ਦੀਆਂ ਪੱਧਤੀਆ ਦਾ ਪ੍ਰਸਾਰ ਕਰਨਾ ਖਤਰਨਾਕ ਅਤੇ ਜਾਨ ਲੇਵਾ ਹੈ। W.H.O. ਨੇ ਇਹ ਵੀ ਕਿਹਾ ਹੈ ਕਿ ਉਹ ਬੱਚਿਆਂ ਵਿੱਚ ਦਸਤ ਜਾਂ ਹੋਰ ਬਿਮਾਰੀਆਂ ਲਈ ਵੀ ਹੋਮੀਓਪੈਥੀ ਨੂੰ ਵਰਤਣ ਦੀ ਸਲਾਹ ਨਹੀਂ ਦਿੰਦੇ। ਵਿਸ਼ਵ ਸਿਹਤ ਸੰਸਥਾ ਦੇ ਮਾਹਿਰ ਡਾਕਟਰ ਅਤੇ ਸਾਇੰਸਦਾਨਾਂ ਦਾ ਇਹ ਵੀ ਕਹਿਣਾ ਹੈ ਕਿ ਹੋਮੀਓਪੈਥੀ ਦੇ ਬਿਮਾਰੀਆਂ ਵਿੱਚ ਅਸਰਦਾਰ ਹੋਣ ਦਾ ਕੋਈ ਵੀ ਵਿਗਿਆਨਕ ਸਬੂਤ ਨਹੀਂ ਹੈ ਅਤੇ ਕਿਸੇ ਵੀ ਗੰਭੀਰ ਰੋਗ ਦੇ ਇਲਾਜ ਵਿੱਚ ਇਸ ਦੀ ਕੋਈ ਜਗ੍ਹਾ ਨਹੀਂ ਹੈ।

ਦੁਨੀਆ ਭਰ ਵਿੱਚ ਤਕਰੀਬਨ 20 ਕਰੋੜ ਲੋਕ ਹੋਮੀਓਪੈਥੀ ਦਾ ਨਿਯਮਤ ਤੌਰ ਤੇ ਇਸਤੇਮਾਲ ਕਰਦੇ ਹਨ। ਕੁੱਝ ਦੇਸ਼ਾਂ ਨੇ ਹੋਮਿਓਪੈਥੀ ਨੂੰ ਆਪਣੇ ਸਿਹਤ ਵਿਭਾਗ ਵਿੱਚ ਵੀ ਸ਼ਾਮਲ ਕੀਤਾ ਹੋਇਆ ਹੈ। ਜਿਵੇਂ ਕਿ ਭਾਰਤ, ਪਾਕਿਸਤਾਨ, ਮੈਕਸੀਕੋ, ਬਰਾਜੀਲ ਆਦਿ। ਪਰ ਜ਼ਿਆਦਾਤਰ ਵਿਕਸਿਤ ਦੇਸ਼ਾਂ ਨੇ ਇਸ ਨੂੰ ਮਾਨਤਾ ਨਹੀਂ ਦਿੱਤੀ ਹੋਈ ਹੈ।

ਸੋ ਇਹਨਾਂ ਉਪਰੋਕਤ ਤੱਥਾਂ ਤੋਂ ਇਹ ਸਾਫ ਜ਼ਾਹਿਰ ਹੈ ਕਿ ਹੋਮੀਓਪੈਥੀ ਦੇ ਸਿਧਾਂਤ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਅਸੰਭਵ ਹਨ। ਅਤੇ ਜੇ ਕੋਈ ਵਿਅਕਤੀ ਇਨਾਂ ਦੁਆਈਆਂ ਦੀ ਵਰਤੋਂ ਕਰਦਾ ਹੈ ਤਾਂ ਉਸ ਨੂੰ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਇਹਨਾਂ ਦੁਆਈਆਂ ਦਾ ਜੇ ਕੋਈ ਵੀ ਅਸਰ ਹੈ ਤਾਂ ਉਹ ਕੇਵਲ ਪਲੱਸੀਬੋ ਇਫੈਕਟ ਦੁਆਰਾ ਹੀ ਹੈ। ਇਸ ਲਈ ਗੰਭੀਰ ਰੋਗਾਂ ਵਿੱਚ ਇਨ੍ਹਾਂ ਦੀ ਵਰਤੋਂ ਘਾਤਕ ਸਾਬਤ ਹੋ ਸਕਦੀ ਹੈ। (ਨੌਸੀਬੋ ਇਫੈਕਟ ਬਾਰੇ ਅਗਲੇ ਅੰਕ ਵਿੱਚ)

**ਸਾਬਕਾ ਪ੍ਰਿੰਸੀਪਲ/ਪ੍ਰੋਫੈਸਰ ਤੇ ਮੁਖੀ,**
**ਸਾਇਕੈਟਰੀ / ਨਸ਼ਾ ਛੁਡਾਊ ਵਿਭਾਗ,**
**ਰਾਜਿੰਦਰਾ ਹਸਪਤਾਲ, ਪਟਿਆਲਾ।**

## ਪ੍ਰਾਪਤ ਆਰਥਿਕ ਸਹਾਇਤਾ

**ਸੁਸਾਇਟੀ ਸਹਾਇਤਾ :**

| | |
|---|---|
| ਸਰੀਰ ਪ੍ਰਦਾਨੀ ਮਰਹੂਮ ਲੀਲਾ ਦੇਵੀ ਪਤਨੀ ਮਰਹੂਮ ਅਮਰ ਨਾਥ ਦੀ ਯਾਦ ਵਿੱਚ ਉਹਨਾਂ ਦੇ ਭਰਾ ਸ਼ਾਮ ਲਾਲ ਗਰਗ ਬਠਿੰਡਾ ਵੱਲੋਂ (ਰਾਹੀਂ ਮੂਲ ਰਾਜ ਗੋਇਲ) | 5100 |
| ਪਿਆਰਾ ਸਿੰਘ ਮਾਨਵ, ਬਟਾਲਾ | 1200 |
| ਓਂਕਾਰ ਨਾਥ, ਮੋਹਾਲੀ | 500 |
| **ਹਾਲ ਫੰਡ :** | |
| ਬਲਵੰਤ ਉੱਪਲੀ (ਆਪਣੀ ਮਾਤਾ ਦੇ ਸਤਿਕਾਰ ਸਮਾਗਮ 'ਤੇ) | 1000 |
| ਮੈਨੇਜਰ ਚਮਨ ਲਾਲ, ਕਰਨੈਲ ਸਿੰਘ ਨਗਰ, ਪੱਖੋਵਾਲ ਰੋਡ, ਲੁਧਿਆਣਾ | 2000 |
| **ਇਕਾਈਆਂ ਨੂੰ ਸਹਾਇਤਾ :** | |
| **ਇਕਾਈ ਬਠਿੰਡਾ :** | |
| 1. ਰਾਜ ਗਿਆਨੀ (ਬਠਿੰਡਾ) | 1500 |
| 2. ਯੁਵਕ ਸੇਵਾਵਾਂ ਕਲੱਬ, ਮਹਿਮਾ ਭਗਵਾਨਾ | 1000 |
| **ਇਕਾਈ ਫਗਵਾੜਾ :** | |
| 1. ਜਰਨੈਲ ਸਿੰਘ ਸੌਂਧੀ (ਸਾਬਕਾ ਈ.ਟੀ.ਓ.) | 1100 |
| 2. ਅਵਤਾਰ ਸਿੰਘ ਗਿੱਲ (ਇੰਗਲੈਂਡ) | 2000 |
| **ਇਕਾਈ ਸੰਗਰੂਰ :** | |
| ਧਨੀ ਰਾਮ ਲੈਕਚਰਾਰ (ਰਿਟਾਇਰਡ), ਗੁਰੂ ਨਾਨਕ ਕਲੋਨੀ, ਸੰਗਰੂਰ | 2000 |
| **ਇਕਾਈ ਲੌਂਗੋਵਾਲ :** | |
| ਗੁਰਮੀਤ ਸਿੰਘ, ਟੈਕਨੀਸ਼ੀਅਨ (ਇਲੈਕਟਰਾਨਿਕਸ) S.L.I.E.T. (ਬੇਟੇ ਦੀ ਨੌਕਰੀ ਦੀ ਖੁਸ਼ੀ ਵਿੱਚ) | 1000 |

*ਮਨੁੱਖੀ ਅੰਗ ਬਦਲੀ ਕਾਨੂੰਨ ਦੀ ਸਿਲਵਰ ਜੁਬਲੀ ਮੌਕੇ*

# ਸਮੇਂ ਦੀ ਲੋੜ ਹੈ - ਸਰੀਰ ਪ੍ਰਦਾਨ ਅਤੇ ਅੰਗ ਪ੍ਰਦਾਨ



**ਜਸਵੰਤ ਮੋਹਾਲੀ**

2019 ਦੇ ਜੁਲਾਈ ਮਹੀਨੇ "ਦ ਟ੍ਰਿਬਿਊਨ" ਦੇ ਸੰਡੇ ਅਡੀਸ਼ਨ ਵਿੱਚ ਪੂਰੇ ਸਫੇ ਦੀ ਰਿਪੋਰਟ ਅੰਗ ਪ੍ਰਦਾਨ ਬਾਰੇ ਛਪੀ ਹੈ। ਪੜ੍ਹਕੇ ਇੱਕ ਮਾਣ ਵੀ ਮਹਿਸੂਸ ਹੋਇਆ ਕਿ ਅਸੀਂ ਇਸ ਬਾਰੇ ਅੱਜ ਤੋਂ ਸੱਤ ਸਾਲ ਪਹਿਲਾਂ ਜਾਣਕਾਰੀ 'ਤਰਕਸ਼ੀਲ' ਵਿੱਚ ਛਾਪ ਚੁੱਕੇ ਹਾਂ। ਉਸਨੂੰ ਪੜ੍ਹਕੇ ਇਸ ਵਿਸ਼ੇ ਬਾਰੇ ਦੁਬਾਰਾ ਲਿਖਣ ਦੀ ਲੋੜ ਮਹਿਸੂਸ ਹੋਈ। ਦੇਹ ਪ੍ਰਦਾਨ ਅਤੇ ਅੰਗ ਪ੍ਰਦਾਨ ਅਲੱਗ-ਅਲੱਗ ਗੱਲਾਂ ਹਨ ਜਿੰਨ੍ਹਾਂ ਬਾਰੇ ਜਾਨਣ ਦੀ ਲੋੜ ਹੈ।

**ਦੇਹ-ਪ੍ਰਦਾਨ :**

2002 ਵਿੱਚ ਤਰਕਸ਼ੀਲ ਸੁਸਾਇਟੀ ਦੇ ਉਸ ਵੇਲੇ ਦੇ ਸੂਬਾ ਮੁਖੀ ਕ੍ਰਿਸ਼ਨ ਬਰਗਾੜੀ ਦੀ ਮੌਤ ਉਪਰੰਤ ਕੀਤੇ ਸਰੀਰ ਪ੍ਰਦਾਨ ਤੋਂ ਬਾਅਦ ਲੋਕਾਂ ਵਿੱਚ ਇਸਦੀ ਚਰਚਾ ਵੀ ਛਿੜੀ ਅਤੇ ਦੇਹ ਪ੍ਰਦਾਨੀਆਂ ਦੀ ਗਿਣਤੀ ਵਿੱਚ ਵਾਧਾ ਵੀ ਹੋਇਆ। ਇਸ ਵਿਸ਼ੇ ਤੇ ਹੋਰ ਜਾਣਕਾਰੀ ਲੈਣ ਲਈ ਅਤੇ ਹੋਰ ਲੋਕਾਂ ਨੂੰ ਜਾਗਰੂਕ ਕਰਨ ਲਈ ਸੈਕਟਰ 32 ਦੇ ਮੈਡੀਕਲ ਕਾਲਜ ਦੇ ਅਨਾਟਮੀ ਵਿਭਾਗ ਦੇ ਮੁਖੀ ਦਾ ਲੈਕਚਰ ਮੁਹਾਲੀ ਵਿਖੇ ਕਰਾਇਆ ਗਿਆ ਸੀ। ਉਸ ਸਮੇਂ ਜੋ ਜਾਣਕਾਰੀ ਉਨ੍ਹਾਂ ਸਾਂਝੀ ਕੀਤੀ ਸੀ ਉਹ ਇਸ ਤਰ੍ਹਾਂ ਹੈ :

ਮੈਡੀਕਲ ਦੀ ਪੜ੍ਹਾਈ ਕਰਨ ਵਾਲੇ ਬੱਚੇ ਪਹਿਲੇ ਸਾਲ ਸਰੀਰਕ ਬਣਤਰ ਬਾਰੇ ਹੀ ਪੜ੍ਹਦੇ ਹਨ। ਵਿਗਿਆਨ ਦੀ ਇਸ ਸ਼ਾਖਾ ਦਾ ਨਾਮ ਅਨਾਟਮੀ ਹੈ। ਇਸ ਦੀ ਵਿਹਾਰਕ ਸਿੱਖਿਆ ਅਤੇ ਖੋਜ ਲਈ ਮਨੁੱਖੀ ਸਰੀਰ ਲੋੜੀਂਦਾ ਹੁੰਦਾ ਹੈ। ਇਸ ਨੂੰ ਦੇਖਦਿਆਂ ਰਾਜ ਸਰਕਾਰਾਂ ਨੇ ਅਨਾਟਮੀ ਐਕਟ ਬਣਾਏ। ਇਸ ਐਕਟ ਅਨੁਸਾਰ ਹਸਪਤਾਲ ਵਿੱਚ ਜੇਕਰ ਕਿਸੇ ਦੀ ਮੌਤ ਹੋ ਜਾਂਦੀ ਹੈ ਅਤੇ ਉਸ ਦਾ ਵਾਰਸ 72 ਘੰਟੇ ਤੱਕ ਨਹੀਂ ਆਉਂਦਾ ਤਾਂ ਉਹ ਦੇਹ ਮੈਡੀਕਲ ਦੀ ਪੜ੍ਹਾਈ ਵਾਸਤੇ ਅਨਾਟਮੀ ਵਿਭਾਗ ਵਿੱਚ ਭੇਜ ਦਿੱਤੀ ਜਾਂਦੀ ਹੈ। ਹਰ ਤਰ੍ਹਾਂ ਦੀ ਲਾਵਾਰਸ ਲਾਸ਼ 'ਤੇ ਪਹਿਲਾ ਹੱਕ ਨੇੜਲੇ ਸਰਕਾਰੀ ਮੈਡੀਕਲ ਕਾਲਜ ਦੇ ਇਸ ਵਿਭਾਗ ਦਾ ਹੈ। ਜਿਹੜੀਆਂ ਸੰਸਥਾਵਾਂ ਲਾਵਾਰਸ ਲਾਸ਼ਾਂ ਦਾ ਸੰਸਕਾਰ ਆਪਣੇ ਖਰਚੇ ਤੇ ਕਰਕੇ ਆਪਣੇ ਵੱਲੋਂ 'ਪੁੰਨ' ਦਾ ਕੰਮ ਕਰ ਰਹੀਆਂ ਹਨ, ਦਰਅਸਲ ਉਹ ਮੈਡੀਕਲ ਦੀ ਪੜ੍ਹਾਈ ਲਈ ਕੰਮ ਆਉਣ ਵਾਲੇ ਸਰੀਰ ਨੂੰ ਖਤਮ ਕਰਕੇ ਵੱਡਾ ਨੁਕਸਾਨ ਕਰਦੀਆਂ ਹਨ। (ਇਸ ਲਈ ਅਜਿਹੀਆਂ ਸੰਸਥਾਵਾਂ ਦੇ ਕਾਰਕੁੰਨ ਜੇਕਰ ਇਹ ਲੇਖ ਪੜ੍ਹਣ ਤਾਂ ਅੱਗੇ ਤੋਂ ਲਾਵਾਰਸ ਲਾਸ਼ ਦਾ ਸਸਕਾਰ ਕਰਣ ਦੀ ਥਾਂ ਲਾਸ਼ ਨੂੰ ਨੇੜਲੇ ਮੈਡੀਕਲ ਕਾਲਜ ਨੂੰ ਸੌਂਪਿਆ ਜਾਵੇ।) ਇਸ ਤਰ੍ਹਾਂ ਮਿਲਣ ਵਾਲੀ ਮ੍ਰਿਤ ਦੇਹ ਨੂੰ ਇੱਕ ਨੰਬਰ ਲਗਾ ਦਿੱਤਾ ਜਾਂਦਾ ਹੈ। ਉਸ ਦੇ ਮਿਲਣ ਦੀ ਜਗਹ, ਸੰਭਾਵਤ ਉਮਰ ਭਾਵ ਹਰ ਹਾਸਲ ਜਾਣਕਾਰੀ ਦਰਜ ਕਰ ਲਈ ਜਾਂਦੀ ਹੈ ਤਾਂ ਕਿ ਜੇਕਰ ਬਾਅਦ ਵਿੱਚ ਕਿਸੇ ਕਾਰਣ ਉਸ ਦਾ ਵਾਰਸ ਮਿਲ ਜਾਵੇ, ਜਾਂ ਕਿਸੇ ਕਨੂੰਨੀ ਕਾਰਵਾਈ ਲਈ ਜਰੂਰਤ ਪਵੇ ਤਾਂ ਉਹ ਲਾਸ਼ ਵਾਪਸ ਵੀ ਕੀਤੀ ਜਾ ਸਕਦੀ ਹੈ। ਬਸ਼ਰਤੇ ਕਿ ਉਸ ਬਾਰੇ ਵਾਰਸ ਵਲੋਂ ਦਿੱਤੀ ਜਾਣਕਾਰੀ ਪਹਿਲਾਂ ਦਰਜ ਜਾਣਕਾਰੀ ਨਾਲ ਮੇਲ ਖਾ ਜਾਵੇ। ਅੱਜ-ਕੱਲ੍ਹ ਆਪਣੀ ਮਰਜੀ ਨਾਲ ਵੀ ਮ੍ਰਿਤਕ ਦੇ ਪਰਵਾਰ ਵਾਲੇ ਸਰੀਰ ਪ੍ਰਦਾਨ ਕਰਨ ਵੱਲ ਪ੍ਰੇਰਿਤ ਹੋ ਰਹੇ ਹਨ। ਇਸ ਮ੍ਰਿਤ ਦੇਹ ਨੂੰ ਖਰਾਬ ਹੋਣ ਤੋਂ ਬਚਾਉਣ ਲਈ ਉਸਦੇ ਸਰੀਰ ਵਿੱਚ ਖਾਸ ਦਵਾਈ ਭਰ ਦਿਤੀ ਜਾਂਦੀ ਹੈ ਅਤੇ ਖਾਸ ਦਵਾਈ ਵਿੱਚ ਡੁਬੋ ਕੇ ਰੱਖਿਆ ਜਾਂਦਾ ਹੈ। ਵਿਦਿਆਰਥੀਆਂ ਨੂੰ ਇਹ ਦੱਸਿਆ ਜਾਂਦਾ ਹੈ ਕਿ ਤੁਹਾਡੇ ਅਧਿਆਪਕ ਦੀ ਤਰ੍ਹਾਂ ਹੀ ਇਹ ਮ੍ਰਿਤਕ ਦੇਹ ਦਾ ਤੁਹਾਡੇ ਸਿੱਖਣ ਵਿੱਚ ਯੋਗਦਾਨ ਹੈ, ਇਸ ਲਈ ਸਿਖਣ ਦੌਰਾਨ ਦੇਹ ਦਾ ਸਤਿਕਾਰ ਰੱਖਿਆ ਜਾਵੇ।

ਮੈਨੂੰ ਯਾਦ ਹੈ ਕਿ ਜਦੋਂ ਅਸੀਂ ਅਨਾਟਮੀ ਵਿਭਾਗ ਦੇ ਮੁਖੀ ਕੋਲ ਉਨ੍ਹਾਂ ਦਾ ਲੈਕਚਰ ਕਰਾਉਣ ਲਈ ਮਿਲਣ ਗਏ ਸੀ ਤਾਂ ਉੱਥੇ ਇੱਕ ਮਾਹਰ ਸਰਜਨ ਬੈਠੇ ਸਨ। ਉਸ ਸਰਜਨ ਨੇ ਅਨਾਟਮੀ ਵਿਭਾਗ ਵਿੱਚ ਪਏ ਮ੍ਰਿਤਕ ਸਰੀਰਾਂ ਦੀ ਮਹੱਤਤਾ ਬਾਰੇ ਦੱਸਿਆ ਕਿ ਪਿਛਲੇ ਮਹੀਨੇ ਉਨ੍ਹਾਂ ਕਿਸੇ ਵਿਅਕਤੀ ਦਾ ਢਿੱਡ ਦਾ ਅਪ੍ਰੇਸ਼ਨ ਕਰਨਾ ਸੀ। ਮੈਨੂੰ ਸਮਝ ਨਹੀਂ ਆ ਰਹੀ ਸੀ ਕਿ ਕੱਟ ਮੂਹਰੇ ਤੋਂ ਲਾਇਆ ਜਾਵੇ ਜਾਂ ਪਿੱਠ ਵਾਲੇ ਪਾਸੇ ਤੋਂ। ਮੈਂ ਇਹ ਕੰਮ ਜਿਉਂਦੇ ਸਰੀਰ ਤੇ ਨਹੀਂ ਕਰ ਸਕਦਾ ਸੀ।ਮੈਂ ਅਨਾਟਮੀ ਵਿਭਾਗ ਵਿੱਚ ਆਕੇ ਮਨੁੱਖੀ ਸਰੀਰ ਤੇ ਕੱਟ ਲਗਾਕੇ ਦੇਖਿਆ।ਅਨੇਕਾਂ ਅਪ੍ਰੇਸ਼ਨ ਕਰ ਚੁੱਕਾ ਮਾਹਰ ਸਰਜਨ ਵੀ ਪ੍ਰਦਾਨ ਕੀਤੇ ਇਸ ਮ੍ਰਿਤ ਸਰੀਰ ਤੋਂ ਸਹਾਇਤਾ ਲੈਂਦਾ ਹੈ।

ਦੇਹ-ਪ੍ਰਦਾਨ ਦਾ ਇੱਕ ਵੱਡਾ ਲਾਭ ਇਹ ਵੀ ਹੈ ਕਿ ਮੌਤ ਤੋਂ ਬਾਦ ਸਸਕਾਰ ਕਰਨ ਜਾਂ ਦਫਨਾਉਣ ਤੱਕ ਕੀਤੀਆਂ ਜਾਂਦੀਆਂ ਬਹੁਤ ਸਾਰੀਆਂ ਬੇਲੋੜੀਆਂ ਰਸਮਾਂ 'ਤੇ ਹੁੰਦੇ ਖਰਚੇ

**ਕੁੱਝ ਅੰਕੜੇ**

ਅੰਗ ਪ੍ਰਦਾਨ ਕਰਨ ਦੀ ਦਰ ਭਾਰਤ ਵਿੱਚ ਸਭ ਤੋਂ ਘੱਟ ਹੈ। ਭਾਰਤ ਵਿੱਚ ਇਹ ਦਰ ਦਸ ਲੱਖ ਦੀ ਅਬਾਦੀ ਪਿੱਛੇ ਇੱਕ ਤੋਂ ਵੀ ਘੱਟ ਹੈ। ਅੰਗ ਪ੍ਰਦਾਨ ਕਰਨ ਦੀ ਦੁਨੀਆਂ ਵਿੱਚ ਸਭ ਤੋਂ ਵੱਧ ਦਰ ਸਪੇਨ ਦੀ ਹੈ ਉੱਥੇ ਇਹ ਦਰ ਦਸ ਲੱਖ ਲੋਕਾਂ ਪਿੱਛੇ 46.9 ਹੈ ਅਤੇ ਕੁਰੇਸ਼ੀਆ ਦਾ ਦੂਸਰਾ ਨੰਬਰ ਹੈ ਜਿੱਥੇ ਇਹ ਦਰ 38.6 ਹੈ।

**ਪੀ.ਜੀ.ਆਈ. ਚੰਡੀਗੜ੍ਹ** ਵਿੱਚ 2015 ਤੋਂ ਜੂਨ 2019 ਤੱਕ ਦਿਮਾਗੀ-ਮ੍ਰਿਤ ਅੰਗ ਪ੍ਰਦਾਨੀਆਂ ਦੀ ਗਿਣਤੀ 188 ਹੈ ਜਿਸ ਤੋਂ 443 ਲੋੜਵੰਦਾਂ ਨੂੰ ਲਾਭ ਮਿਲਿਆ ਹੈ ।

**ਚੰਡੀਗੜ੍ਹ** ਵਿੱਚ 2016 ਤੋਂ 2018 ਤੱਕ 600 ਤੋਂ ਉੱਪਰ ਗੁਰਦੇ ਬਦਲੀ ਦੇ ਕੇਸ ਹਨ।ਇਨ੍ਹਾਂ ਵਿੱਚੋਂ 400 ਨੇ ਜਿਉਂਦੇ ਜੀਅ ਗੁਰਦਾ ਪ੍ਰਦਾਨ ਕੀਤਾ ਅਤੇ 200 ਕੇਸ ਦਿਮਾਗੀ ਮੌਤ ਤੋਂ ਬਾਅਦ ਵਾਲੇ ਹਨ। ਦਿਲ ਬਦਲਣ ਦਾ 2016 ਤੇ 17 ਵਿੱਚ 1-1 ਕੇਸ ਹੈ।

**ਪੰਜਾਬ** ਵਿੱਚ ਦਿਲ ਬਦਲੀ ਦਾ ਕੋਈ ਕੇਸ ਅਜੇ ਤੱਕ ਰਿਕਾਰਡ ਵਿੱਚ ਨਹੀਂ। ਗੁਰਦੇ 2017 ਵਿੱਚ 156 ਅਤੇ 2018 ਵਿੱਚ 64 ਬਦਲੇ ਗਏ ਹਨ।ਇਨ੍ਹਾਂ ਵਿੱਚੋਂ ਦਿਮਾਗੀ ਮੌਤ ਤੋਂ ਬਾਅਦ ਵਾਲੇ ਸਿਰਫ ਦੋ ਕੇਸ ਹਨ, ਬਾਕੀ ਜਿਉਂਦੇ ਜੀਅ ਗੁਰਦਾ ਦੇਣ ਵਾਲੇ ਹਨ।

**ਭਾਰਤ ਵਿੱਚ** ਸਰਕਾਰੀ ਅੰਕੜਿਆਂ ਮੁਤਾਬਕ ਹਰ ਸਾਲ ਢਾਈ ਲੱਖ ਲੋਕਾਂ ਨੂੰ ਗੁਰਦੇ, ਅੱਸੀ ਹਜ਼ਾਰ ਨੂੰ ਜਿਗਰ, ਪੰਜਾਹ ਹਜ਼ਾਰ ਨੂੰ ਦਿਲ ਅਤੇ ਇੱਕ ਲੱਖ ਨੂੰ ਕੋਰਨੀਆਂ ਚਾਹੀਦਾ ਹੁੰਦਾ ਹੈ। ਸਾਲ 1994 ਵਿੱਚ ਪਹਿਲਾ ਦਿਲ ਬਦਲੀ ਦਾ ਸਫਲ ਆਪ੍ਰੇਸ਼ਨ ਕੀਤਾ ਗਿਆ ਸੀ। 1994 ਤੋਂ 2015 ਤੱਕ 300 ਦਿਲ ਬਦਲਣ ਦੇ ਅਪ੍ਰੇਸ਼ਣ ਕੀਤੇ ਗਏ। ਅਗਲੇ ਦੋ ਸਾਲਾਂ ਵਿੱਚ ਹੀ ਇਹ ਗਿਣਤੀ 350 ਹੋ ਗਈ।

ਜੇਕਰ ਤੁਸੀਂ ਅੰਗ ਪ੍ਰਦਾਨੀ ਦੇ ਤੌਰ ੁਤੇ ਆਪਣੇ ਆਪ ਨੂੰ ਆਨਲਾਈਨ ਰਜਿਸਟਰ ਕਰਨਾ ਚਾਹੁੰਦੇ ਹੋ ਤਾਂ **notto.gov.in** ਤੇ ਜਾਕੇ ਕਰ ਸਕਦੇ ਹੋ।

**www.organindia.org** ਇਸ ਸਾਈਟ ’ਤੇ ਦੇਹ ਪ੍ਰਦਾਨ ਲਈ ਦੇਸ਼ ਦੇ ਮੁੱਖ ਸ਼ਹਿਰਾਂ ਦੀਆਂ ਸੰਸਥਾਵਾਂ ਦੇ ਸੰਪਰਕ ਨੰਬਰ ਮੌਜੂਦ ਹਨ।

ਅਤੇ ਸਮੇਂ ਦੀ ਬੱਚਤ ਹੁੰਦੀ ਹੈ। ਦੇਹ ਪ੍ਰਦਾਨ ਕਰਕੇ ਲੱਕੜਾਂ ਦੀ ਬੱਚਤ ਹੁੰਦੀ ਹੈ, ਇਹ ਰੁੱਖ ਬਚਾਉਣ ਵਾਲੀ ਗੱਲ ਹੈ। ਫੁੱਲ ਚੁਗਣ ਦੀ ਰਸਮ ਨਹੀਂ ਹੁੰਦੀ। ਫੁੱਲ ਤਾਰਨ ਲਈ ਗੱਡੀਆਂ ਭਰਕੇ ਕਿਤੇ ਜਾਣ ਦੀ ਲੋੜ ਨਹੀਂ ਰਹਿੰਦੀ। ਹਵਾ ਦਾ ਪ੍ਰਦੂਸ਼ਣ ਵੀ ਨਹੀਂ ਹੁੰਦਾ।ਇਸ ਨਾਲ ਆਤਮਾ, ਸਵਰਗ-ਨਰਕ, ਜਮਦੂਤ ਅਤੇ ਯਮਰਾਜ ਵਰਗੇ ਸੰਕਲਪਾਂ ਦੀ ਰੂੜੀਵਾਦੀ ਸੋਚ ਤੋਂ ਅਜ਼ਾਦੀ ਮਿਲਦੀ ਹੈ।

**ਅੰਗ ਪ੍ਰਦਾਨ :**

ਇਹ ਸ਼ਾਇਦ 2012 ਦੀ ਗੱਲ ਹੈ। ਪਟਿਆਲਾ ਇਕਾਈ ਦੀ ਮੈਂਬਰ ਕੁਲਵੰਤ ਕੌਰ ਨੇ ਡਾ. ਬੱਗਾ ਦੀ ਡਾਕਟਰ ਬੇਟੀ ਦੀ ਅਮਰੀਕਾ ਵਿਖੇ ਹੋਈ ਦਿਮਾਗੀ ਮੌਤ ਤੋਂ ਬਾਅਦ ਅੰਗ ਪ੍ਰਦਾਨ ਕਰਨ ਦੀ ਗੱਲ ਸੁਣਾਈ। ਉਸ ਬੇਹੱਦ ਕਾਬਲ ਡਾਕਟਰ ਬੇਟੀ ਦੀ ਅਚਾਨਕ ਮੌਤ ਹੋਣ, ਪਰਿਵਾਰ ਦਾ ਉੱਥੇ ਪਹੁੰਚ ਕੇ ਫੈਸਲਾ ਲੈਣਾ, ਮੈਡੀਕਲ ਖੇਤਰ ਦੀ ਇਸ ਤਰ੍ਹਾਂ ਅੰਗ ਲਾਉਣ ਦੀ ਮੁਹਾਰਤ ਇਹ ਸਾਰੀ ਗੱਲ ਸੁਣਦਿਆਂ ਮੈਂ ਕਿਸੇ ਹੋਰ ਦੁਨੀਆਂ ਵਿੱਚ ਪਹੁੰਚ ਗਿਆ ਸੀ। ਜਿਵੇਂ ਬੱਚੇ ਨੂੰ ਨਵੀਆਂ ਗੱਲਾਂ ਦਾ ਪਤਾ ਲਗਦਾ ਹੈ, ਮੈਂ ਉਸੇ ਤਰ੍ਹਾਂ ਸੁਣ ਰਿਹਾ ਸੀ। ਉਸਦੇ 32 ਅੰਗ ਲੋੜਵੰਦਾਂ ਨੂੰ ਲਾਏ ਗਏ। ਕੁੱਝ ਘਟਨਾਕ੍ਰਮ ਅਜਿਹੇ ਹੁੰਦੇ ਹਨ ਜਿਨਾਂ ਦੇ ਨਿੱਜੀ ਹੁੰਦਿਆਂ ਹੋਇਆਂ ਵੀ ਉਹ ਸਾਰੀ ਜਾਣਕਾਰੀ ਹੋਰਾਂ ਨਾਲ ਸਾਂਝਾ ਕਰਨਾ ਵੱਡਾ ਸਮਾਜਿਕ ਹਿਤ ਹੁੰਦਾ ਹੈ। ਇਸ ਲਈ ਇਹ ਜਾਣਕਾਰੀ ਉਸ ਸਮੇਂ ਦੇ ‘ਤਰਕਸ਼ੀਲ’ ਅੰਕ ਵਿੱਚ ਵੇਰਵੇ ਸਹਿਤ ਛਾਪੀ ਗਈ।

ਇੱਕ ਦਿਨ ਸੈਕਟਰ ਦਸ ਚੰਡੀਗੜ੍ਹ ਦੇ ਡੀ.ਏ.ਵੀ. ਸਕੂਲ ਵਿੱਚ ਪੀ.ਜੀ.ਆਈ. ਵੱਲੋਂ ਇੱਕ ਸੈਮੀਨਾਰ ਹੋਣਾ ਸੀ। ਵਿਸ਼ਾ ਸੀ - ਦਿਮਾਗੀ ਮੌਤ ਤੋਂ ਬਾਅਦ ਅੰਗ-ਪ੍ਰਦਾਨ। ਕੁੱਝ ਮਹੀਨੇ ਪਹਿਲਾਂ ਇੱਕ ਨੌਜਵਾਨ ਪਾਰਥ ਗਾਂਧੀ ਦੀ ਦਿਮਾਗੀ ਮੌਤ ਤੋਂ ਬਾਅਦ ਅੰਗ ਪ੍ਰਦਾਨ ਕਰਨ ਦਾ ਮੁਸ਼ਕਲ ਫੈਸਲਾ ਕਰਨ ਵਾਲੇ ਉਸ ਦੇ ਮਾਤਾ-ਪਿਤਾ ਵੀ ਉੱਥੇ ਹਾਜ਼ਰ ਸਨ। ਜਿਸ ਰੋਗੀ ਦੇ ਗੁਰਦਾ ਲੱਗਿਆ ਸੀ, ਉਸਦੀ ਪਤਨੀ ਉੱਥੇ ਹਾਜ਼ਰ ਸੀ। ਅਸੀਂ ਪਾਰਥ ਗਾਂਧੀ ਦੇ ਮਾਤਾ ਪਿਤਾ ਨਾਲ ਗੱਲਬਾਤ ਕੀਤੀ। ਉਨ੍ਹਾਂ ਦੱਸਿਆ, “ਪਾਰਥ ਦਾ ਲੀਵਰ ਅਤੇ ਦਿਲ ਦਿੱਲੀ ਦੇ ਲੋੜਵੰਦਾਂ ਦੇ ਲਾਇਆ ਗਿਆ। ਦੋਵੇਂ ਗੁਰਦੇ, ਦੋਵੇਂ ਅੱਖਾਂ ਅਤੇ ਬਲੱਡ ਵੈਸਲਜ਼ ਵੀ ਟਰਾਂਸਪਲਾਂਟ ਕੀਤੇ ਗਏ। ਡਾਕਟਰ ਨੇ ਇਹ ਵੀ ਦੱਸਿਆ ਕਿ ਯੋਰਪੀਅਨ ਜਾਂ ਅਮਰੀਕਨ ਦੇਸ਼ਾਂ ਵਿੱਚ ਜੇ ਕਿਸੇ ਵਿਅਕਤੀ ਦੀ ਦਿਮਾਗੀ ਮੌਤ ਹੋ ਜਾਂਦੀ ਹੈ ਤਾਂ ਉਹ ਪੁੱਛਦੇ ਹਨ ਕਿ ਤੁਸੀਂ ਅੰਗ ਪ੍ਰਦਾਨ ਕਰਨੇ ਹਨ ? ਜੇ ਨਹੀਂ ਤਾਂ ਉਹ ਤੁਰੰਤ ਵੈਂਟੀਲੇਟਰ ਵਗੈਰਾ ਉਤਾਰ ਕੇ ਮਰੀਜ਼ ਤੁਹਾਡੇ ਹਵਾਲੇ ਕਰ ਦਿੰਦੇ ਹਨ। ਪਰ ਭਾਰਤ ਵਿੱਚ ਜਦੋਂ ਤੱਕ ਸਾਹ ਚੱਲ ਰਹੇ ਹੁੰਦੇ ਹਨ ਮਰੀਜ਼ ਨੂੰ ‘ਰੱਖਣਾ’ ਪੈਂਦਾ ਹੈ। ਸਰੀਰ ਪ੍ਰਦਾਨ ਦਾ ਫੈਸਲਾ ਮੁਕਾਬਲਤਨ ਇਸ ਲਈ

ਸੌਖਾ ਹੋ ਜਾਂਦਾ ਹੈ ਕਿਉਂਕਿ ਉਸ ਕੇਸ ਵਿੱਚ ਵਾਰਸਾਂ ਨੂੰ ਵਿਅਕਤੀ ਦੇ ਮਰ ਚੁੱਕੇ ਹੋਣ ਦਾ ਅਹਿਸਾਸ ਹੁੰਦਾ ਹੈ। ਦਿਮਾਗੀ ਮੌਤ ਬਾਅਦ ਅੰਗ ਪ੍ਰਦਾਨ ਦੇ ਫੈਸਲੇ ਵਿੱਚ ਇਹੀ ਅੜਚਣ ਹੈ ਕਿ ਏਥੇ ਸਾਹ ਚੱਲ ਰਿਹਾ ਹੁੰਦਾ ਹੈ। ਕਿਵੇਂ ਕਹਿ ਦੇਈਏ ਕਿ ਇਸ ਨੂੰ ਖਤਮ ਕਰ ਦੇਵੋ। ਪੂਜਾ-ਪਾਠ, ਓਹੜ-ਪੋਹੜ ਦੀਆਂ ਸਲਾਹਾਂ ਸ਼ੁਰੂ ਹੋ ਜਾਂਦੀਆਂ ਹਨ। ਦਿਮਾਗੀ ਮੌਤ ਦੀ ਕਾਗਜ਼ੀ ਜਾਂ ਡਾਕਟਰੀ ਪ੍ਰੀਭਾਸ਼ਾ ਹੋਰ ਗੱਲ ਹੈ, ਅੰਗ ਪ੍ਰਦਾਨ ਦਾ ਫੈਸਲਾ ਕਰਨ ਲਈ ਤਿਆਰ ਹੋਣਾ ਹੋਰ ਗੱਲ ਹੈ। ਇਹ ਸਭ ਗੱਲਾਂ ਅੰਗ ਪ੍ਰਦਾਨ ਕਰਨ ਦੇ ਮਹੱਤਵਪੂਰਣ ਫੈਸਲੇ ਵਿੱਚ ਰੁਕਾਵਟ ਬਣਦੀਆਂ ਹਨ।"

**ਸਾਲ 2013 :** ਇੱਕ ਦਿਨ ਇਕਾਈ ਨਵਾਂ ਸ਼ਹਿਰ ਦੇ ਤਰਕਸ਼ੀਲ ਸਾਥੀ ਸਤਪਾਲ ਸਲੋਹ ਦਾ ਫੋਨ ਆਇਆ। ਉਸਦਾ ਰਿਸ਼ਤੇਦਾਰ ਕਸ਼ਮੀਰ ਸਿੰਘ ਪੀ.ਜ਼ੀ.ਆਈ. ਵਿੱਚ ਦਾਖਲ ਸੀ। ਸਿਰ ਦੀ ਸੱਟ ਸੀ। ਡਾਕਟਰਾਂ ਨੇ ਦਿਮਾਗੀ ਮੌਤ ਬਾਰੇ ਦੱਸ ਦਿੱਤਾ ਸੀ। ਹੁਣ ਪਰਿਵਾਰ ਨੇ ਅੰਗ ਪ੍ਰਦਾਨ ਦਾ ਫੈਸਲਾ ਲੈਣਾ ਸੀ। ਮੈਂ ਅਤੇ ਖਰੜ ਤੋਂ ਗੁਰਮੀਤ ਸਿੰਘ ਪੀ.ਜ਼ੀ.ਆਈ. ਚਲੇ ਗਏ ਤਾਂ ਕਿ ਪਰਿਵਾਰ ਨੂੰ ਅਜਿਹੀ ਮੌਤ ਬਾਰੇ ਦੱਸਕੇ ਅੰਗ ਪ੍ਰਦਾਨ ਲਈ ਮਨਾਉਣ ਵਿੱਚ ਮਦਦ ਹੋ ਜਾਵੇ। ਪਰ ਇਹ ਪਰਿਵਾਰ ਦੇ ਤਰਕਸ਼ੀਲ ਸੁਸਾਇਟੀ ਨਾਲ ਜੁੜੇ ਹੋਣ ਸਦਕਾ ਹੀ ਸੀ ਕਿ ਮ੍ਰਿਤਕ ਦੀ ਪਤਨੀ ਕਸ਼ਮੀਰ ਕੌਰ ਨੇ ਸਾਡੇ ਜਾਣ ਤੋਂ ਪਹਿਲਾਂ ਹੀ ਅੰਗ ਪ੍ਰਦਾਨ ਦਾ ਫੈਸਲਾ ਲੈ ਲਿਆ ਸੀ ਅਤੇ ਡਾਕਟਰ ਅਗਲੀ ਕਾਰਵਾਈ ਵਿੱਚ ਰੁੱਝੇ ਹੋਏ ਸਨ। ਡਾਕਟਰਾਂ ਮੁਤਾਬਕ ਇਹ ਪਹਿਲਾ ਕੇਸ ਸੀ ਜਦੋਂ ਸਾਡੇ ਥੋੜ੍ਹੀ ਜਿਹੀ ਗੱਲਬਾਤ ਤੋਂ ਬਾਅਦ ਸਭ ਤੋਂ ਘੱਟ ਸਮੇਂ ਵਿੱਚ ਵਾਰਸਾਂ ਨੇ ਇਹ ਫੈਸਲਾ ਲਿਆ ਹੋਵੇ। ਪੀ.ਜ਼ੀ.ਆਈ. ਲਈ ਇਹ ਇਤਿਹਾਸਕ ਦਿਨ ਸੀ ਕਿਉਂਕਿ ਪੀ.ਜ਼ੀ.ਆਈ. ਦੇ ਡਾਕਟਰਾਂ ਦਾ ਇਹ ਦਿਲ ਬਦਲੀ ਦਾ ਪਹਿਲਾ ਹੀ ਆਪਰੇਸ਼ਨ ਸੀ ਜੋ ਕਸ਼ਮੀਰ ਸਿੰਘ ਦਾ ਦਿਲ ਕਿਸੇ ਲੋੜਵੰਦ ਨੂੰ ਲਗਾਕੇ ਕੀਤਾ ਜਾਣਾ ਸੀ।

ਦਿਮਾਗੀ ਮੌਤ ਤੋਂ ਬਾਅਦ ਅਨੇਕਾਂ ਜ਼ਿੰਦਗੀਆਂ ਬਚਾ ਲੈਣ ਵਾਲੇ ਇਸ ਮੁਸ਼ਕਲ ਫੈਸਲੇ ਦੀਆਂ ਖਬਰਾਂ ਅਖਬਾਰਾਂ ਅਤੇ ਸੋਸ਼ਲ ਮੀਡੀਆ ਵਿੱਚ ਹੁਣ ਅਕਸਰ ਆਉਂਦੀਆ ਰਹਿੰਦੀਆਂ ਹਨ।

**14 ਜੁਲਾਈ ਦੇ ਅੰਗਰੇਜੀ ਟ੍ਰਿਬਿਊਨ ਵਿੱਚ ਅਦਿਤੀ ਟੰਡਨ ਅਤੇ ਸੰਦੀਪ ਰਾਣਾ ਦੇ ਛਪੇ ਲੇਖਾਂ ਦੇ ਕੁੱਝ ਅੰਸ਼ :**

ਭਾਰਤ ਦੇ ਅੰਗ ਪ੍ਰਦਾਨ ਕਰਨ ਵਿੱਚ ਪਛੜੇ ਹੋਣ ਦਾ ਸਭ ਤੋਂ ਵੱਡਾ ਕਾਰਨ ਅੰਗ ਪ੍ਰਦਾਨ ਸਬੰਧੀ ਮਿੱਥਾਂ, ਗ਼ਲਤ ਧਾਰਨਾਵਾਂ, ਧਾਰਮਿਕ ਵਿਸ਼ਵਾਸ ਅਤੇ ਜਾਣਕਾਰੀ ਦੀ ਘਾਟ ਹੈ। ਇਸ ਕੰਮ ਵਿੱਚ ਅੰਗ ਪ੍ਰਦਾਨ ਕਰਨ ਵਾਲੇ ਪਰਿਵਾਰਾਂ ਵੱਲੋਂ ਕਾਫ਼ੀ ਸਹਾਇਤਾ ਮਿਲ ਸਕਦੀ ਹੈ। ਹੈਲਥ ਮਨਿਸਟਰੀ ਨੇ ਨੈਸ਼ਨਲ ਆਰਗਨ ਐਂਡ ਟਿਸ਼ੂ ਟਰਾਂਸਪਲਾਂਟ ਆਰਗਨਾਈਜ਼ੇਸ਼ਨ (N.O.T.T.O.) (ਨੋਟੋ) ਨੂੰ ਅੰਗ ਪ੍ਰਦਾਨ ਨੂੰ ਉਤਸ਼ਾਹਤ ਕਰਨ ਦਾ ਜ਼ਿੰਮਾ ਦਿੱਤਾ ਹੈ। ਇਸ ਸੰਸਥਾ ਨੇ 2015 ਵਿੱਚ ਅੰਗ ਪ੍ਰਦਾਨ ਕਰਵਾਉਣ ਲਈ ਕੌਮੀ ਪੱਧਰ ਤੇ ਕੰਮ ਸ਼ੁਰੂ ਕੀਤਾ ਜਿਸ ਸਦਕਾ ਚੌਦਾਂ ਲੱਖ ਲੋਕਾਂ ਨੇ ਆਪਣੇ ਨਾਂ ਰਜਿਸਟਰ ਕਰਵਾਏ। ਇਸ ਸਾਲ ਅੱਠ ਜੁਲਾਈ ਨੂੰ ਟ੍ਰਾਂਸਪਲਾਂਟੇਸ਼ਨ ਆਫ ਹਿਊਮਨ ਆਰਗਨਜ਼ ਐਕਟ ਨੂੰ ਬਣਿਆ ਪੱਚੀ ਸਾਲ ਹੋ ਗਏ ਹਨ। ਇਸ ਮੌਕੇ ਨੋਟੋ ਨੇ ਇੱਕ ਅਰਬ ਭਾਰਤੀਆਂ ਤੱਕ ਪਹੁੰਚ ਕਰਕੇ ਦਸ ਲੱਖ ਲੋਕਾਂ ਤੋਂ ਅੰਗ ਪ੍ਰਦਾਨ ਕਰਣ ਦਾ ਆਨਲਾਈਨ ਪ੍ਰਣ ਕਰਾਉਣ ਦਾ ਫੈਸਲਾ ਕੀਤਾ ਹੈ।

ਮਾਹਿਰਾਂ ਅਨੁਸਾਰ ਆਮ ਲੋਕ ਦੋ ਤਰ੍ਹਾਂ ਨਾਲ ਅੰਗ ਪ੍ਰਦਾਨ ਕਰ ਸਕਦੇ ਹਨ। ਅਠਾਰਾਂ ਸਾਲ ਦੀ ਉਮਰ ਤੋਂ ਉੱਪਰ ਦਾ ਕੋਈ ਵੀ ਵਿਅਕਤੀ ਜਿਉਂਦੇ ਜੀਅ ਕੁੱਝ ਅੰਗ ਪ੍ਰਦਾਨ ਕਰ ਸਕਦਾ ਹੈ। ਇੱਕ ਗੁਰਦਾ ਸਰੀਰ ਦਾ ਕੰਮ ਕਰਨ ਦੇ ਪੂਰੀ ਤਰ੍ਹਾਂ ਯੋਗ ਹੁੰਦਾ ਹੈ। ਇਸ ਤਰ੍ਹਾਂ ਇੱਕ ਗੁਰਦਾ, ਜਿਗਰ ਅਤੇ ਪੈਂਕਰੀਆਜ਼ ਦਾ ਕੁੱਝ ਹਿੱਸਾ ਵੀ ਪ੍ਰਦਾਨ ਕੀਤਾ ਜਾ ਸਕਦਾ ਹੈ। ਅੱਧੀ ਪੈਂਕਰੀਆਜ਼ ਹੀ ਸਰੀਰ ਦਾ ਕੰਮ ਕਰਨ ਦੇ ਯੋਗ ਹੁੰਦੀ ਹੈ। ਦੂਜੇ ਕੇਸ ਵਿੱਚ ਦਿਮਾਗੀ ਮੌਤ ਤੋਂ ਬਾਅਦ ਮ੍ਰਿਤਕ ਦੇ ਪਰਿਵਾਰ ਵਾਲੇ ਉਸ ਦੇ ਕੁੱਝ ਅੰਗ ਪ੍ਰਦਾਨ ਕਰ ਸਕਦੇ ਹਨ। ਇਹ ਅੰਗ ਹਨ - ਦਿਲ, ਫੇਫੜੇ, ਅੱਖਾਂ, ਗੁਰਦੇ, ਪੈਂਕਰੀਆਜ਼, ਇੰਟੈਸਟਾਈਨ ਅਤੇ ਲੀਵਰ ਦੇ ਹਿੱਸੇ। ਦਿਮਾਗੀ ਮੌਤ ਤੋਂ ਬਾਅਦ ਡਾਕਟਰ ਵਾਰਸਾਂ ਨੂੰ ਅੰਗ ਪ੍ਰਦਾਨ ਕਰਨ ਬਾਰੇ ਸਲਾਹ ਦਿੰਦੇ ਹਨ, ਪਰ ਇਸ ਤੋਂ ਬਾਅਦ ਵੀ ਹਾਂ ਪੱਖੀ ਫੈਸਲਾ ਲੈਣ ਵਾਲਿਆਂ ਦੀ ਦਰ ਪੰਜਾਹ ਪ੍ਰਤੀਸ਼ਤ ਹੀ ਹੈ। ਅੰਗ ਪ੍ਰਦਾਨ ਦੇ ਫਾਰਮ ਭਰਨ ਵਾਲਿਆਂ ਦੀ ਗਿਣਤੀ ਬਹੁਤ ਹੈ ਪਰ ਅਸਲੀ ਅੰਗ ਪ੍ਰਦਾਨੀਆਂ ਦੀ ਗਿਣਤੀ ਅਜੇ ਬਹੁਤ ਘੱਟ ਹੈ। ਭਾਰਤ ਵਿੱਚ ਹਰ ਸਾਲ ਪੰਜ ਲੱਖ ਲੋਕ ਉਹ ਮਰਦੇ ਹਨ ਜਿਨ੍ਹਾਂ ਨੂੰ ਕਿਸੇ ਨਾ ਕਿਸੇ ਅੰਗ ਦੀ ਜ਼ਰੂਰਤ ਹੁੰਦੀ ਹੈ। ਅਫਸੋਸ ਇਸ ਗੱਲ ਦਾ ਹੈ ਕਿ ਅਜੇ ਤੱਕ ਭਾਰਤ ਵਿੱਚ ਅੰਗਾਂ ਦੇ ਲੋੜਵੰਦਾਂ ਦੀ, ਅੰਗ ਟਰਾਂਸਪਲਾਂਟ ਹੋਣ ਵਾਲੇ ਕੁੱਲ ਕੇਸਾਂ ਦੀ ਸਹੀ ਗਿਣਤੀ ਦੀ ਜਾਣਕਾਰੀ ਨਹੀਂ ਹੈ।

**ਡਾਕਟਰ ਵਿਪਨ ਗੁਪਤਾ ਨਿਊਰੋ ਸਰਜਨ, ਜਿਨ੍ਹਾਂ ਨੇ ਪਾਰਥ ਗਾਂਧੀ ਦੇ ਸਿਰ ਦਾ ਅਪ੍ਰੇਸ਼ਨ ਕੀਤਾ ਸੀ, ਨਾਲ ਹੋਈ ਗੱਲਬਾਤ ਦੇ ਅੰਸ਼ ਦੁਬਾਰਾ ਸਾਂਝੇ ਕਰ ਰਹੇ ਹਾਂ :**

**? ਆਮ ਮੌਤ ਤੇ ਦਿਮਾਗੀ ਮੌਤ ਵਿੱਚ ਕੀ ਫਰਕ ਹੈ ?**

**ਡਾ. ਵਿਪਨ :** ਆਮ ਮੌਤ ਚ ਕੀ ਹੁੰਦਾ ਕਿ ਜਦੋਂ ਕਿਸੇ ਦਾ ਦਿਲ ਰੁਕ ਜਾਂਦਾ, ਧੜਕਣ ਬੰਦ ਹੋਗੀ ਅਸੀਂ ਮੰਨ ਲੈਂਦੇ ਹਾਂ

ਕਿ ਇਹ ਬੰਦਾ ਮਰ ਗਿਆ। ਪਰ ਦਿਮਾਗੀ ਮੌਤ ਚ ਕੀ ਹੁੰਦਾ ਕਿ ਉਸਦੇ ਬਾਕੀ ਅੰਗ ਸਹੀ ਕੰਮ ਕਰਦੇ ਰਹਿੰਦੇ ਹਨ, ਸਿਰਫ ਦਿਮਾਗ ਕੰਮ ਕਰਨਾ ਬੰਦ ਕਰ ਦਿੰਦਾ। ਮਰੀਜ਼ ਨੂੰ ਸਾਹ ਨਹੀਂ ਆਏਗਾ। ਸਾਹ ਨੂੰ ਦਿਮਾਗ ਕੰਟਰੋਲ ਕਰਦਾ।ਉਸਨੂੰ ਵੈਂਟੀਲੇਟਰ ਤੇ ਹੀ ਰੱਖਣਾ ਪਏਗਾ। ਪਰ ਦਿਮਾਗੀ-ਮੌਤ ਵਾਲਾ ਬੰਦਾ ਅਸਲ ਵਿੱਚ ਮਰਿਆ ਹੋਇਆ ਹੀ ਹੁੰਦਾ, ਉਸ ਦੇ ਜਿਉਂਦੇ ਹੋਣ ਦੀ ਸੰਭਾਵਨਾ ਬਿਲਕੁਲ ਵੀ ਨਹੀਂ ਹੁੰਦੀ। ਇਸ ਤਰ੍ਹਾਂ ਜੇਕਰ ਕਿਸੇ ਬੰਦੇ ਦਾ ਦਿਮਾਗ ਬਿਲਕੁਲ ਕੰਮ ਕਰਨਾ ਬੰਦ ਕਰ ਦੇਵੇ ਤਾਂ ਅਸੀਂ ਉਸਨੂੰ ਦਿਮਾਗੀ-ਮ੍ਰਿਤਕ ਕਹਿੰਦੇ ਹਾਂ ਪਰ ਮਰਿਆ ਹੋਇਆ ਨਹੀਂ ਕਹਿੰਦੇ ਕਿਉਂਕਿ ਉਸਦਾ ਦਿਲ ਕੰਮ ਕਰ ਰਿਹਾ, ਉਸ ਦੀਆਂ ਕਿਡਨੀਆ ਕੰਮ ਕਰ ਰਹੀਆਂ, ਅੰਤੜੀਆਂ ਕੰਮ ਕਰ ਰਹੀਆਂ, ਖੂਨ ਦਾ ਦੌਰਾ ਚਲਦਾ ਰਹਿੰਦਾ ਕਿਉਂਕਿ ਦਿਲ ਧੜਕ ਰਿਹਾ। ਚਮੜੀ ਠੀਕ ਰਹਿੰਦੀ।ਪਰ ਇਸਦਾ ਕੋਈ ਮਤਲਬ ਨਹੀਂ ਹੈ। ਉਸਨੂੰ ਆਪਣੇ ਆਲੇ-ਦੁਆਲੇ ਕੀ ਹੋ ਰਿਹਾ ਕੁੱਝ ਪਤਾ ਨਹੀਂ ਹੁੰਦਾ। ਆਪ ਸਾਹ ਲੈਣ ਦੀ ਕੋਈ ਕੋਸ਼ਿਸ਼ ਨਹੀਂ ਹੁੰਦੀ। ਪੁਤਲੀਆਂ ਕੋਈ ਕਿਰਿਆ/ਪ੍ਰਤੀਕਿਰਿਆ ਨਹੀਂ ਕਰਦੀਆਂ।ਜੇ ਉਸਦੀ ਈ.ਈ.ਜੀ. ਕਰੀਏ ਤਾਂ ਕੋਈ ਐਕਟੀਵਿਟੀ ਨਜ਼ਰ ਨਹੀਂ ਆਏਗੀ। ਸਿੱਧੀ ਲਕੀਰ ਨਜ਼ਰ ਆਏਗੀ। ਇੱਕ ਲਾਈਨ ਵਿੱਚ ਗੱਲ ਮੁਕਾਉਣੀ ਹੋਏ ਤਾਂ ਅਸੀਂ ਕਹਿ ਸਕਦੇ ਹਾਂ ਕਿ ਦਿਮਾਗੀ ਮੌਤ ਵਾਲਾ ਬੰਦਾ ਮਰਿਆ ਹੋਇਆ ਹੀ ਹੁੰਦਾ ਪਰ ਉਸਦਾ ਦਿਲ ਧੜਕਦਾ ਰਹਿੰਦਾ।

**? ਕਿੰਨੇ ਅੰਗ ਲੋੜਵੰਦਾਂ ਨੂੰ ਲਾਏ ਜਾ ਸਕਦੇ ਐ ?**

**ਡਾ. ਵਿਪਨ :** ਚੌਂਤੀ ਪੈਂਤੀ ਅੰਗ/ਟਿਸ਼ੂ ਟਰਾਂਸਪਲਾਂਟ ਹੋ ਸਕਦੇ ਐ। ਪਰ ਜ਼ਿਆਦਾ ਕੇਸਾਂ ਵਿੱਚ ਅੱਖਾਂ, ਕਿਡਨੀਆਂ, ਦਿਲ, ਲਿਵਰ ਲੱਗ ਸਕਦਾ ਹੈ। ਆਂਤੜੀਆਂ, ਚਮੜੀ, ਹੱਡੀਆਂ, ਬਲੱਡ-ਵੈਸਲਜ਼ ਵਗੈਰਾ ਵੀ ਕੰਮ ਆ ਜਾਂਦੇ ਹਨ। ਪਰ ਦਿਮਾਗ ਨਹੀਂ ਬਦਲਿਆ ਜਾ ਸਕਦਾ। ਦਿਮਾਗੀ ਮੌਤ ਵਾਲੇ ਕਈ ਕੇਸ ਅਜਿਹੇ ਵੀ ਹੁੰਦੇ ਹਨ ਜੋ ਅੰਗ ਦੇਣ ਦੇ ਯੋਗ ਨਹੀਂ ਹੁੰਦੇ। ਜੇਕਰ ਕੋਈ ਇਨਫੈਕਸ਼ਨ ਸਰੀਰ ਵਿੱਚ ਫੈਲਿਆ ਹੋਇਆ ਹੈ, ਉਸ ਕੇਸ ਵਿੱਚ ਅੰਗ ਨਹੀਂ ਲਾਏ ਜਾ ਸਕਦੇ।

**? ਇਸਦਾ ਫੈਸਲਾ ਕਿਵੇਂ ਕੀਤਾ ਜਾਂਦਾ ਹੈ ਕਿ ਕੋਈ ਬੰਦਾ ਦਿਮਾਗੀ ਤੌਰ ਤੇ ਮਰ ਚੁੱਕਾ ਹੈ ?**

**ਡਾ. ਵਿਪਨ :** ਦਿਮਾਗੀ ਮੌਤ ਹੋਣ ਦਾ ਫੈਸਲਾ ਸਿਰਫ ਇੱਕ ਡਾਕਟਰ ਨਹੀਂ ਕਰਦਾ। ਉਹਦੇ ਵਾਸਤੇ ਅੰਤਰਰਾਸ਼ਟਰੀ ਪੱਧਰ ਤੇ ਨਿਰਧਾਰਤ ਸਿਸਟਮ/ਨਿਯਮ ਹਨ। ਦਿਮਾਗੀ ਮੌਤ ਐਲਾਨਣ ਤੋਂ ਪਹਿਲਾਂ ਇਹ ਦੇਖਿਆ ਜਾਂਦਾ ਕਿ ਕੀ ਮਰੀਜ਼ ਦਾ ਖੂਨ ਦਾ ਦਬਾਅ, ਤੇ ਤਾਪਮਾਨ ਠੀਕ ਹੈ। ਜੇਕਰ ਮਰੀਜ਼ ਦਾ ਤਾਪਮਾਨ ਕਾਫੀ ਘੱਟ ਹੋ ਜਾਵੇ ਉਸ ਹਾਲਤ ਵਿੱਚ ਵੀ ਮਰੀਜ਼ ਦੀ ਦਿਮਾਗੀ ਸਰਗਰਮੀ ਬੰਦ ਹੋਣ ਵਰਗੇ ਲੱਛਣ ਸਾਹਮਣੇ ਆਉਂਦੇ ਨੇ, ਪਰ ਉਸ ਹਾਲਤ ਵਿੱਚ ਉਹ ਬਰੇਨ-ਡੈੱਡ ਨਹੀਂ ਹੈ। ਜਾਂ ਉਹਦੇ ਸਰੀਰ ਵਿਚ ਕੋਈ ਦਵਾਈ ਤਾਂ ਨਹੀਂ ਜਿਹਦੇ ਕਰਕੇ ਉਹ ਦਿਮਾਗੀ-ਮ੍ਰਿਤਕ ਬੰਦੇ ਵਾਂਗ ਲੱਗ ਰਿਹਾ ਹੈ। ਸੋਡੀਅਮ, ਪੋਟਾਸ਼ੀਅਮ ਵਗੈਰਾ ਦਾ ਲੈਵਲ ਠੀਕ ਹੈ। ਫਿਰ ਡਾਕਟਰਾਂ ਦੀਆਂ ਦੋ ਟੀਮਾਂ ਅਲੱਗ-ਅਲੱਗ ਟੈਸਟ ਕਰਦੀਆਂ ਇਹ ਦੇਖਣ ਲਈ ਕਿ ਕਿਤੇ ਦਿਮਾਗ ਵਿੱਚ ਕੋਈ ਸਰਗਰਮੀ ਹੈ ਜਾਂ ਨਹੀਂ। ਦੋਵੇਂ ਟੀਮਾਂ ਨੂੰ ਦੂਜੀ ਟੀਮ ਦੇ ਕੀਤੇ ਟੈਸਟਾਂ ਬਾਰੇ ਕੋਈ ਜਾਣਕਾਰੀ ਨਹੀਂ ਹੁੰਦੀ। ਇਹ ਟੈਸਟਾਂ ਵਿੱਚ ਤਕਰੀਬਨ ਛੇ ਘੰਟੇ ਦਾ ਵਕਫਾ ਹੁੰਦਾ। ਇਨ੍ਹਾਂ ਟੈਸਟਾਂ ਵਿੱਚ ਅੱਖਾਂ ਦੀਆਂ ਪੁਤਲੀਆਂ, ਕੰਨਾਂ ਵਿੱਚ ਗਰਮ-ਠੰਡੇ ਦਾ ਪ੍ਰਭਾਵ, ਵੈਂਟੀਲੇਟਰ ਕੁੱਝ ਸਮੇਂ ਲਈ

*...ਬਾਕੀ ਸਫਾ 51 'ਤੇ*

ਦੋ ਮਈ 2019 ਦੇ ਟਾਈਮਜ਼ ਆਫ ਇੰਡੀਆ ਵਿੱਚ ਪੰਜਾਬ ਬਾਰੇ ਇੱਕ ਭੈੜੀ ਖਬਰ ਛਪੀ ਹੈ। ਖ਼ਬਰ ਦਾ ਸਿਰਲੇਖ ਹੈ ਕਿ "ਪੰਜਾਬ ਵਿੱਚ ਮਾਹਿਰਾਂ ਦੀ ਘਾਟ ਕਾਰਣ ਹਰ ਰੋਜ਼ ਸੌ ਤੋਂ ਉੱਪਰ ਪ੍ਰਦਾਨ ਕੀਤੇ ਅੰਗ ਬਰਬਾਦ ਹੋ ਜਾਂਦੇ ਹਨ" ਖ਼ਬਰ ਕਹਿੰਦੀ ਹੈ - ਪੰਜਾਬ ਵਿੱਚ ਅੰਗ ਬਦਲਣ ਵਾਲੇ ਮਾਹਰ ਡਾਕਟਰਾਂ ਦੀ ਭਾਰੀ ਘਾਟ ਹੈ। ਪੰਜਾਬ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਨਾਲ ਬਣੀ ਪੀ.ਜੀ.ਆਈ. ਦੇ ਮਾਹਰ ਡਾਕਟਰਾਂ ਦੀ ਕਮੇਟੀ ਨੇ ਇਹ ਖੁਲਾਸਾ ਕੀਤਾ ਹੈ। ਇਹ ਕਮੇਟੀ ਮਨੁੱਖੀ ਅੰਗ ਬਦਲੀ ਐਕਟ ਲਾਗੂ ਕਰਾਉਣ ਲਈ ਬਣਾਈ ਗਈ ਸੀ। ਐਡਵੋਕੇਟ ਰੰਜਨ ਲਖਣਪਾਲ ਜਿਸ ਨੇ ਹਾਈ ਕੋਰਟ ਵਿੱਚ ਪਟੀਸ਼ਨ ਪਾਈ ਉਨ੍ਹਾਂ ਦੱਸਿਆ "ਪੰਜਾਬ ਵਿੱਚ ਲੋੜਵੰਦਾਂ ਦੇ ਅੰਗ ਲਾਉਣ ਲਈ ਲੋੜੀਂਦੀਆਂ ਮੈਡੀਕਲ ਸਹੂਲਤਾਂ ਉਪਲਬਧ ਨਹੀਂ ਹਨ।ਦਿਮਾਗੀ ਮੌਤ ਦਾ ਸਰਟੀਫਿਕੇਟ ਦੇਣ ਵਾਲੀ ਕਮੇਟੀ ਜਾਂ ਤਾਂ ਹੈ ਹੀ ਨਹੀਂ, ਜੇ ਕੋਈ ਹੈ ਤਾਂ ਕਮੇਟੀ ਦੇ ਮੈਂਬਰ ਏਨੀ ਦੂਰ ਰਹਿੰਦੇ ਹਨ ਕਿ ਜਲਦੀ ਇਕੱਠੇ ਨਹੀਂ ਹੋ ਸਕਦੇ। ਇਸ ਕਰਕੇ ਏਨੀ ਦੇਰ ਹੋ ਜਾਂਦੀ ਹੈ ਕਿ ਮਨੁੱਖੀ ਅੰਗ ਅਤੇ ਕੀਮਤੀ ਮਨੁੱਖੀ ਜਾਨਾਂ ਅਜਾਈਂ ਚਲੀਆਂ ਜਾਂਦੀਆਂ ਹਨ। ਪੀ.ਜੀ.ਆਈ. ਵਿੱਚ ਹੋਈ ਮੀਟਿੰਗ ਵਿੱਚ ਇਸ ਤਰ੍ਹਾਂ ਦੀਆਂ ਕਮੇਟੀਆਂ ਜਿਲ੍ਹਾ ਪੱਧਰ 'ਤੇ ਬਣਾਉਣ ਦੀ ਸਿਫਾਰਸ਼ ਕੀਤੀ ਗਈ" ਲਖਣਪਾਲ, ਜੋ ਖੁਦ ਇੱਕ ਅੰਗ ਲਵਾ ਚੁੱਕੇ ਹਨ, ਨੇ ਕਿਹਾ, "ਬਹੁਤ ਸਾਰੇ ਲੋਕ ਕਿਸੇ ਅੰਗ ਪ੍ਰਦਾਨ ਕਰਣ ਵਾਲੇ ਦੀ ਇੰਤਜਾਰ ਵਿੱਚ ਮਰ ਜਾਂਦੇ ਹਨ। ਇਸ ਲਈ ਦੇਸ਼ ਦੇ ਸਾਰੇ ਹਸਪਤਾਲਾਂ ਵਿੱਚ ਇੱਕ ਨੋਡਲ ਅਫਸਰ ਹੋਵੇ ਜਿਸ ਕੋਲ ਅੰਗ ਪ੍ਰਦਾਨੀਆਂ ਤੇ ਲੋੜਵੰਦਾਂ ਦੀ ਪੂਰੀ ਸੂਚੀ ਹੋਵੇ।"



# ਤਰਕਸ਼ੀਲਤਾ ਦੇ ਵਿਕਾਸ ਦੇ ਅੜਿੱਕੇ - ਰਾਜ ਸੱਤਾ ਅਤੇ ਧਰਮ

**ਡਾ. ਸ਼ਿਆਮ ਸੁੰਦਰ ਦੀਪਤੀ**

ਤਰਕਸ਼ੀਲ ਹੋਣ ਦੀ ਇਕ ਮੁੱਖ ਖਾਸੀਅਤ ਹੈ, ਕਹਿ ਲਵੋ ਇੱਕ ਅਹਿਮ ਪਛਾਣ ਚਿੰਨ੍ਹ ਕਿ ਵਿਅਕਤੀ ਸਵਾਲ ਖੜ੍ਹੇ ਕਰਦਾ ਹੈ। ਕਿਸੇ ਵੀ ਵਰਤਾਰੇ ਨੂੰ ਐਵੇਂ ਹੀ ਸਹਿਜ ਨਹੀਂ ਲੈਂਦਾ। 'ਕਿਉਂ' ਅਤੇ 'ਕਿਵੇਂ' ਉਸ ਦੇ ਗੁਣ ਹੁੰਦੇ ਹਨ। ਇਹ ਮੁੱਖ ਗੁਣ ਹੋਣ ਦੇ ਬਾਵਜੂਦ, ਇਸ ਨੂੰ ਇੱਥੋਂ ਤੱਕ ਸੀਮਤ ਕਰ ਦਿੱਤਾ ਜਾਵੇ ਤਾਂ ਇਹ ਅਧੂਰਾ ਹੀ ਹੈ। ਸਵਾਲ ਖੜ੍ਹੇ ਕਰਨ ਤੋਂ ਅਗਲਾ ਕਦਮ ਹੈ - ਉਸ ਦਾ ਜਵਾਬ ਲੈਣਾ ਜਾਂ ਲੱਭਣਾ। ਇੱਥੇ ਵੀ ਇੱਕ ਹੋਰ ਖਾਸੀਅਤ ਹੈ ਜੋ ਕਿਸੇ ਵਿਅਕਤੀ ਨੂੰ ਤਰਕਸ਼ੀਲ ਬਣਾਉਂਦੀ ਹੈ, ਉਹ ਹੈ ਸਵਾਲ ਦਾ ਜਵਾਬ ਮਿਲਣ ਦੀ ਸੂਰਤ ਵਿੱਚ, ਉਸ ਨੂੰ ਉਸੇ ਤਰ੍ਹਾਂ ਹੂ-ਬ-ਹੂ 'ਸੱਤ ਵਚਨ' ਕਹਿ ਕੇ ਸਵੀਕਾਰ ਨਾ ਕਰਨਾ। ਅਕਸਰ ਇਹ ਸਿਲਸਿਲਾ ਚਲਦਾ ਹੈ ਤੇ ਇਹੀ ਪਰੰਪਰਾ ਵੀ ਹੈ। ਪਰ ਤਰਕਸ਼ੀਲ ਵਿਅਕਤੀ ਕਿਸੇ ਵਿਅਕਤੀ, ਰਾਜ ਨੇਤਾ ਜਾਂ ਧਾਰਮਿਕ ਗੁਰੂ ਦੇ ਸ਼ਬਦਾਂ ਨੂੰ ਵੀ ਬਿਨ੍ਹਾਂ ਪਰਖੇ, ਬਿਨ੍ਹਾਂ ਕਿਸੇ ਤੱਥ ਜਾਂ ਪ੍ਰਮਾਣ ਦੇ ਨਹੀਂ ਮੰਨਦਾ। ਉਹ ਚਾਹੇ ਅਧਿਆਪਕ ਹੋਵੇ ਤੇ ਚਾਹੇ ਉਸ ਦੇ ਆਪਣੇ ਮਾਂ-ਪਿਉ।

ਇਸੇ ਤਰਜ 'ਤੇ ਹੀ ਜੇਕਰ ਤੁਸੀਂ ਖ਼ੁਦ ਵੀ ਕੋਈ ਜਵਾਬ ਲੱਭਿਆ ਹੈ, ਜਿਸ ਦਾ ਕੋਈ ਸ੍ਰੋਤ ਹੈ, ਕੋਈ ਕਿਤਾਬ ਜਾਂ ਗ੍ਰੰਥ ਹੈ। ਇਹ ਸ੍ਰੋਤ ਕਿਸੇ ਵੱਲੋਂ ਸੁਝਾਇਆ ਗਿਆ ਹੋ ਸਕਦਾ ਹੈ ਜਾਂ ਤੁਹਾਡੇ ਹੱਥ ਲੱਗਿਆ ਹੈ, ਜਦੋਂ ਤੁਸੀਂ ਜਵਾਬ ਦੀ ਤਲਾਸ਼ ਵਿੱਚ ਨਿਕਲੇ ਹੋ ਤਾਂ ਵੀ ਇਸ ਨੂੰ ਫੌਰੀ ਹੀ ਮੰਨ ਲੈਣਾ ਕਿ ਇਹ ਗ੍ਰੰਥ ਵਿੱਚੋਂ ਹੈ ਜਾਂ ਕਿਤਾਬ ਕਿਸੇ ਮੰਨੇ-ਪ੍ਰਮੰਨੇ ਵਿਅਕਤੀ ਨੇ ਲਿਖੀ ਹੈ। ਉਹ ਜਵਾਬ ਸਹੀ ਹੋ ਸਕਦਾ ਹੈ, ਪਰ ਕਿਸੇ ਵੀ ਜਵਾਬ ਨੂੰ ਅਪਨਾਉਣ ਵੇਲੇ, ਮਨ ਵਿੱਚ ਸ਼ੰਕਾ ਹੋਣੀ ਲਾਜ਼ਮੀ ਗੁਣ ਹੈ। ਸ਼ੰਕਾ ਦੇ ਭਾਵ ਨੂੰ ਲੋਕੀਂ ਬੇਇੱਜ਼ਤੀ ਨਾਲ ਜੋੜ ਕੇ, ਜਜ਼ਬਾਤੀ ਪ੍ਰਗਟਾਵੇ ਕਰਦੇ ਹਨ। ਇੱਥੇ ਇਹ ਗੱਲ ਸਮਝਣੀ ਅਤੇ ਸਮਝਾਉਣੀ ਚਾਹੀਦੀ ਹੈ ਕਿ ਸ਼ੰਕਾ ਕਰਨਾ ਇੱਕ ਵਧੀਆ ਲੱਛਣ ਹੈ। ਸ਼ੰਕਾ ਹੋਈ ਹੈ, ਉਹ ਮਿਟਣੀ ਚਾਹੀਦੀ ਹੈ। ਕੋਈ ਵੀ ਉਸ ਨੂੰ ਦੂਰ ਕਰੇ। ਇਸ ਤਰ੍ਹਾਂ ਵਿਅਕਤੀ ਵਿੱਚ ਸਗੋਂ ਆਪਸੀ ਵਿਸ਼ਵਾਸ ਵਧਦਾ ਹੈ। ਜਦੋਂ ਕਿ ਅਕਸਰ ਸਾਡੇ ਪ੍ਰਗਟਾਵੇ ਰਹਿੰਦੇ ਹਨ ਕਿ ਕਿੰਨੇ ਹੀ ਵਰ੍ਹਿਆਂ ਤੋਂ ਇਹ ਚਲਦਾ ਆ ਰਿਹਾ ਹੈ, ਤੈਨੂੰ ਐਵੇਂ ਹੀ ਸ਼ੱਕ ਹੈ? ਹਜ਼ਾਰਾਂ ਲੋਕ ਇਸ ਨੂੰ ਅਪਨਾਉਂਦੇ ਆਏ ਹਨ ਜਾਂ ਅਪਣਾ ਰਹੇ ਹਨ, ਫਿਰ ਸ਼ੱਕ ਕਿਉਂ? ਤਰਕਸ਼ੀਲ ਹੋਣ ਦਾ ਗੁਣ ਹੈ ਕਿ ਲੰਮੇ ਸਮੇਂ ਤੋਂ ਚੱਲ ਰਹੀ ਰਿਵਾਇਤ ਜਾਂ ਬਹੁ-ਗਿਣਤੀ ਵੱਲੋਂ ਅਪਣਾਈ ਗਈ ਪਰੰਪਰਾ ਜ਼ਰੂਰੀ ਨਹੀਂ ਕਿ ਸਹੀ ਹੋਵੇ।

ਇਸ ਦੇ ਨਾਲ ਹੀ ਇਸ ਜਿਗਿਆਸਾ, ਸਵਾਲ ਖੜ੍ਹੇ ਕਰਨ ਦੀ ਖਾਸੀਅਤ ਅਤੇ ਸੱਚਾਈ ਦੇ ਨੇੜੇ, ਤੱਥਾਂ 'ਤੇ ਆਧਾਰਿਤ ਜਵਾਬ ਦੀ ਤਲਾਸ਼ ਤੋਂ ਬਾਅਦ ਤਸੱਲੀ ਕਰਨ/ਹੋਣ ਦੇ ਨਾਲ-ਨਾਲ, ਇਸ ਗੱਲ ਦੀ ਗੁੰਜਾਇਸ਼ ਹਮੇਸ਼ਾ ਰਹਿਣੀ ਚਾਹੀਦੀ ਹੈ ਕਿ ਹਾਲਾਤਾਂ ਦੇ ਮੁਤਾਬਕ ਜੋ ਸੱਚਾਈ/ਤੱਥ ਸਾਨੂੰ ਅੱਜ ਨਹੀਂ ਲੱਗ ਰਿਹਾ ਹੈ, ਹੋ ਸਕਦਾ ਹੈ ਕੱਲ੍ਹ ਨੂੰ ਬਦਲੇ ਹੋਏ ਪਰਿਪੇਖ ਵਿੱਚ ਉਸ ਵਿੱਚ ਸੋਧ ਕਰਨੀ ਪਵੇ ਜਾਂ ਮੂਲੋਂ ਹੀ ਰੱਦ ਕਰਕੇ ਨਵੇਂ ਸਿਰਿਓਂ ਸੋਚਣਾ ਪਵੇ। ਜੰਗਲੀ ਮਨੁੱਖ ਤੋਂ ਅਜੋਕੇ ਮਨੁੱਖ ਦਾ ਵਿਕਾਸ ਹੋਇਆ ਹੈ, ਇਸ ਤਰ੍ਹਾਂ ਦੀ ਸੋਚ ਅਤੇ ਸੋਧ ਤੋਂ, ਅੰਧ-ਵਿਸ਼ਵਾਸ ਵਿਕਾਸ ਦਾ ਰਾਹ ਨਹੀਂ ਹੈ।

ਆਪਾਂ ਇਹ ਵੀ ਜਾਣਿਆ ਹੈ ਕਿ ਸਵਾਲ ਕਰਨਾ ਮਨੁੱਖ ਦਾ ਕੁਦਰਤੀ ਗੁਣ ਹੈ। ਇਹ ਸਰੀਰ ਦੇ ਤਰਕਸ਼ੀਲ ਅੰਗ, ਦਿਮਾਗ - 'ਫਰੰਟਲ ਲੋਬ' ਦੇ ਨਿਰੰਤਰ ਵਿਕਸਿਤ ਹੋਣ ਸਦਕਾ ਹੈ। ਮਨੁੱਖ ਜਨਮ ਤੋਂ ਹੀ ਜਿਗਿਆਸੂ ਹੈ। ਬੱਚਾ ਚਾਹੇ ਵਰ੍ਹੇ-ਦੋ ਵਰ੍ਹੇ ਤੱਕ ਬੋਲਦਾ ਨਹੀਂ, ਪਰ ਉਸ ਦੀਆਂ ਅੱਖਾਂ ਕੁੱਝ ਲੱਭਦੀਆਂ ਹਨ, ਉਸ ਦੇ ਕੰਨਾਂ ਵਿੱਚ ਪੈਂਦੀ ਆਵਾਜ਼ ਵੀ ਤਲਾਸ਼ ਕਰਦੀ ਨਜ਼ਰ ਆਉਂਦੀ ਹੈ। ਬੋਲਣ ਦੀ ਸੂਰਤ ਵਿੱਚ ਤਾਂ ਉਹ ਬਿਨ੍ਹਾਂ ਝਿਜਕ, ਕੀ-ਕੀ, ਕਿੱਥੇ ਹੈ, ਕਿਉਂ ਹੈ ਵਰਗੇ ਸਵਾਲ ਨਿਰੰਤਰ ਪੁੱਛਦਾ ਹੈ। ਇਹ ਤਾਂ ਸਮਾਜਿਕ ਤਾਣਾ-ਬਾਣਾ ਹੈ, ਸਾਡੇ ਪਰਿਵਾਰ ਦੀ ਪਰਵਰਿਸ਼, ਸਕੂਲੀ ਪੜ੍ਹਾਈ ਦਾ ਵਾਤਾਵਰਣ ਜਾਂ ਹੋਰ ਅਦਾਰੇ, ਜੋ ਇਸ ਤਰਕਸ਼ੀਲ ਹੋਣ ਦੇ ਗੁਣ ਨੂੰ ਜ਼ਿਆਦਾਤਰ ਨਿਰਉਤਸਾਹਿਤ ਕਰਨ ਦਾ ਹੀ ਯਤਨ ਕਰਦੇ ਹਨ, ਭਾਵੇਂ ਸਾਡੇ ਕੋਲ ਅਜਿਹੇ ਉਦਾਹਰਣਾਂ ਦੀ ਘਾਟ ਨਹੀਂ ਹੈ, ਜਿੱਥੇ ਬੱਚੇ ਦੀ ਇਸ ਖੋਜ਼ੀ ਪ੍ਰਵਿਰਤੀ ਨੂੰ ਉਤੇਜਿਤ ਕਰਨ ਦੇ ਉਚੇਚੇ ਯਤਨ ਕੀਤੇ ਜਾਂਦੇ ਹਨ ਤੇ ਖਾਸ ਤੌਰ 'ਤੇ ਸਕੂਲੀ ਪੜ੍ਹਾਈ ਵਿੱਚ ਸਾਫ਼ ਤੌਰ 'ਤੇ ਦਿਸਦੇ ਹਨ।

ਜਿਸ ਤਰ੍ਹਾਂ ਸਵਾਲ ਖੜ੍ਹੇ ਕਰਨਾ, ਜਿਗਿਆਸੂ ਹੋਣਾ ਮਨੁੱਖ ਦੀ ਜਮਾਂਦਰੂ ਕੁਦਰਤੀ ਸਖ਼ਸ਼ੀਅਤ ਦਾ ਹਿੱਸਾ ਹੈ। ਫਿਰ ਵੀ, ਭਾਵੇਂ ਪਰਿਵਾਰ ਮੱਦਦ ਨਾ ਕਰੇ, ਹੋ ਸਕਦਾ ਹੈ ਹਾਲਾਤ ਸਾਥ ਨਾ ਦੇਣ ਤੇ ਵਿਅਕਤੀ ਸਕੂਲ ਦਾ ਰੁਖ ਵੀ ਨਾ ਕਰ

ਸਕੇ, ਫਿਰ ਵੀ ਇਸ ਸਹਿਜ ਪ੍ਰਵਿਰਤੀ ਨੂੰ ਰੋਕਿਆ ਨਹੀਂ ਜਾ ਸਕਦਾ। ਹਾਂ, ਅਗਲਾ ਪੜ੍ਹਾਅ, ਜਵਾਬ ਲੱਭਣ ਜਾਂ ਲੈਣ ਵਿੱਚ ਦਿੱਕਤਾਂ ਆ ਸਕਦੀਆਂ ਹਨ ਤੇ ਆਉਂਦੀਆਂ ਵੀ ਹਨ। ਤੁਸੀਂ ਖ਼ੁਦ ਕਿਸੇ ਪੁਸਤਕ ਜਾਂ ਵਿਸ਼ੇਸ ਸ੍ਰੋਤ ਤੱਕ ਨਹੀਂ ਪਹੁੰਚ ਸਕਦੇ ਅਤੇ ਕਿਸੇ ਵੱਲੋਂ ਦਿੱਤੇ ਗਏ ਜਵਾਬ 'ਤੇ ਹੀ ਨਿਰਭਰ ਰਹਿੰਦੇ ਹੋ। ਇਸ ਹਾਲਤ ਵਿੱਚ ਵੀ ਜੇਕਰ ਤੁਸੀਂ ਖੁੱਲ੍ਹੇ ਦਿਮਾਗ ਵਾਲੇ, ਅੱਖਾਂ ਅਤੇ ਕੰਨਾਂ ਨੂੰ ਸੁਚੇਤ ਰੱਖਦੇ ਹੋ ਤਾਂ ਸੁਣੇ-ਕਹੇ ਜਾ ਰਹੇ, ਜਵਾਬਾਂ ਨੂੰ ਆਪਸ ਵਿੱਚ ਮੇਲਦੇ ਹੋ, ਕੁੱਝ ਸਵਾਲ ਹੋਰ ਖੜ੍ਹੇ ਕਰਦੇ ਹੋ, ਤਾਂ ਤੁਸੀਂ ਤਰਕਸ਼ੀਲ ਹੋਣ ਦੀ ਹੀ ਭੂਮਿਕਾ ਵਿੱਚ ਹੋ। ਅਨਪੜ੍ਹ ਹੋਣ ਦਾ ਮਤਲਬ, ਸ਼ੰਕਾ ਕਰਨ ਅਤੇ ਬਹਿਸ਼ ਕਰਨ 'ਤੇ ਰੋਕ ਲਗਾਉਣਾ ਨਹੀਂ ਹੈ। ਅਨਪੜ੍ਹ ਹੋਣਾ, ਅਗਿਆਨੀ ਹੋਣਾ ਵੀ ਨਹੀਂ ਹੈ। ਗਿਆਨ ਹਾਸਿਲ ਕਰਨ ਦੇ ਹੋਰ ਬਹੁਤ ਸ੍ਰੋਤ ਹਨ। ਸਾਡੀਆਂ ਅੱਖਾਂ ਅਤੇ ਕੰਨ, ਅਤੇ ਬਹਿਸ਼-ਬੋਲ ਸਕਣ ਦੀ ਸਮਰੱਥਾ ਸਾਨੂੰ ਗਿਆਨਵਾਨ ਬਣਾਉਣ ਦੇ ਵਧੀਆ ਜ਼ਰੀਏ ਹਨ।

ਮਨੋ-ਵਿਗਿਆਨਕ ਕਥਨ ਹੈ ਕਿ ਕਿਸੇ ਦੀ ਵੀ ਸਖ਼ਸ਼ੀਅਤ ਉਸਾਰੀ ਵਿੱਚ ਹੁਣ ਤੱਕ ਜਿੰਨ੍ਹਾਂ ਤਿੰਨ ਸੰਸਥਾਵਾਂ ਅਤੇ ਉਹਨਾਂ ਦੇ ਮੁਖੀਆਂ ਨੇ ਭੂਮਿਕਾ ਨਿਭਾਈ ਹੈ, ਉਹ ਹਨ ਪਿਤਾ, ਰਾਜਾ ਤੇ ਰੱਬ। ਇਹ ਤਿੰਨੇ ਸੰਸਥਾਵਾਂ ਜਿਵੇਂ ਪਰਿਵਾਰ, ਦੇਸ਼ ਅਤੇ ਧਰਮ ਆਪਸ ਵਿੱਚ ਜੁੜੀਆਂ ਹੋਈਆਂ ਹਨ। ਤਿੰਨਾਂ ਦੇ ਕਿਰਦਾਰ ਵਿੱਚ ਸਮਾਨਤਾ ਹੈ ਕਿ ਤਿੰਨੇ ਹੀ ਆਪਣਾ ਵਿਰੋਧ ਦਬਾਉਣ ਵਿੱਚ ਹੀ ਆਪਣੀ ਕਾਮਯਾਬੀ ਸਮਝਦੇ ਹਨ।

ਪਰਿਵਾਰ ਵਿੱਚ ਪਰਵਰਿਸ਼ ਦੀ ਭੂਮਿਕਾ ਬਾਰੇ ਆਪਾਂ ਪਿਛਲੇ ਲੇਖ ਵਿੱਚ ਗੱਲ ਕੀਤੀ ਸੀ ਕਿ ਕਿਵੇਂ ਵਧੀਆ ਪਰਵਰਿਸ਼ ਬੱਚੇ ਨੂੰ ਤਰਕਸ਼ੀਲ ਬਣਾ ਸਕਦੀ ਹੈ, ਪਰ ਉੱਥੇ ਵੀ ਬਹੁਤੀ ਵਾਰੀ ਇਹ ਬਰਦਾਸ਼ਤ ਨਹੀਂ ਹੁੰਦਾ ਕਿ ਬੱਚਾ ਪਿਤਾ ਅੱਗੇ ਬੋਲੇ, ਪਿਤਾ ਦੇ ਕਿਰਦਾਰ ਜਾਂ ਵਿਵਹਾਰ 'ਤੇ ਸਵਾਲ ਕਰੇ ਜਾਂ ਘਰ ਦੀਆਂ ਰਿਵਾਇਤਾਂ ਨੂੰ ਨਾ-ਮੰਜੂਰ ਕਰੇ ਤੇ ਚੁਣੌਤੀ ਦੇਵੇ।

ਤਰਜ ਰਾਜ-ਸੱਤਾ ਦੀ ਵੀ ਉਹੀ ਹੈ ਤੇ ਧਾਰਮਿਕ ਤਖ਼ਤਾਂ ਦੀ ਵੀ। ਇਨ੍ਹਾਂ ਦੋਹਾਂ ਪੱਖਾਂ ਨੂੰ ਕੁੱਝ ਹੋਰ ਵਿਸਥਾਰ ਵਿੱਚ ਜਾਨਣ ਦੀ ਕੋਸ਼ਿਸ਼ ਕਰਾਂਗੇ। ਧਰਮ ਨੂੰ ਰਾਜਨੀਤਕ ਤਾਕਤ ਦੀ ਲੋੜ ਵੱਧ ਹੁੰਦੀ ਹੈ, ਉਸ ਨੂੰ ਰਾਜ ਦੀ ਸਰਪ੍ਰਸਤੀ ਦੀ ਲੋੜ ਜ਼ਿਆਦਾ ਹੁੰਦੀ ਹੈ ਜਾਂ ਰਾਜ-ਸੱਤਾ ਆਪਣੇ ਧੱਕੇ ਅਤੇ ਕਾਰਜ ਪ੍ਰਣਾਲੀ ਨੂੰ ਸਹੀ ਠਹਿਰਾਉਣ ਲਈ, ਧਾਰਮਿਕ ਸੱਤਾ ਦੀ ਮੋਹਰ ਲਗਵਾਉਣ ਲਈ ਧਾਰਮਿਕ ਸੱਤਾ ਨੂੰ ਕੁੱਝ ਰਿਆਇਤਾਂ, ਛੋਟਾਂ ਤੇ ਫਾਇਦੇ ਦਿੰਦੀ ਹੈ, ਇੱਕ ਸਰਪ੍ਰਸਤ ਦਾ ਕਾਰਜ ਕਰਦੀ ਹੈ। ਇਸ ਬਰੀਕ ਜਿਹੀ ਲਾਈਨ ਨੂੰ ਸਮਝਾਂਗੇ, ਜਦੋਂ ਦੋਹਾਂ ਦੀ ਆਪਸੀ ਤਾਲ-ਮੇਲ ਵਾਲੀ ਕਾਰਜਵਿਧੀ ਬਾਰੇ ਜਾਣਾਂਗੇ। ਫਿਲਹਾਲ ਧਰਮ ਦੀ ਆਪਣੀ ਭੂਮਿਕਾ ਦੀ ਗੱਲ ਕਰਦੇ ਹਾਂ।

'ਧਰਮ' ਸ਼ਬਦ ਕਈ ਤਰ੍ਹਾਂ ਨਾਲ ਇਸਤੇਮਾਲ ਕਰਕੇ, ਇਸ ਬਾਰੇ ਜ਼ਿਆਦਾਤਰ ਕੋਸ਼ਿਸ਼ ਰਹਿੰਦੀ ਹੈ, ਮਨੁੱਖਤਾ ਦੇ ਹੱਕ ਵਿੱਚ ਭੁਗਤਦਾ ਹੋਇਆ ਦਿਖਾਇਆ ਜਾਵੇ। ਇਸ ਦਾ ਜੋ ਵੀ ਨਜ਼ਰ ਆਉਂਦਾ ਚੇਹਰਾ ਹੋਵੇ, ਪਰ ਇਸ ਦਾ ਪਛਾਣ ਚਿੰਨ੍ਹ ਇੱਕ ਅਦ੍ਰਿਸ਼, ਨਜ਼ਰ ਨਾ ਆਉਂਦੀ, ਕਿਤੇ ਅਸਮਾਨ ਵਿੱਚ ਰਹਿੰਦੀ-ਵਿਚਰਦੀ ਤਾਕਤ ਹੈ, ਜਿਸ ਦਾ ਨਾਂ ਰੱਬ, ਅੱਲਾਹ, ਵਾਹਿਗੁਰੂ, ਗੱਾਡ, ਕੁੱਝ ਵੀ ਹੈ। ਮੱਠਾਂ, ਮੰਦਰਾਂ, ਚਰਚ, ਮਸਜਿਦਾਂ ਵਿੱਚ ਬੈਠੇ ਉਸ ਦੀ ਆੜ ਵਿੱਚ ਜੋ ਆਪਣਾ ਵਪਾਰ ਚਲਾਉਂਦੇ ਹਨ, ਉਹ 'ਵਿਚੋਲੀਏ' ਹਨ।

ਧਰਮ ਨੂੰ ਜਿੰਨਾ ਮਰਜ਼ੀ ਪਿਆਰਵਾਹਕ, ਸ਼ਾਂਤੀ ਅਤੇ ਭਾਈਚਾਰੇ ਦਾ ਸੰਦੇਸ਼ ਦੇਣ ਵਾਲਾ ਕਿਹਾ ਜਾਵੇ, ਪਰ ਇਸ ਸੱਤਾ ਦੀ ਇੱਕ ਕਾਰਜਵਿਧੀ ਹੈ - ਡਰ ਅਤੇ ਇਸ ਨਾਲ ਜੁੜੀ ਹੈ - ਸੁਰੱਖਿਆ ਦੀ ਭਾਵਨਾ।

ਡਰ ਬਾਰੇ ਪ੍ਰਚਾਰਿਆ ਜਾਂਦਾ ਹੈ ਕਿ ਇਹ ਇੱਕ ਕੁਦਰਤੀ ਪ੍ਰਵਿਰਤੀ ਹੈ। ਵੱਡੇ ਜੀਵਾਂ ਤੋਂ ਡਰ, ਹਨੇਰ੍ਹੇ ਤੋਂ ਡਰ, ਉੱਚੀ ਆਵਾਜ਼, ਗਰਜਨਾ ਤੋਂ ਡਰ। ਇਹ ਸਭ ਠੀਕ ਹੈ, ਪਰ ਇਹ ਡਰ ਜ਼ਿੰਦਗੀ ਨੂੰ ਬਚਾ ਕੇ ਰੱਖਣ ਦੇ ਸੰਦੇਸ਼ ਵੀ ਹਨ। ਪਰ ਕੁਦਰਤੀ ਹੋਣ ਦੇ ਨਾਲ-ਨਾਲ ਡਰ ਨੂੰ ਭਜਾਉਣਾ, ਉਸ ਨੂੰ ਦੂਰ ਕਰਨਾ ਵੀ ਸਿੱਖੇ ਜਾਣ ਵਾਲੇ ਵਿਵਹਾਰ ਹਨ। ਮਨੁੱਖੀ ਦਿਮਾਗ ਸੋਚਦਾ ਹੈ, ਉਸ ਵਿੱਚ ਸਿੱਖਣ ਦਾ ਗੁਣ ਹੈ ਤੇ ਉਸ ਕੋਲ ਕੁੱਝ ਸਿਰਜਣ, ਨਵਾਂ ਕਰਨ, ਨਵਾਂ ਸੋਚ ਕੇ ਕੋਈ ਰਾਹ ਕੱਢਣ ਦਾ ਵੀ ਗੁਣ ਹੈ। ਇਸ ਲਈ ਮਨੁੱਖ ਡਰ ਤੋਂ ਛੁਟਕਾਰਾ ਪਾ ਸਕਦਾ ਹੈ। ਦੂਸਰੇ ਪਾਸੇ, ਇਹ ਵੀ ਸੱਚਾਈ ਹੈ ਕਿ ਜੇਕਰ ਡਰ ਨੂੰ ਕੱਢਣਾ ਸਿੱਖਿਆ ਜਾ ਸਕਦਾ ਹੈ ਤਾਂ ਡਰ ਨੂੰ ਪਾਇਆ ਵੀ ਜਾ ਸਕਦਾ ਹੈ। ਇਸੇ ਮਨੁੱਖੀ ਸਮਝ ਨੇ ਪਰਿਵਾਰ, ਰਾਜਾ ਅਤੇ ਧਰਮ ਨੇ, ਲੋਕਾਂ ਨੂੰ ਦਬਾ ਕੇ ਰੱਖਣ ਲਈ ਡਰ ਦਾ ਸਹਾਰਾ ਲਿਆ। ਇਹ ਵੀ ਸੱਚ ਹੈ, ਸਾਰੀਆਂ ਜੀਵ-ਜਾਤੀਆਂ ਵਿੱਚੋਂ ਮਨੁੱਖ ਸਭ ਤੋਂ ਵੱਧ ਡਰਪੋਕ ਹੈ। ਇਸ ਨੂੰ ਜਾਣ-ਬੁੱਝ ਕੇ, ਵਿਸ਼ੇਸ ਉਪਰਾਲੇ ਨਾਲ, ਵਿਧੀਵਤ ਤਰੀਕੇ ਨਾਲ ਇਸਤੇਮਾਲ ਕੀਤਾ ਜਾਂਦਾ ਹੈ ਤੇ ਆਪਣੇ ਕਾਰਜਾਂ ਨੂੰ ਨੇਪਰੇ ਚੜ੍ਹਾਇਆ ਜਾਂਦਾ ਹੈ।

ਇਸ ਪਰਿਪੇਖ ਤੋਂ ਦੇਖੀਏ ਤਾਂ ਧਰਮ ਅਸਲ ਵਿੱਚ ਕਰਦਾ ਕੀ ਹੈ :

- ਧਰਮ ਭਾਈਚਾਰੇ, ਸ਼ਾਂਤੀ ਦੀ, ਪ੍ਰੇਮ ਦੀ ਗੱਲ ਕਰਦਾ ਹੈ, ਪਰ ਸਮਾਜਿਕ ਨਾ-ਬਰਾਬਰੀ ਨੂੰ ਸਹੀ ਠਹਿਰਾਉਂਦਾ ਹੈ, ਕੁਦਰਤ ਦੀ ਲੋੜ ਕਹਿ ਦਿੰਦਾ ਹੈ। ਮਨੁੱਖਾਂ ਦੀ ਮਾਰ ਨੂੰ 'ਵੱਡੀ ਮੱਛੀ

ਛੋਟੀ ਮੱਛੀ ਖਾਂਦੀ ਹੈ' ਨਾਲ ਜੋੜ ਕੇ ਤਸੱਲੀ ਦਿੰਦਾ ਹੈ। ਕੁਦਰਤ ਦਾ ਨੇਮ ਕਹਿੰਦਾ ਹੈ।

• ਜਦੋਂ ਕੋਈ ਨਾ-ਬਰਾਬਰੀ, ਵਿਤਕਰੇ ਦੇ ਖਿਲਾਫ਼ ਸਵਾਲ ਕਰੇ ਤਾਂ ਫਿਰ ਕਥਾ-ਕਹਾਣੀਆਂ, ਰੱਬ ਦੀ ਬਾਣੀ, ਧੁਰ ਦੇ ਵਚਨਾਂ ਨੂੰ ਵਿੱਚ ਲਿਆ ਕੇ ਕਰਮਾਂ ਦੇ ਫ਼ਲ, ਅਗਲੇ-ਪਿਛਲੇ ਜਨਮਾਂ ਵਿੱਚ ਉਲਝਾਉਂਦਾ ਹੈ।

• ਇਸ ਤੋਂ ਅੱਗੇ, ਅਗਲਾ ਜਨਮ ਸੁਆਰਨ ਦੇ ਲਈ, ਇਹ ਜਨਮ ਚੁੱਪ-ਚੁਪੀਤੇ, ਬਿਨ੍ਹਾਂ ਕੋਈ ਸਵਾਲ ਕੀਤੇ (ਦਿਮਾਗ ਵਰਤੇ) ਜ਼ਿੰਦਗੀ ਲੰਘਾਉਣ ਦੀ ਬਾਤ ਪਾਉਂਦਾ ਹੈ।

• ਭੁੱਖ/ਪਿਆਸ ਕੁਦਰਤੀ ਵਰਤਾਰੇ ਹਨ। ਪੂਰੀ ਕੁਦਰਤ ਨੂੰ ਭਰਿਆ-ਭਰਿਆ ਦੇਖ, ਜਦੋਂ ਕੋਈ ਸਵਾਲ ਕਰਦਾ ਹੈ ਕਿ ਇਹ ਮੇਰੇ ਲਈ ਕਿਉਂ ਨਹੀਂ ਹੈ, ਮੈਂ ਕੀ ਕੀਤਾ? ਮੇਰਾ ਕਸੂਰ ਕੀ ਹੈ? ਤਾਂ ਉਸ ਨੂੰ ਹੋਣੀ/ਕਿਸਮਤ/ਭਾਗਾਂ/ਲੇਖਾਂ ਨਾਲ ਜੋੜਦਾ ਹੈ। ਇਸ ਤਰ੍ਹਾਂ ਉਹ ਨਾ ਤਰਕ ਨਾਲ ਜਵਾਬ ਦਿੰਦਾ ਹੈ ਤੇ ਨਾਲ ਭੁੱਖ/ਪਿਆਸ ਤੇ ਬਦਤਰ ਜ਼ਿੰਦਗੀ ਜਿਉਣ ਵੇਲੇ, ਕਿਸੇ ਤਰ੍ਹਾਂ ਦੀ ਸੋਝੀ ਵਰਤਣ ਦਾ ਹੀ ਮੌਕਾ-ਮਾਹੌਲ ਨਹੀਂ ਦਿੰਦਾ।

• ਇੱਕ ਅਸੁਰੱਖਿਆ ਦੀ ਤਲਵਾਰ ਹਰ ਵੇਲੇ ਲਟਕਦੀ ਹੋਣ ਕਰਕੇ, ਚਾਹੇ ਉਹ ਘੱਟ-ਗਿਣਤੀਆਂ (ਧਰਮ ਪੱਖੋਂ), ਬਹੁ-ਗਿਣਤੀਆਂ ਵਿੱਚ ਘਿਰੀਆਂ ਹੋਣ ਜਾਂ ਜਾਣ-ਬੁੱਝ ਕੇ, ਘੱਟ-ਗਿਣਤੀਆਂ ਦੇ ਇਲਾਕਿਆਂ ਵਿੱਚ ਆਪਣੇ ਧਾਰਮਿਕ ਜਲੂਸਾਂ ਨੂੰ ਲੈ ਜਾ ਕੇ, ਇੱਕ ਡਰ ਦਾ ਮਾਹੌਲ ਬਣਾਇਆ ਜਾ ਰਿਹਾ ਹੋਵੇ।

• ਧਰਮ ਦੀ ਸੱਤਾ, ਧਾਰਮਿਕ ਅਕੀਦਿਆਂ, ਜਾਤ-ਪਾਤ ਆਧਾਰਿਤ ਵੰਡੀਆਂ ਨੂੰ ਸ਼ੈਅ ਦੇ ਕੇ, ਇੱਕ ਵੱਖਰੀ ਪਛਾਣ ਦੇ ਕੇ, ਇੱਕ ਦੂਰੀ ਅਤੇ ਨਫ਼ਰਤ ਦਾ ਬੀਜ ਬੀਜਦੀ ਹੈ ਤੇ ਇਸ ਤਰ੍ਹਾਂ ਆਪਸੀ ਰਿਸ਼ਤਿਆਂ ਵਿੱਚ ਕੁੜੱਤਣ ਪੈਦਾ ਹੁੰਦੀ ਹੈ।

ਇਸ ਸਾਰੀ ਚਰਚਾ ਜਾਂ ਧਰਮ ਵੱਲੋਂ ਵਰਤੇ ਜਾਂਦੇ ਵਿਧੀ-ਵਿਧਾਨ, ਧਾਰਮਿਕ ਗ੍ਰੰਥਾਂ ਦੇ ਨਾਂ 'ਤੇ ਰੱਬ ਦਾ ਕਾਨੂੰਨ, ਡਰ ਅਤੇ ਅਸੁਰੱਖਿਆ ਦਾ ਮਾਹੌਲ ਪੈਦਾ ਕਰਨ ਦੀ ਜੁਗਤ, ਆਖਰ ਕਾਰਗਰ ਕਿੱਥੇ ਹੁੰਦੀ ਹੈ? ਇਸ ਦਾ ਨਤੀਜਾ ਜ਼ਿੰਦਗੀ ਨੂੰ ਰੱਬ ਦੇ ਹਵਾਲੇ ਕਰਕੇ, 'ਕਰੇ-ਕਰਾਵੇ ਆਪੇ ਆਪ' ਵਿੱਚ ਸੰਤੁਸ਼ਟੀ ਮਹਿਸੂਸ ਕਰਕੇ, ਗਰੀਬੀ ਅਤੇ ਦਰਿੱਦਤਾ ਨੂੰ ਹੋਣੀ ਸਮਝ ਕੇ, ਅਕਲ ਨੂੰ ਤਾਲਾ ਲਾ ਕੇ, ਜੋ ਹੈ ਉਹੀ ਪ੍ਰਵਾਨ ਕਰਕੇ, ਕਿਸੇ ਤਰ੍ਹਾਂ ਦਾ ਉਪਰਾਲਾ, ਹਿੰਮਤ ਨਾ ਕਰਨਾ ਹੁੰਦਾ ਹੈ। ਜਿੱਥੇ ਪੈਦਾ ਹੋਏ, ਜਿਸ ਅਵਸਥਾ ਵਿੱਚ ਪੈਦਾ ਹੋਏ, ਉਸੇ ਨੂੰ ਹੀ ਹੰਢਾਉਣਾ। ਜਦੋਂ ਕਿ ਤਰਕ ਕਰਨ ਨਾਲ ਜ਼ਿੰਦਗੀ ਸੰਵਰ ਸਕਦੀ ਹੈ, ਵਧੀਆ ਬਣ ਸਕਦੀ ਹੈ। ਜਿੱਥੇ ਕਿਤੇ ਅਜਿਹੇ ਉਪਰਾਲੇ ਹੋਏ ਹਨ, ਉਹ ਗਵਾਹ ਹਨ। ਜਿਸ ਕਿਸੇ ਨੇ ਵੀ ਚਾਹੇ ਇਤਿਹਾਸਕ ਪੁਸਤਕਾਂ ਰਾਹੀਂ ਜਾਂ ਖ਼ੁਦ ਘੁੰਮ-ਵਿਚਰ ਕੇ ਦੇਖਿਆ ਹੈ, ਉਨ੍ਹਾਂ ਦਾ ਸਾਂਝਾ ਨਤੀਜਾ ਹੈ ਕਿ ਜਿਨ੍ਹਾਂ ਦੇਸ਼ਾਂ ਦੇ ਲੋਕ ਰੱਬ ਦੀ ਹੋਂਦ ਵਿੱਚ ਵਿਸ਼ਵਾਸ ਨਹੀਂ ਕਰਦੇ, ਉਹ ਲੋਕ ਵੱਧ ਖ਼ੁਸ਼ ਵੀ ਹਨ ਅਤੇ ਖ਼ੁਸ਼ਹਾਲ ਵੀ ਹਨ। ਧਰਮ ਭਾਵੇਂ ਸੰਤੁਸ਼ਟੀ ਦਾ ਪਾਠ ਪੜ੍ਹਾਉਂਦਾ ਹੈ। ਹਰ ਹਾਲ ਖ਼ੁਸ਼ ਰਹਿਣ ਅਤੇ ਉਸ ਦੀ ਰਜ਼ਾ ਵਿੱਚ ਰਾਜ਼ੀ ਰਹਿਣ ਦਾ ਪਾਠ ਪੜ੍ਹਾਉਂਦਾ ਹੈ, ਪਰ ਖ਼ੁਸ਼ਹਾਲ ਜ਼ਿੰਦਗੀ ਤੋਂ ਬਿਨ੍ਹਾਂ, ਨਾ ਸੰਤੁਸ਼ਟੀ ਬਹੁਤ ਲੰਮਾ ਸਮਾਂ ਰਹਿੰਦੀ ਹੈ ਤੇ ਨਾ ਹੀ ਖ਼ੁਸ਼ੀ।

ਇਸ ਤਰ੍ਹਾਂ ਇਸ ਵਿਸ਼ਲੇਸ਼ਣ ਰਾਹੀਂ ਇਸ ਧਾਰਮਿਕ ਸੱਤਾ ਦੀ ਕਾਰਗੁਜ਼ਾਰੀ ਨੂੰ ਸਮਝਣਾ ਚਾਹੀਦਾ ਹੈ ਕਿ ਧਰਮ ਦੀ ਸੱਤਾ, ਮਨੁੱਖ ਦੀ ਕੁਦਰਤੀ ਅਤੇ ਸਭ ਤੋਂ ਅਹਿਮ ਗੁਣ, ਸੋਚਣ, ਸਿੱਖਣ ਅਤੇ ਕੁੱਝ ਨਵਾਂ ਕਰਨ ਦੇ ਤਰੀਕੇ ਨੂੰ ਸੱਟ ਮਾਰਦੀ ਹੈ ਤੇ ਮਨੁੱਖੀ ਸ਼ਖ਼ਸ਼ੀਅਤ ਦੇ ਵਿਕਾਸ ਵਿੱਚ ਇੱਕ ਅੜਿੱਕਾ ਤੇ ਰੁਕਾਵਟ ਬਣਦੀ ਹੈ।

**(ਅਗਲੇ ਅੰਕ ਵਿੱਚ : ਰਾਜ ਸੱਤਾ ਦੇ ਸਰੂਪ ਅਤੇ ਕਾਰਗੁਜ਼ਾਰੀ ਨੂੰ ਸਮਝਾਂਗੇ ਕਿ ਕਿਵੇਂ ਉਹ ਤਰਕਸ਼ੀਲ ਹੋਣ ਨੂੰ ਖੋਰਾ ਲਗਾਉਂਦੀ ਹੈ)**

**98158-08506**

---

***ਸਫਾ 3 ਦਾ ਬਾਕੀ...***

ਵਰਜਿਤ ਸਨ। ਮਾਤ-ਭੂਮੀ ਲਈ ਉਨ੍ਹਾਂ ਦਾ ਪਿਆਰ ਅਤੇ ਇਸਦੀਆਂ ਜ਼ੰਜੀਰਾਂ ਨੂੰ ਤੋੜ ਸੁੱਟਣ ਲਈ ਉਨ੍ਹਾਂ ਦੀਆਂ ਕੁਰਬਾਨੀਆਂ ਬੇ-ਮਿਸਾਲ ਤੇ ਬੇ-ਨਜ਼ੀਰ ਸਨ। ਗ਼ਦਰ ਪਾਰਟੀ ਦੇ ਨਾਇਕਾਂ ਤੇ ਸ਼ਹੀਦਾਂ ਦਾ ਸੰਗ੍ਰਾਮ ਹਿੰਦੁਸਤਾਨ ਦੇ ਇਤਿਹਾਸ ਦਾ ਸਦਾ-ਉਜਾਲਾ ਕਾਂਡ ਬਣਿਆ ਰਹੇਗਾ। ਇਸ ਕੋਲ ਆਉਣ ਵਾਲੀਆਂ ਪੀੜ੍ਹੀਆਂ ਦੇ ਸਿੱਖਣ ਲਈ ਬੜੇ ਹੀ ਸਬਕ ਹਨ। ਹਰ ਦੇਸ਼ ਭਗਤ ਹਿੰਦੁਸਤਾਨੀ ਨੂੰ ਹਕੀਕੀ ਆਜ਼ਾਦੀ ਦੇ ਆਦਰਸ਼ ਲਈ ਸਮਰਪਣ, ਨਿਰਸੁਆਰਥ ਤੇ ਆਤਮ-ਬਲੀਦਾਨ ਦੇ ਉੱਚੇ ਮਿਆਰ ਕਾਇਮ ਕਰਨ ਲਈ, ਉਨ੍ਹਾਂ ਦੇ ਰਾਹ 'ਤੇ ਤੁਰਣਾ ਚਾਹੀਦਾ।

ਅਸੀਂ ਗ਼ਦਰੀਆਂ ਨੂੰ ਸਲਾਮ ਕਰਦੇ ਹਾਂ।
ਉਨ੍ਹਾਂ ਦੇ ਸੰਗ੍ਰਾਮ ਦਾ ਆਦਰਸ਼ ਸੀ :
ਧਰਤੀ ਨੂੰ ਨਿਰੰਕੁਸ਼ ਰਾਜਸ਼ਾਹੀ ਦੇ ਦਾਗ ਤੋਂ ਨਿਰਮਲ ਕਰਨਾ।
ਆਜ਼ਾਦੀ, ਜੀਵਨ ਤੇ ਚਾਨਣ ਵੰਡਣਾ।
ਸੱਚੇ ਲੋਕ ਰਾਜ ਦੇ ਆਗਮਨ ਨੂੰ ਨੇੜੇ ਲਿਆਉਣਾ।
ਇਸੇ ਲਈ ਅਸੀਂ ਜੂਝ ਰਹੇ ਹਾਂ।

**(ਸ੍ਰੋਤ : ਕਿਤਾਬ 'ਹਿੰਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ)**

# 'ਰੱਬ ਨਹੀਂ ਹੈ' ਕਹਿਣ ਦਾ ਅਧਿਕਾਰ



ਸੁਭਾਸ਼ ਗਾਤਾਡੇ

ਮਦਰਾਸ ਹਾਈ ਕੋਰਟ ਦੇ ਜੱਜ ਐਸ. ਮਨੀਕੁਮਾਰ ਅਤੇ ਸੁਬਰਾਮਨੀਅਮ ਪ੍ਰਸਾਦ ਦੇ ਡਬਲ ਬੈਂਚ ਨੂੰ ਪਿਛਲੇ ਦਿਨੀਂ ਇਹ ਦੁਹਰਾਉਣਾ ਪਿਆ ਕਿ ਵਿਚਾਰ ਪ੍ਰਗਟਾਵੇ ਦਾ ਹੱਕ - ਜੋ ਭਾਰਤ ਦੇ ਸੰਵਿਧਾਨ ਤਹਿਤ ਮਿਲੇ ਬੁਨਿਆਦੀ ਹੱਕਾਂ ਵਿੱਚ ਸ਼ਾਮਲ ਹੈ - ਸਰਵਵਿਆਪੀ ਹੈ ਅਤੇ ਇਹ ਸਮੇਂ ਵਿਸ਼ੇਸ ਦੇ ਬਹੁਮਤ-ਅੰਕੜਿਆਂ ਦੇ ਆਧਾਰ 'ਤੇ ਤੈਅ ਨਹੀਂ ਕੀਤਾ ਜਾ ਸਕਦਾ।

ਦੈਵਾਨਾਇਗਮ ਨਾਂ ਦੇ ਇੱਕ ਵਿਅਕਤੀ ਨੇ ਇਹ ਜਨਹਿਤ ਪਟੀਸ਼ਨ ਪਾਈ ਸੀ ਕਿ ਤਾਮਿਲਨਾਡੂ ਦੇ ਤ੍ਰਿਚੀ ਵਿੱਚ ਪੇਰੀਆਰ ਦੇ ਬੁੱਤ 'ਤੇ ਜੋ ਨਾਸਤਿਕਤਾ ਵਾਲੇ ਕਥਨ ਲਿਖੇ ਹੋਏ ਹਨ, ਉਹ ਰੱਬ ਨੂੰ ਮੰਨਣ ਵਾਲਿਆਂ ਨੂੰ ਤਕਲੀਫ਼ ਪਹੁੰਚਾਉਂਦੇ ਹਨ ਅਤੇ ਉਨ੍ਹਾਂ ਨੂੰ ਹਟਾ ਦੇਣਾ ਚਾਹੀਦਾ। ਈ.ਵੀ. ਰਾਮਸਵਾਮੀ, ਜਿਹਨਾਂ ਨੂੰ 'ਪੇਰੀਆਰ' ਨਾਮ ਨਾਲ ਜਾਣਿਆ ਜਾਂਦਾ, ਸਵੈ-ਮਾਣ ਅੰਦੋਲਨ ਦੇ ਆਗੂ ਸਨ। ਦ੍ਰਾਵੜ ਕੜਗਮ ਦੇ ਸੰਸਥਾਪਕ ਪੇਰੀਆਰ ਇੱਕ ਜੁਝਾਰੂ ਕਿਸਮ ਦੇ ਸਮਾਜ ਸੁਧਾਰਕ ਸਨ। ਪਟੀਸ਼ਨ ਪਾਉਣ ਵਾਲੇ ਨੇ ਬੁੱਤ 'ਤੇ ਲਿਖੇ ਸ਼ਬਦਾਂ ਕੋਈ ਰੱਬ ਨਹੀਂ ਹੈ, ਰੱਬ ਨਹੀਂ ਹੈ ਅਤੇ ਵਾਕਈ ਰੱਬ ਨਹੀਂ ਹੈ' (ਪੇਰੀਆਰ ਵੱਲੋਂ ਅਕਸਰ ਕਹੇ ਜਾਣ ਵਾਲੇ ਵਾਕ) 'ਤੇ ਸਵਾਲ ਖੜ੍ਹਾ ਕੀਤਾ ਸੀ।

ਇਸ ਪਟੀਸ਼ਨ ਨੂੰ ਖਾਰਜ ਕਰਦੇ ਹੋਏ ਅਦਾਲਤ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸੰਵਿਧਾਨ ਦੀ ਧਾਰਾ 19 ਦੇ ਤਹਿਤ ਜਿੱਥੇ ਆਸਥਾ ਵਾਲਿਆਂ ਨੂੰ ਇਹ ਅਧਿਕਾਰ ਹੈ ਕਿ ਉਹ ਰੱਬ ਦੀ ਹੋਂਦ ਅਤੇ ਧਰਮ ਦੇ ਬਾਰੇ ਆਪਣਾ ਨਜ਼ਰੀਆ ਪੇਸ਼ ਕਰ ਸਕਦੇ ਹਨ, ਉੱਥੇ ਨਾਸਤਿਕਾਂ ਲਈ ਵੀ ਸਮਾਨ ਹੱਕ ਮੌਜੂਦ ਹੈ ਕਿ ਉਹ ਇਸ ਨਾਲ ਅਸਹਿਮਤ ਹੋ ਸਕਦੇ ਹਨ ਅਤੇ ਇਹ ਕਹਿ ਸਕਦੇ ਹਨ ਕਿ ਕੋਈ ਰੱਬ ਨਹੀਂ ਹੈ।

ਇਸ ਨੂੰ ਅਸੀਂ ਇੱਕ ਮੌਕਾ-ਮੇਲ ਕਹਿ ਸਕਦੇ ਹਾਂ ਕਿ ਸੁਪਰੀਮ ਕੋਰਟ ਦੇ ਮੌਜੂਦਾ ਜੱਜ ਦੀਪਕ ਗੁਪਤਾ ਨੇ ਪਿਛਲੇ ਦਿਨੀਂ ਅਹਿਮਦਾਬਾਦ ਵਿੱਚ ਇੱਕ ਜਨਤਕ ਭਾਸ਼ਣ ਦੌਰਾਨ - ਜਿਸਦਾ ਵਿਸ਼ਾ ਸੀ 'ਦੇਸ਼ ਧ੍ਰੋਹ ਦਾ ਕਾਨੂੰਨ ਅਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ' - ਇਸ ਤਰ੍ਹਾਂ ਦੀ ਮਿਲਦੀ-ਜੁਲਦੀ ਗੱਲ ਕਹੀ ਸੀ : 'ਕੋਈ ਆਸਤਿਕ ਹੈ ਜਾਂ ਨਾਸਤਿਕ ਹੈ, ਸਾਡੇ ਸੰਵਿਧਾਨ ਦੇ ਤਹਿਤ ਹਰ ਇੱਕ ਨੂੰ ਆਸਥਾ ਦਾ ਅਤੇ ਜਮੀਰ ਦਾ ਅਧਿਕਾਰ ਮਿਲਿਆ ਹੋਇਆ ਹੈ। ਸੰਵਿਧਾਨ ਵਿੱਚ ਵਰਨਣ ਅਪਵਾਦਾਂ ਨੂੰ ਛੱਡ ਕੇ ਇਹਨਾਂ ਅਧਿਕਾਰਾਂ ਦੇ ਅਮਲ ਵਿੱਚ ਕੋਈ ਰੁਕਾਵਟ ਨਹੀਂ ਹੈ।'

'ਧਾਰਮਿਕਤਾ' ਦੇ ਵਿਸਫੋਟ ਦੇ ਵਰਤਮਾਨ ਮਾਹੌਲ ਵਿੱਚ ਮਦਰਾਸ ਹਾਈ ਕੋਰਟ ਵੱਲੋਂ ਇਸ ਗੱਲ ਨੂੰ ਦੁਹਰਾਇਆ ਜਾਣਾ ਕਿ 'ਰੱਬ ਨਹੀਂ ਹੈ' ਕਹਿਣ ਦਾ ਹੱਕ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦਾ ਹਿੱਸਾ ਹੈ, ਯਕੀਨਨ ਹਵਾ ਦਾ ਸੁਹਾਵਣਾ ਬੁੱਲਾ ਹੈ।

ਜਬਲਪੁਰ (ਮੱਧ ਪ੍ਰਦੇਸ਼) ਦੇ ਇੱਕ ਵਕੀਲ ਵੱਲੋਂ ਸੁਪਰੀਮ ਕੋਰਟ ਵਿੱਚ ਲਗਾਈ ਗਈ ਇੱਕ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ 1100 ਕੇਂਦਰੀ ਵਿਦਿਆਲਿਆਂ ਵਿੱਚ ਸਵੇਰੇ ਜੋ ਪ੍ਰਾਰਥਨਾਵਾਂ ਗਾਈਆਂ ਜਾਂਦੀਆਂ ਹਨ, ਉਹ ਸੰਵਿਧਾਨ ਦਾ ਉਲੰਘਣ ਕਰਦੀਆਂ ਹਨ। ਇਹ ਪ੍ਰਾਰਥਨਾਵਾਂ ਵਿਦਿਆਰਥੀਆਂ ਵਿੱਚ ਵਿਗਿਆਨਕ ਚਿੰਤਨ ਦੇ ਵਿਕਾਸ ਵਿੱਚ ਰੁਕਾਵਟ ਬਣ ਸਕਦੀਆਂ ਹਨ ਜੋ ਇੱਕ ਤਰ੍ਹਾਂ ਨਾਲ ਸੰਵਿਧਾਨ ਦੀ ਧਾਰਾ 51 ਏ. ਦਾ ਉਲੰਘਣ ਹਨ ਜਿਸ ਅਨੁਸਾਰ : 'ਹਰ ਨਾਗਰਿਕ ਦਾ ਇਹ ਫਰਜ਼ ਹੋਵੇਗਾ ਕਿ ਉਹ ਵਿਗਿਆਨਕ ਚਿੰਤਨ, ਮਨੁੱਖਤਾ, ਜਾਂਚ-ਪੜਤਾਲ ਅਤੇ ਸੁਧਾਰ ਦੀ ਪ੍ਰਵਿਰਤੀ ਵਿਕਸਤ ਕਰੇ।' ਇਸ ਪਟੀਸ਼ਨ ਵਿੱਚ ਉਠਾਏ ਗਏ ਮੁੱਦਿਆਂ ਨੂੰ ਅਹਿਮੀਅਤ ਦਿੰਦੇ ਹੋਏ ਜੱਜ ਰੋਹਿਣਟਨ ਨਰੀਮਨ ਅਤੇ ਵਿਨੀਤ ਸ਼ਰਨ ਨੇ ਇਸ ਮਸਲੇ ਨੂੰ ਭਾਰਤ ਦੇ ਮੁੱਖ ਜੱਜ ਨੂੰ ਭੇਜਿਆ ਹੈ ਤਾਂ ਕਿ ਘੱਟੋ-ਘੱਟ ਫੁੱਲ ਬੈਂਚ (ਪੰਜ ਮੈਂਬਰੀ) ਇਸਦਾ ਫੈਸਲਾ ਕਰੇ।

ਸੰਵਿਧਾਨ ਦੀ ਧਾਰਾ 28/1 ਮੁਤਾਬਿਕ : 'ਕਿਸੇ ਵੀ ਕਿਸਮ ਦੀ ਧਾਰਮਿਕ ਸਿੱਖਿਆ ਨੂੰ ਅਜਿਹੇ ਕਿਸੇ ਵਿੱਦਿਅਕ ਸਥਾਨ ਵਿੱਚ ਨਹੀਂ ਦਿੱਤਾ ਜਾਵੇਗਾ ਜੋ ਰਾਜ ਦੇ ਫੰਡ ਨਾਲ ਚਲਦਾ ਹੈ।'

ਕੁੱਝ ਸਮਾਂ ਪਹਿਲਾਂ ਮੁੰਬਈ ਹਾਈ ਕੋਰਟ ਨੇ ਆਪਣੇ ਫੈਸਲੇ ਵਿੱਚ ਕਿਹਾ ਸੀ ਕਿ ਕਿਸੇ ਵੀ ਅਧਿਆਪਕ ਨੂੰ ਸਕੂਲ ਪ੍ਰਾਰਥਨਾ ਸਮੇਂ ਜਾਂ ਕੋਈ ਕਸਮ ਚੁੱਕਦੇ ਸਮੇਂ ਹੱਥ ਜੋੜਣ ਲਈ ਮਜ਼ਬੂਰ ਨਹੀਂ ਕੀਤਾ ਜਾ ਸਕਦਾ। ਇਹ ਫੈਸਲਾ ਜੱਜ ਅਭੈ ਔਕ ਅਤੇ ਰੇਵਿਤੀ ਮੋਹਿਤੇ ਦੇ ਡਬਲ ਬੈਂਚ ਨੇ ਇੱਕ ਅਧਿਆਪਕ ਸੁਧੀਰ ਸਾਲਵੇ ਦੀ ਪਟੀਸ਼ਨ 'ਤੇ ਕੀਤਾ ਸੀ।

(ਪੰਜਾਬੀ ਅਨੁਵਾਦ : ਅਦਾਰਾ)

"ਨ੍ਹੇਰੇ ਜੋ ਸਿਰ 'ਤੇ ਛਾ ਰਹੇ 'ਤੇ ਚਾਨਣੇ ਨੂੰ ਖਾ ਰਹੇ,

## ਆਜ਼ਾਦੀ ਦਾ ਨਾਇਕ



ਸ਼ਹਾਦਤ :
16 ਨਵੰਬਰ, 1916

ਸੱਚ ਤਾਂ ਇਹ ਹੈ ਕਿ ਲਾਲਾ ਹਰਦਿਆਲ ਨੂੰ ਇਨਕਲਾਬ ਦੇ ਰਸਤੇ ਲਾਉਣ ਵਾਲਾ ਕਰਤਾਰ ਸਿੰਘ ਹੀ ਸੀ। ਉਹ ਹੀ ਲਾਲਾ ਹਰਦਿਆਲ ਨੂੰ ਇਸ ਕੰਮ ਵੱਲ ਲਿਆਇਆ ਸੀ ਅਤੇ ਆਪਣੇ ਨਾਲ ਲਾਇਆ ਸੀ। ਜਦ ਪਹਿਲੀ ਵਾਰ ਨਵੰਬਰ 1913 ਨੂੰ 'ਗ਼ਦਰ' ਅਖ਼ਬਾਰ ਦਾ ਪਹਿਲਾ ਪਰਚਾ ਨਿਕਲਿਆ ਤਾਂ ਹਰਦਿਆਲ ਦੇ ਉਰਦੂ ਵਿੱਚ ਲਿਖੇ ਹੋਏ ਮਜ਼ਮੂਨਾਂ ਦਾ ਤਰੁਜਮਾ ਕਰਤਾਰ ਸਿੰਘ ਹੀ ਕਰਦਾ ਸੀ। ਛਾਪੇ ਦੀ ਹੈਂਡ ਮਸ਼ੀਨ ਉਹ ਆਪਣੇ ਹੱਥੀਂ ਚਲਾਉਂਦਾ ਸੀ। ਸ਼ੁਰੂ ਸ਼ੁਰੂ ਵਿੱਚ ਯੁਗਾਂਤਰ ਆਸ਼ਰਮ ਦਾ ਸਾਰਾ ਕੰਮ ਕਰਤਾਰ ਸਿੰਘ ਸਰਾਭਾ ਦੇ ਸਿਰ ਤੇ ਹੀ ਰਿਹਾ। ਉਸਨੂੰ ਦਿਨ ਰਾਤ ਅਰਾਮ ਦੀ ਕਦੇ ਨਾ ਸੁੱਝੀ। ਬਲਕਿ ਜਦ ਸੁੱਝਦਾ ਸੀ ਤਾਂ ਕੰਮ। ਜਿੰਨਾਂ ਉਹ ਅਣਥੱਕ ਮਿਹਨਤੀ ਸੀ, ਉਨਾਂ ਫੁਰਤੀਲ੍ਹਾ ਵੀ ਸੀ।

ਹਵਾਈ ਜਹਾਜ਼ ਚਲਾਉਣ ਅਤੇ ਥੋੜ੍ਹੀ ਬਹੁਤ ਮੁਰੰਮਤ ਦਾ ਕੰਮ ਉਸਨੇ 6 ਮਹੀਨੇ ਅੰਦਰ ਹੀ ਸਿੱਖ ਲਿਆ। ਦੂਸਰੇ ਨੌਜਵਾਨਾਂ ਨੂੰ ਕੰਮ ਸਿਖਾਉਣ ਲਈ ਇੱਕ ਜਥਾ ਵੀ ਤਿਆਰ ਕਰ ਲਿਆ। ਉਹ ਇੱਕ ਬੇਮਿਸਾਲ ਦੇਸ਼ ਭਗਤ ਹੀ ਨਹੀਂ ਸੀ ਬਲਕਿ ਉਸਦੇ ਮਨ ਵਿੱਚੋਂ ਭੈਅ ਅਤੇ ਮੌਤ ਦਾ ਡਰ ਵੀ ਦੂਰ ਹੋ ਚੁੱਕਾ ਸੀ। ਬੇਮਿਸਾਲ, ਤਿਆਗੀ ਤੇ ਕ੍ਰਾਂਤੀਕਾਰੀ ਜਰਨੈਲ ਹੁੰਦਿਆਂ ਹੋਇਆਂ ਉਹ ਦੋਸਤਾਂ ਦਾ ਦੋਸਤ ਸੀ। ਉਹ ਖਤਰੇ ਵੇਲੇ ਸਭ ਤੋਂ ਅੱਗੇ ਰਹਿੰਦਾ ਸੀ। ਫੌਜੀ ਪਲਟਣਾਂ ਵਿੱਚ ਨਿਧੜਕ ਹੋ ਕੇ ਜਾਂਦਾ ਅਤੇ ਬਗੈਰ ਕਿਸੇ ਡਰ ਦੇ ਫੌਜੀਆਂ ਨੂੰ ਪ੍ਰੇਰਦਾ।ਉਸ ਦੀ ਇਸ ਨਿਡਰਤਾ ਦਾ ਫੌਜੀਆਂ ਤੇ ਏਨਾ ਅਸਰ ਹੁੰਦਾ ਕਿ ਉਹ ਆਜ਼ਾਦੀ ਦੀ ਜੰਗ ਵਿੱਚ ਸ਼ਾਮਲ ਹੋਣ ਲਈ ਤਿਆਰ ਹੋ ਜਾਂਦੇ। ਉਸ ਵਿੱਚ ਪੂਰਨ ਇਨਸਾਨੀ ਸਿਫ਼ਤਾਂ ਸਨ। ਮੈਂ ਖਿਆਲ ਕਰਦਾ ਹਾਂ ਕਿ ਦੁਨੀਆਂ ਦੇ ਇਤਿਹਾਸ ਵਿੱਚ ਏਨੀ ਛੋਟੀ ਉਮਰ(19 ਸਾਲ) ਵਿੱਚ ਸ਼ਾਇਦ ਹੀ ਕੋਈ ਜਰਨੈਲ ਮਿਲੇ ਜੋ ਕਰਤਾਰ ਸਿੰਘ ਸਰਾਭਾ ਦਾ ਸਾਨੀ ਹੋਵੇ।ਉਸ ਨਾਇਕ ਅਨੁਸਾਰ :

***ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,***
***ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ...***

ਬਾਬਾ ਸੋਹਣ ਸਿੰਘ ਭਕਨਾ

*ਮਿੰਨੀ ਕਹਾਣੀ*

## 'ਜਾਣੀ ਜਾਣ'

ਕਰਨਬੀਰ ਸਕੂਲ ਦੀ ਪੜ੍ਹਾਈ ਮੁਕਾ ਕੇ ਕਾਲਿਜ ਦਾਖਲ ਹੋ ਗਿਆ। ਸਿਲੇਬਸ ਦੇ ਨਾਲ ਨਾਲ ਹੋਰਨਾਂ ਪੁਸਤਕਾਂ ਦਾ ਸਾਥ ਮਾਨਣਾ ਉਸ ਦਾ ਸ਼ੌਕ ਸੀ। ਉਹ ਹਰ ਗੱਲ/ਘਟਨਾ ਨੂੰ ਗਹੁ ਨਾਲ ਵਾਚਦਾ ਤੇ ਫ਼ਿਰ ਫ਼ੈਸਲਾ ਲੈਂਦਾ। ਇੱਕ ਸਰਕਾਰੀ ਦਫਤਰ ਵਿੱਚ ਚੰਗੇ ਅਹੁਦੇ ਤੇ ਕੰਮ ਕਰਦਾ ਉਸਦਾ ਬਾਪ ਧਾਰਮਿਕ ਆਸਥਾ ਰੱਖਣ ਵਾਲਾ ਵਿਅਕਤੀ ਸੀ। ਕਰਨਬੀਰ ਅਕਸਰ ਹੀ ਵੇਖਦਾ ਕਿ ਉਸਦੇ ਬਾਪ ਦਾ ਵਰਤ ਵਿਹਾਰ ਆਮ ਲੋਕਾਂ ਵਾਲਾ ਹੀ ਸੀ। ਆਪਣੇ ਸੁਆਰਥ ਲਈ ਕੰਮ ਕਰਨਾ, ਰਿਸ਼ਵਤ ਲੈਣੀ ਉਹਨਾਂ ਲਈ ਆਮ ਵਰਤਾਰਾ ਸੀ। ਉਹ ਸਵੇਰ ਸਾਰ ਕਰਨਬੀਰ ਨੂੰ ਨਾਲ ਲੈ ਕੇ ਧਾਰਮਿਕ ਸਥਾਨ ਤੇ ਜਾਂਦਾ। ਮੱਥਾ ਟੇਕਣ ਵਾਲੀ ਜਗ੍ਹਾ ਤੇ ਇਹ ਲਿਖਿਆ ਕਰਨਬੀਰ ਰੋਜ਼ ਪੜ੍ਹਦਾ, ਤੁਸੀਂ ਕੈਮਰੇ ਦੀ ਨਜ਼ਰ ਵਿੱਚ ਹੋ। ਇੱਕ ਦਿਨ ਉਸਨੇ ਆਪਣੇ ਬਾਪ ਨੂੰ ਪੁੱਛ ਹੀ ਲਿਆ, "ਪਾਪਾ, ਉੱਥੇ ਕੈਮਰੇ ਦਾ ਕੀ ਕੰਮ ਭਲਾ? ਕਦ ਤੋਂ ਸੁਣਦੇ ਆ ਰਹੇ ਹਾਂ ਕਿ ਉਹ 'ਜਾਣੀ ਜਾਣ' ਹੈ, ਸਭ ਕੁਸ਼ ਵੇਖਦਾ ਹੈ। ਉਹਦੇ ਲਈ ਕੈਮਰੇ ਦੀ ਲੋੜ ਹੈ ਭਲਾ ਕੋਈ?" ਉਸਦੇ ਬਾਪ ਕੋਲ ਕਰਨਬੀਰ ਨੂੰ ਘੂਰਨ ਤੋਂ ਬਿਨਾ ਕੋਈ ਜੁਆਬ ਨਹੀਂ ਸੀ।

ਕਿਸੇ ਮਹਾਨ ਚਿੰਤਕ ਦੀ ਇੱਕ ਮਹਾਨ ਕਿਤਾਬ ਵਿਚਾਰਾਂ ਦੇ ਇੱਕ ਇਹੋ ਜਿਹੇ ਜ਼ਹਾਜ਼ ਦੀ ਤਰ੍ਹਾਂ ਹੁੰਦੀ ਹੈ ਜੋ ਸੱਚਾਈ ਅਤੇ ਖ਼ੂਬਸੂਰਤੀ ਦੇ ਨਾਲ ਨੱਕੋ ਨੱਕ ਭਰਿਆ ਹੁੰਦਾ ਹੈ।



ਪਾਬਲੋ ਨੈਰੂਦਾ

## ਪੂਜਾ ਤੇ ਗਿਆਨ

ਆਦਮੀ ਦਾ ਪੱਧਰ ਪੂਜਾ ਨਾਲ ਉੱਚਾ ਨਹੀਂ ਹੁੰਦਾ, ਸਿੱਖਿਆ ਦੇਣ ਨਾਲ ਹੁੰਦਾ ਹੈ। ਸਿਰਫ਼ ਗਿਆਨ ਪ੍ਰਾਪਤ ਕਰਨ ਨਾਲ ਹੀ ਆਦਮੀ, ਆਦਮੀ ਨਹੀਂ ਬਣ ਜਾਂਦਾ, ਉਸਨੂੰ ਸਹੀ ਸਿੱਖਿਆ ਦੇ ਨਾਲ ਨਾਲ ਸਹੀ ਕਦਮ ਵੀ ਚੁੱਕਣੇ ਪੈਂਦੇ ਹਨ। ਸਿੱਖਿਆ, ਨਿਸ਼ਾਨੇ ਤੇ ਉਹਦੀ ਪ੍ਰਾਪਤੀ ਲਈ ਸੰਘਰਸ਼ ਤੇ ਆਰਥਿਕ ਸੁਤੰਤਰਤਾ, ਅਨੁਕੂਲ ਵਾਤਾਵਰਣ ਇਸ ਸਭ ਲਈ ਜਰੂਰੀ ਹੈ।

ਗਿਆਨ ਸਿੰਘ ਬੱਲ

## ਸਾਂਝਾਂ ਦੀ ਸਰਘੀ ਸਾਮ੍ਹਣੇ ਨ੍ਹੇਰੇ ਨਾ ਅੜ ਕੇ ਬਹਿਣਗੇ।'' ...ਡਾ. ਰਤਨ ਸਿੰਘ ਢਿੱਲੋਂ

### ਆਜ਼ਾਦੀ ਦੀ ਜਾਮਨੀ



ਇਨਕਲਾਬ ਦੇ ਅਰਥ ਹਨ, ਬਦੇਸ਼ੀ ਖ਼ੂਨੀ ਜਬਾੜਿਆਂ ਤੋਂ ਛੁਟਕਾਰਾ, ਲੁੱਟ ਖਸੁੱਟ ਅਤੇ ਉਸ ਨਿਜ਼ਾਮ ਦਾ ਅੰਤ ਜੋ ਅਮੀਰ ਨੂੰ ਹੋਰ ਅਮੀਰ ਤੇ ਗਰੀਬ ਨੂੰ ਕੰਗਾਲੀ ਦੇ ਪੁੜਾਂ ਚ ਪੀਸੇ ਜਾਣ ਲਈ ਮਜਬੂਰ ਕਰਦਾ ਹੈ।
ਸਾਮਰਾਜੀ ਨਿਜ਼ਾਮ ਕਾਰਣ ਲਖ਼ਖਾਂ ਕਿਰਤੀ, ਕੁੱਲੀ-ਗੁੱਲੀ, ਜੁੱਲੀ, ਵਿੱਦਿਆ ਅਤੇ ਇਲਾਜ ਤੱਕ ਦੀਆਂ ਬੁਨਿਆਦੀ ਲੋੜਾਂ ਦੇ ਮੁਹਤਾਜ ਹਨ। ਕਿਹੜਾ ਐਸਾ ਪੱਥਰ ਦਿਲ ਮਨੁੱਖ ਹੈ, ਜਿਸ ਦਾ ਕਿਰਤੀਆਂ-ਕਿਸਾਨਾਂ ਦੀ ਬੇਵਸੀ ਤੇ ਲਾਚਾਰੀ ਨੂੰ ਵੇਖ ਕੇ ਖ਼ੂਨ ਉਬਲ ਨਹੀਂ ਪੈਂਦਾ? ਕਹਿਰ ਹੈ ਯਾਰੋ, ਜਿਹੜਾ ਆਪਣੀ ਜ਼ਿੰਦਗੀ ਤੇ ਖ਼ੂਨ ਨਾਲ ਸਰਮਾਏਦਾਰੀ ਦੇ ਮਹੱਲ ਉਸਾਰਦਾ ਹੈ, ਉਹ ਆਪ ਰਾਤ ਨੂੰ ਢਿੱਡੋਂ ਖਾਲੀ ਤੇ ਕੇਵਲ ਆਕਾਸ਼ ਦੀ ਛੱਤ ਥੱਲੇ ਸੌਂਵੇਂ। ਅਜਿਹੇ ਨਿਜ਼ਾਮ ਨੂੰ ਸਾੜ ਕੇ ਸੁਆਹ ਕਿਉਂ ਨਹੀਂ ਕਰ ਦਿੱਤਾ ਜਾਂਦਾ। ਹੁਣ ਤਾਂ ਇਨਕਲਾਬ, ਇਨਕਲਾਬ ਦੇ ਵਹਿਣ ਤੇ ਖੜਾ ਹੈ। ਅਸੀਂ ਕਰੋੜਾਂ ਲੋਕੀਂ ਜਿਹੜੇ ਬਦੇਸ਼ੀ ਅੱਗ ਵਿੱਚ ਧੁਖ ਰਹੇ ਹਾਂ, ਜੇਕਰ ਅਸੀਂ ਆਪਣੀ ਕਿਸਮਤ ਦੇ ਆਪ ਕਰਿੰਦੇ ਬਣ ਜਾਈਏ ਤਾਂ ਇਸ ਦਾ ਸਿੱਟਾ ਇਨਕਲਾਬ ਹੋਵੇਗਾ ਅਤੇ ਇਹੋ ਇਨਕਲਾਬ ਸਾਡੀ ਆਜ਼ਾਦੀ ਦੀ ਜਾਮਨੀ ਹੈ।

ਸ਼ਹੀਦ ਊਧਮ ਸਿੰਘ

(ਜਨਮ ਦਿਨ: 26 ਦਸੰਬਰ 1899)

### ਪਹਿਲਕਦਮੀ

ਮੁੱਕ ਗਈ ਹੈ ਰਾਤ ਕਾਲ਼ੀ,
ਲੱਗ ਪਈ ਸਰਘੀ ਦੀ ਲੋਅ
ਘੜੀ ਮੇਰੇ ਮਰਨ ਦੀ,
ਗਈ ਢੁੱਕ ਕੇ ਨੇੜੇ ਖਲੋ,
ਫਿਰ ਵੀ ਜੇ ਤੂੰ ਲੋਚਦਾ ਏਂ
ਰੰਗਣਾ ਇਸ ਪ੍ਰਭਾਤ ਨੂੰ,
ਡੋਹਲ਼ ਮੇਰੇ ਖ਼ੂਨ ਨੂੰ
ਤੇ ਵਰਤ ਇਸ ਸੌਗਾਤ ਨੂੰ,
ਰੰਗ ਤੂੰ ਪ੍ਰਭਾਤ ਦੀ
ਪਹਿਲੀ ਕਿਰਨ ਨੂੰ ਸੁਹਣਿਆਂ



ਡਾ. ਜੋਜ਼ੇ ਰਿਜ਼ਾਲ
(ਫਿਲਿਪੀਨ)

### ਅਹਿਦ

ਸਾਨੂੰ ਲੋੜ ਨਾ ਪੰਡਿਤਾਂ, ਕਾਜ਼ੀਆਂ ਦੀ
ਨਹੀਂ ਸ਼ੌਕ ਹੈ ਬੇੜਾ ਡੁਬਾਵਣੇ ਦਾ।
ਜਾਪ ਜਾਪ ਦਾ ਵਕਤ ਬਤੀਤ ਹੋਇਆ,
ਵੇਲਾ ਆ ਗਿਆ ਤੇਗ ਉਠਾਵਣੇ ਦਾ।
ਲੜੀਏ ਹਿੰਦ ਖ਼ਾਤਰ ਮਰੀਏ ਅਣਖ਼ ਪਿੱਛੇ,
ਸੋਹਣੀ ਮੌਤ ਆਜ਼ਾਦੀ ਦੀ ਜੰਗ ਕਰੀਏ।
ਹੋਰ ਛੱਡੀਏ ਝੂਠਿਆਂ ਝੇੜਿਆਂ ਨੂੰ,
ਇੱਕੋ ਯੁੱਧ ਆਜ਼ਾਦੀ ਦਾ ਆਰੰਭ ਕਰੀਏ।

(ਗ਼ਦਰ : ਜੂਨ 1917)

### ਨਵਾਂ ਸਵੇਰਾ



ਪ੍ਰੋ. ਮੋਹਨ ਸਿੰਘ

ਚਿੱਟੇ ਚਾਨਣ ਦਾ ਦੁੱਧ ਡੁੱਲ੍ਹਿਆ
ਤੇ ਮਟਕੀ ਭੱਜੀ ਹਨੇਰੇ ਦੀ,
ਛੱਡ ਰਾਤਾਂ ਦੀਆਂ ਹਕਾਇਤਾਂ ਨੂੰ
ਕੋਈ ਗੱਲ ਕਰ ਨਵੇਂ ਸਵੇਰੇ ਦੀ।

### ਨਸ਼ਤਰਾਂ

ਦਿਲ ਜਿੱਤਣਾ ਨਹੀਂ ਅਸੀਂ ਜਾਣਦੇ,
ਵੋਟਾਂ ਵਿੱਚ ਜਿੱਤ ਜਾਈਦਾ।
***
ਉੱਚੇ ਭਵਨਾਂ ਤੇ ਜੋਤਾਂ ਰਹੇ ਬਾਲਦੇ,
ਜ਼ਿੰਦਗੀ ਹਨੇਰ ਕੋਠੜੀ।
***
ਗੋਦੀ ਮੀਡੀਆ ਗੁਲਾਮੀ ਬੂਟਾ,
ਭਗਵੇਂ ਦਾ ਭੇਸ ਧਾਰਿਆ।
***
ਫੌਜੀ ਬੂਟਾਂ ਹੇਠ ਸਹਿਕਦੀ ਆਜ਼ਾਦੀ
ਸੁਪਨੇ ਸੜਾਕਦੀ ਫਿਰੇ।
***
ਗਊ ਮੂਤਰ ਗਲੋਬਲ ਇੰਡੀਆ ,
ਜੈ ਸ੍ਰੀ ਰਾਮ ਬੋਲੀਏ ।
***
ਚੌਕੀਦਾਰ ਦੀ ਫਕੀਰੀ ਵੇਖੀ ,
ਦੇਸ਼ ਦਾ ਦੀਵਾਲਾ ਕੱਢ ਗਈ ।



ਜਗਸੀਰ ਜੀਦਾ

## ਖੋਜ਼ ਖਬਰ

## ਖੇਤੀ ਤੋਂ ਬਾਅਦ ਸ਼ਾਮਲ ਹੋਏ ਨਵੇਂ ਅੱਖਰ

ਗੱਲਬਾਤ ਵਿੱਚ ਅਸੀਂ ਹੁਣ 'ਫ' ਅਤੇ 'ਵ' ਅੱਖਰਾਂ ਨੂੰ ਆਸਾਨੀ ਨਾਲ ਉਚਾਰਣ ਕਰ ਲੈਂਦੇ ਹਾਂ ਪਰ ਇੱਕ ਸਮਾਂ ਸੀ ਜਦੋਂ ਇਹਨਾਂ ਅੱਖਰਾਂ ਦਾ ਉਚਾਰਣ ਕਰਨਾ ਐਨਾ ਆਸਾਨ ਨਹੀਂ ਸੀ ਸਗੋਂ ਇਹ ਅੱਖਰ ਤਾਂ ਭਾਸ਼ਾ ਵਿੱਚ ਸ਼ਾਮਲ ਵੀ ਨਹੀਂ ਸਨ। ਹੁਣੇ 'ਨੇਚਰ ਇੰਡੀਆ' ਵਿੱਚ ਪ੍ਰਕਾਸ਼ਿਤ ਇੱਕ ਅਧਿਐਨ ਦੱਸਦਾ ਹੈ ਕਿ ਮਨੁੱਖਾਂ ਵਿੱਚ ਫ ਅਤੇ ਵ ਬੋਲਣ ਦੀ ਸਮਰੱਥਾ, ਖੇਤੀ ਦੇ ਫੈਲਣ ਅਤੇ ਮਨੁੱਖਾਂ ਵੱਲੋਂ ਪੱਕਿਆ ਹੋਇਆ ਭੋਜਨ ਖਾਣ ਦੀ ਸ਼ੁਰੂਆਤ ਦੀ ਬਦੌਲਤ ਵਿਕਸਤ ਹੋਈ ਸੀ। 1985 ਵਿੱਚ ਅਮਰੀਕੀ ਭਾਸ਼ਾ ਵਿਗਿਆਨੀ ਚਾਰਲਸ ਹਾਕੇਟ ਨੇ ਇਸ ਵੱਲ ਧਿਆਨ ਦਿਵਾਇਆ ਸੀ ਕਿ ਹਜ਼ਾਰਾਂ ਸਾਲ ਪਹਿਲਾਂ ਸ਼ਿਕਾਰੀਆਂ ਦੀ ਭਾਸ਼ਾ ਵਿੱਚ ਇਹ ਧੁਨੀਆਂ ਸ਼ਾਮਲ ਨਹੀਂ ਸਨ। ਇਸ ਦੇ ਲਈ ਉਹਨਾਂ ਦਾ ਆਹਾਰ ਜ਼ਿੰਮੇਵਾਰ ਸੀ। ਖੁਰਦਰਾ ਅਤੇ ਰੇਸ਼ੇਦਾਰ ਭੋਜਨ ਚਬਾਉਣ ਨਾਲ ਜਬਾੜਿਆਂ 'ਤੇ ਜ਼ੋਰ ਪੈਂਦਾ ਸੀ ਜਿਸਦੇ ਕਾਰਣ ਜਾੜਾਂ ਘਸ ਜਾਂਦੀਆਂ ਸਨ। ਨਿਚਲਾ ਜਬਾੜਾ ਵੱਡਾ ਹੋ ਜਾਂਦਾ ਸੀ। ਇਸ ਤਰ੍ਹਾਂ ਹੌਲੀ-ਹੌਲੀ ਉੱਪਰਲਾ ਜਬਾੜਾ, ਹੇਠਲਾ ਜਬਾੜਾ ਅਤੇ ਦੰਦ ਇੱਕ ਸੇਧ ਵਿੱਚ ਆ ਜਾਂਦੇ ਸਨ। ਦੰਦਾਂ ਦੀ ਇਸ ਤਰ੍ਹਾਂ ਦੀ ਜਮਾਵਟ ਦੇ ਕਾਰਣ ਉੱਪਰਲਾ ਜਬਾੜਾ ਹੇਠਲੇ ਹੋਂਠ ਨੂੰ ਛੂੰ ਨਾ ਪਾਉਂਦਾ ਜਦਕਿ ਇਹਨਾਂ ਧੁਨੀਆਂ ਦੇ ਉਚਾਰਣ ਲਈ ਇਸ ਤਰ੍ਹਾਂ ਹੋਣਾ ਜ਼ਰੂਰੀ ਸੀ।

ਡੈਮੀਅਲ ਬਲੈਸੀ ਅਤੇ ਸਟੀਵਨ ਮੋਰਾਨ ਅਤੇ ਉਸ ਦੇ ਸਾਥੀਆਂ ਨੇ ਆਪਣੇ ਅਧਿਐਨ ਵਿੱਚ ਚਾਰਲਸ ਹਾਕੇਟ ਦੇ ਇਸ ਵਿਚਾਰ ਨੂੰ ਜਾਂਚਿਆ। ਅਧਿਐਨ ਅਨੁਸਾਰ ਮਨੁੱਖ ਵੱਲੋਂ ਮੁਲਾਇਮ (ਪੱਕਿਆ ਹੋਇਆ) ਭੋਜਨ ਖਾਣ ਨਾਲ ਜਬਾੜਿਆਂ 'ਤੇ ਘੱਟ ਦਬਾਅ ਪੈਣ ਲੱਗਿਆ। ਘੱਟ ਦਬਾਅ ਪੈਣ ਕਾਰਣ ਉਹਨਾਂ ਦਾ ਉੱਪਰਲਾ ਜਬਾੜਾ ਹੇਠਲੇ ਜਬਾੜੇ ਦੀ ਸੇਧ ਵਿੱਚ ਨਾ ਹੋ ਕੇ ਨਿਚਲੇ ਜਬਾੜੇ ਨੂੰ ਥੋੜ੍ਹਾ ਢਕਣ ਲੱਗਿਆ ਜਿਸ ਦੇ ਕਾਰਣ ਇਨ੍ਹਾਂ ਧੁਨੀਆਂ ਨੂੰ ਬੋਲਣ ਵਿੱਚ ਆਸਾਨੀ ਹੋਣ ਲੱਗੀ ਅਤੇ ਭਾਸ਼ਾ ਵਿੱਚ ਨਵੇਂ ਸ਼ਬਦ ਜੁੜੇ। ਇਸ ਨੂੰ ਜਾਂਚਣ ਲਈ ਅਧਿਐਨ ਕਰਤਾਵਾਂ ਨੇ ਕੰਪਿਊਟਰ ਮਾਡਲਿੰਗ ਦੀ ਮੱਦਦ ਲਈ। ਇਸ ਅਧਿਐਨ ਦੇ ਨਤੀਜੇ ਇਹ ਇਸ਼ਾਰਾ ਕਰਦੇ ਹਨ ਕਿ ਜੀਵਨ ਸ਼ੈਲੀ ਵਿੱਚ ਬਦਲਾਅ ਸਾਨੂੰ ਕਈ ਤਰ੍ਹਾਂ ਨਾਲ ਪ੍ਰਭਾਵਿਤ ਕਰ ਸਕਦੇ ਹਨ, ਇਹ ਸਾਡੀ ਭਾਸ਼ਾ ਨੂੰ ਵੀ ਪ੍ਰਭਾਵਿਤ ਕਰ ਸਕਦੇ ਹਨ।

## ਬਾਇਓਮੈਟ੍ਰਿਕ ਪਛਾਣ ਵੀ ਚੁਰਾਈ ਜਾ ਸਕਦੀ ਹੈ

ਕੰਪਿਊਟਰ ਅਤੇ ਇੰਟਰਨੈੱਟ ਦੀ ਵਧਦੀ ਵਰਤੋਂ ਕਾਰਣ ਅੱਜ-ਕੱਲ੍ਹ ਲੋਕਾਂ ਦੀ ਗੁਪਤ ਜਾਣਕਾਰੀ ਸਮਾਰਟਫੋਨ, ਕੰਪਿਊਟਰ ਜਾਂ ਕਿਸੇ ਹੋਰ ਥਾਂ 'ਤੇ ਡਿਜ਼ੀਟਲ ਰੂਪ ਵਿੱਚ ਸਟੋਰ ਰਹਿੰਦੀ ਹੈ। ਜਿੱਥੇ ਲੋਕ ਜਾਣਕਾਰੀਆਂ ਸੁਰੱਖਿਅਤ ਰੱਖਣ ਦੇ ਯਤਨ ਵਿੱਚ ਰਹਿੰਦੇ ਹਨ, ਉੱਥੇ ਹੈਕਰ ਇਨ੍ਹਾਂ ਜਾਣਕਾਰੀਆਂ ਤੱਕ ਪਹੁੰਚਣ ਦੇ ਯਤਨ ਵਿੱਚ ਰਹਿੰਦੇ ਹਨ। ਅੱਜ ਡੈਟਾ ਦੀ ਸੁਰੱਖਿਆ ਲਈ ਬਾਇਓਮੈਟ੍ਰਿਕ ਪਛਾਣ ਪ੍ਰਣਾਲੀ ਦੀ ਵਰਤੋਂ ਕੀਤੀ ਜਾ ਰਹੀ ਹੈ। ਭਾਰਤ ਵਿੱਚ ਤਾਂ ਵੱਡੇ ਪੈਮਾਨੇ 'ਤੇ ਬਾਇਓਮੈਟ੍ਰਿਕ ਪਛਾਣ ਪ੍ਰਣਾਲੀ ਆਧਾਰ ਨਾਲ ਨਾਗਰਿਕਾਂ ਦੀ ਜ਼ਰੂਰੀ ਜਾਣਕਾਰੀ (ਬੈਂਕ ਅਕਾਊਂਟ, ਆਮਦਨ-ਕਰ ਸਬੰਧੀ ਸੂਚਨਾ ਵਗੈਰਾ) ਨੂੰ ਜੋੜਿਆ ਜਾ ਰਿਹਾ ਹੈ। ਕਿਸੇ ਵੀ ਦੋ ਵਿਅਕਤੀਆਂ ਦੀ ਬਾਇਓਮੈਟ੍ਰਿਕ ਪਛਾਣ - ਫਿੰਗਰਪ੍ਰਿੰਟ, ਚਿਹਰਾ ਅਤੇ ਅੱਖਾਂ ਦੀ ਪੁਤਲੀ ਦੀ ਸੰਰਚਨਾ - ਇੱਕੋ ਜਿਹੀ ਨਹੀਂ ਹੁੰਦੀ ਅਤੇ ਇਹ ਮੰਨਿਆ ਜਾਂਦਾ ਹੈ ਕਿ ਇਨ੍ਹਾਂ ਨੂੰ ਚੋਰੀ ਵੀ ਨਹੀਂ ਕੀਤਾ ਜਾ ਸਕਦਾ।

ਬਾਇਓਮੈਟ੍ਰਿਕ ਪ੍ਰਣਾਲੀ ਕਿੰਨੀ ਸੁਰੱਖਿਅਤ ਹੈ, ਇਹ ਜਾਂਚਣ ਲਈ ਨਿਊਯਾਰਕ ਯੂਨੀਵਰਸਿਟੀ ਦੇ ਖੋਜੀਆਂ ਨੇ ਇੱਕ ਐਲਗੋਰਿਦਮ ਬਣਾਈ ਹੈ। ਇਹ ਐਲਗੋਰਿਦਮ ਨਾ ਸਿਰਫ ਜਾਅਲੀ ਫਿੰਗਰਪ੍ਰਿੰਟ ਬਣਾ ਲੈਂਦੀ ਹੈ ਸਗੋਂ ਇਹ ਇੱਕ ਮਾਸਟਰ ਐਲਗੋਰਿਦਮ ਹੈ ਅਤੇ ਇਹ ਇੱਕ ਅਜਿਹਾ ਫਿੰਗਰਪ੍ਰਿੰਟ ਤਿਆਰ ਕਰਦੀ ਹੈ ਜੋ ਕਿਸੇ ਵੀ ਫਿੰਗਰਪ੍ਰਿੰਟ ਲਈ ਕੰਮ ਕਰਦਾ ਹੈ। ਬਿਲਕੁਲ ਉਵੇਂ ਜਿਵੇਂ ਕਿਸੇ ਤਾਲੇ ਨੂੰ ਖੋਲ੍ਹਣ ਲਈ ਇੱਕ ਮਾਸਟਰ ਚਾਬੀ ਹੁੰਦੀ ਹੈ। ਇਸ ਐਲਗੋਰਿਦਮ ਨੂੰ ਡੀਪਮਾਸਟਰਪ੍ਰਿੰਟ ਨਾਮ ਦਿੱਤਾ ਗਿਆ ਹੈ।

ਸਵਿਟਜਰਜੈਂਡ ਸਥਿਤ ਆਈਡਿਪ ਰਿਸਰਚ ਇੰਸਟੀਚਿਊਟ ਦਾ ਕਹਿਣਾ ਹੈ ਕਿ ਸੋਸ਼ਲ ਮੀਡੀਆ, ਇੰਟਰਨੈਟ 'ਤੇ ਲੋਕਾਂ ਵੱਲੋਂ ਆਪਣੀਆਂ ਨਿੱਜੀ ਤਸਵੀਰਾਂ ਸਾਂਝੀਆਂ ਕੀਤੇ ਜਾਣ ਕਾਰਣ ਹੈਕਰਾਂ ਵੱਲੋਂ ਇਸ ਪਛਾਣ ਤੱਕ ਪਹੁੰਚਣਾ ਆਸਾਨ ਹੋ ਗਿਆ ਹੈ।

**(ਸ੍ਰੋਤ : 'ਏਕਲਵਯ' ਭੋਪਾਲ 'ਸ੍ਰੋਤ' ਮੈਗਜ਼ੀਨ )**

ਤਰਕਸ਼ੀਲ ਸੁਸਾਇਟੀ ਪੰਜਾਬ, ਸੂਬਾਈ ਆਗੂ ਸੁਖਵਿੰਦਰ ਬਾਗਪੁਰ, 'ਤਰਕਸ਼ੀਲ' ਦੇ ਸੰਪਾਦਕੀ ਬੋਰਡ ਦੇ ਮੈਂਬਰ ਪਾਲ ਬਾਗਪੁਰ, ਜ਼ੋਨ ਆਗੂ ਜਿੰਦ ਬਾਗਪੁਰ ਦੇ ਸਤਿਕਾਰਤ ਸਰੀਰ ਪ੍ਰਦਾਨੀ ਮਾਤਾ ਕੁਲਵੰਤ ਕੌਰ, ਇਕਾਈ ਅੰਮ੍ਰਿਤਸਰ ਦੇ ਆਗੂ ਸਰੀਰ ਪ੍ਰਦਾਨੀ ਕਾਮਰੇਡ ਅਜੀਤ ਸਿੰਘ ਅਤੇ ਪਿਆਰਾ ਸਿੰਘ ਠੱਠੀਆਂ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਦੀ ਹੋਈ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਉਂਦੀ ਹੈ।



# ਮੱਕੜੀਆਂ ਦਾ ਸੰਸਾਰ

-ਬੂਟਾ ਸਿੰਘ ਵਾਕਫ਼

ਜੀਵ ਵਿਗਿਆਨੀਆਂ ਨੇ ਸੰਸਾਰ ਭਰ ਵਿਚ ਮੱਕੜੀਆਂ ਦੀਆਂ 35 ਹਜ਼ਾਰ ਪ੍ਰਜਾਤੀਆਂ ਦਾ ਪਤਾ ਲਗਾਇਆ ਹੈ। ਇਨ੍ਹਾਂ ਵਿਚੋਂ 3 ਹਜ਼ਾਰ ਪ੍ਰਜਾਤੀਆਂ ਕੇਵਲ ਉੱਤਰੀ ਅਮਰੀਕਾ ਵਿੱਚ ਪਾਈਆਂ ਜਾਂਦੀਆਂ ਹਨ। ਵਿਗਿਆਨੀਆਂ ਦਾ ਵਿਸ਼ਵਾਸ ਹੈ ਕਿ ਸੰਸਾਰ ਵਿਚ ਮੱਕੜੀਆਂ ਦੀਆਂ ਹੋਰ ਵੀ ਪ੍ਰਜਾਤੀਆਂ ਮੌਜੂਦ ਹਨ ਜਿਨ੍ਹਾਂ ਦੀ ਪਹਿਚਾਣ ਬਾਕੀ ਹੈ। ਸੰਸਾਰ ਦੀ ਸਭ ਤੋਂ ਵੱਡ-ਆਕਾਰੀ ਮੱਕੜੀ Theraphosa blondi ਹੈ। ਇਹ ਵੈਨਜ਼ੁਏਲਾ ਵਿਚ ਪਾਈ ਜਾਂਦੀ ਹੈ। 50 ਤੋਂ 70 ਗਰਾਮ ਭਾਰ ਵਾਲੀ ਕਰੀਬ 28 ਸੈਟੀਮੀਟਰ ਲੰਬੀ ਇਹ ਮੱਕੜੀ ਲੱਗਭਗ 10 ਸਾਲ ਤੱਕ ਜਿਉਂਦੀ ਹੈ।



**ਮੱਕੜੀ ਦੀਆਂ ਅੱਖਾਂ** - ਕਿਸਮਾਂ ਦੇ ਆਧਾਰ ਤੇ ਮੱਕੜੀ ਦੇ 2 ਤੋਂ 8 ਅੱਖਾਂ ਹੁੰਦੀਆਂ ਹਨ। ਸਾਲ 2012 ਵਿਚ ਫਰੈਂਕਫਰਟ ਰਿਸਰਚ ਇੰਸਟੀਚਿਊਟ ਦੇ ਵਿਗਿਆਨੀ ਪੀਟਰ ਜੈਗਰ ਨੇ ਮੱਕੜੀਆਂ ਦੀ ਇੱਕ ਅਜਿਹੀ ਪ੍ਰਜਾਤੀ ਖੋਜੀ ਹੈ ਜਿਹੜੀ ਬਿਨ੍ਹਾਂ ਅੱਖਾਂ ਤੋਂ ਹੈ। ਉਸ ਨੇ ਇਹ ਪ੍ਰਜਾਤੀ ਲਾਊਸ (ਦੱਖਣੀ ਏਸ਼ੀਆ) ਦੀ ਇੱਕ ਗੁਫਾ ਵਿਚੋਂ ਲੱਭੀ ਹੈ। ਸੰਸਾਰ ਦੀਆਂ ਹੋਰਨਾਂ ਗੁਫਾਵਾਂ ਵਿਚੋਂ ਵੀ ਬਿਨ-ਅੱਖਾਂ ਵਾਲੀਆਂ ਮੱਕੜੀਆਂ ਦੀਆਂ ਕਿਸਮਾਂ ਦਾ ਪਤਾ ਲੱਗਾ ਹੈ। ਇਹ ਮੱਕੜੀਆਂ ਹਨੇਰੇ ਵਿਚ ਰਹਿਣਾ ਪੰਸਦ ਕਰਦੀਆਂ ਹਨ।

**ਮੱਕੜੀ ਦਾ ਜਾਲ** - ਮੱਕੜੀ ਆਪਣੇ ਭੋਜਨ ਦੇ ਪ੍ਰਬੰਧ ਹਿਤ ਜਾਲ ਦਾ ਨਿਰਮਾਣ ਕਰਦੀ ਹੈ। ਮੱਕੜੀ ਦੇ ਸਰੀਰ ਅੰਦਰ ਵਿਸ਼ੇਸ ਗ੍ਰੰਥੀਆਂ (ਗਲੈਂਡਜ਼) ਹੁੰਦੀਆਂ ਹਨ। ਇਹ ਗ੍ਰੰਥੀਆਂ ਜਾਲ ਬਣਾਉਣ ਵਿਚ ਸਹਾਈ ਹੁੰਦੀਆਂ ਹਨ। ਇਨ੍ਹਾਂ ਗ੍ਰੰਥੀਆਂ ਵਿਚ ਤਰਲ ਪਦਾਰਥ ਹੁੰਦਾ ਹੈ ਜਿਹੜਾ ਬਿਲਕੁਲ ਸਿਲਕ ਵਰਗਾ ਹੁੰਦਾ ਹੈ। ਇਸ ਨੂੰ ਸਪਾਈਡਰ ਸਿਲਕ ਆਖਦੇ ਹਨ। ਇਹ ਤਰਲ ਏਨਾ ਚਿਪਚਿਪਾ ਹੁੰਦਾ ਹੈ ਕਿ ਜਿਵੇਂ ਹੀ ਹਵਾ ਦੇ ਸੰਪਰਕ ਵਿਚ ਆਉਂਦਾ ਹੈ, ਬਰੀਕ ਰੇਸ਼ਮੀ ਜਾਲ ਵਿਚ ਤਬਦੀਲ ਹੋ ਜਾਂਦਾ ਹੈ। ਸਪਿੰਨਰ ਨੈਟ ਮੱਕੜੀ ਦਾ ਵਿਸ਼ੇਸ਼ ਅੰਗ ਹੈ ਜਿਹੜਾ ਇਹ ਤਹਿ ਕਰਦਾ ਹੈ ਕਿ ਮੱਕੜੀ ਨੂੰ ਜਾਲ ਤਿਆਰ ਕਰਨ ਲਈ ਕਿਹੋ-ਜਿਹੇ ਧਾਗੇ ਦੀ ਲੋੜ ਹੈ। ਇਹ ਜਾਲ ਚਿਪਚਿਪਾ ਹੋਣ ਕਾਰਣ ਇਸ ਵਿਚ ਕੀੜੇ-ਮਕੌੜੇ ਆਦਿ ਫਸ ਜਾਂਦੇ ਹਨ। ਜਾਲ ਵਿਚ ਕੀਟਾਂ ਦੇ ਫਸਣ ਸਾਰ ਹੀ ਜਾਲ ਵਿਚ ਕੰਪਨ ਪੈਦਾ ਹੁੰਦੀ ਹੈ। ਇਹ ਕੰਪਨ ਮੱਕੜੀ ਲਈ ਸ਼ਿਕਾਰ ਦੇ ਆਮਦ ਦਾ ਸੰਕੇਤ ਹੁੰਦੀ ਹੈ। ਇਸ ਉਪਰੰਤ ਮੱਕੜੀ ਜਾਲ ਵਿਚ ਫਸੇ ਕੀਟ ਤੇ ਹਮਲਾ ਕਰਕੇ ਆਪਣੇ ਜ਼ਹਿਰ ਨਾਲ ਉਸ ਨੂੰ ਮਾਰ ਦਿੰਦੀ ਹੈ। ਇਸ ਤਰ੍ਹਾਂ ਸ਼ਿਕਾਰ ਕਰਕੇ ਉਹ ਆਪਣਾ ਪੇਟ ਭਰਦੀ ਹੈ। ਸੰਸਾਰ ਵਿਚ ਮੱਕੜੀ ਇੱਕੋ-ਇੱਕ ਅਜਿਹਾ ਜੀਵ ਹੈ ਜਿਸ ਦੇ ਸਰੀਰ ਵਿਚੋਂ ਕੁਦਰਤੀ ਸਿਲਕ ਤਿਆਰ ਹੁੰਦਾ ਹੈ। ਮੱਕੜੀ ਨੂੰ ਆਪਣਾ ਜਾਲ ਤਿਆਰ ਕਰਨ ਵਿਚ ਕੁਦਰਤੀ ਵਿਸ਼ੇਸ ਮੁਹਾਰਤ ਪ੍ਰਾਪਤ ਹੁੰਦੀ ਹੈ। ਇੱਕ ਮੱਕੜੀ 80 ਫੁੱਟ ਤੱਕ ਜਾਲ ਦਾ ਨਿਰਮਾਣ ਕਰ ਸਕਦੀ ਹੈ। ਆਕਾਰ ਦੇ ਹਿਸਾਬ ਨਾਲ ਮੱਕੜੀ 15 ਤੋਂ 75 ਮਿੰਟ ਵਿਚ ਆਪਣਾ ਜਾਲ ਤਿਆਰ ਕਰ ਲੈਂਦੀ ਹੈ।

**ਮੱਕੜੀ ਜਾਲ 'ਚ ਖੁਦ ਕਿਉਂ ਨਹੀਂ ਫਸਦੀ** - ਮੱਕੜੀ ਆਪਣੇ ਬੁਣੇ ਜਾਲ ਵਿਚ ਕਦੇ ਵੀ ਨਹੀਂ ਫਸਦੀ। ਇਸ ਪਿੱਛੇ ਕੁਝ ਇਕ ਕਾਰਣਾਂ ਦਾ ਪਤਾ ਲੱਗਾ ਹੈ। ਪਹਿਲਾ ਇਹ ਕਿ ਮੱਕੜੀ ਦੇ ਪੈਰ ਚੀਕਣੇ ਤੇ ਤੇਲੀ (Oily) ਹੋਣ ਕਾਰਣ ਮੱਕੜੀ ਜਾਲ ਉੱਪਰ ਆਸਾਨੀ ਨਾਲ ਤੁਰ ਫਿਰ ਸਕਦੀ ਹੈ। ਦੂਸਰਾ ਮੱਕੜੀ ਜਾਲ ਤਿਆਰ ਕਰਨ ਸਮੇਂ ਦੋ ਪ੍ਰਕਾਰ ਦਾ ਸਿਲਕੀ ਧਾਗਾ ਪੈਦਾ ਕਰਦੀ ਹੈ। ਇੱਕ ਚਿਪਚਿਪਾ ਤੇ ਦੂਸਰਾ ਬਿਨ੍ਹਾਂ ਚਿਪਚਿਪਾਹਟ ਵਾਲਾ ਧਾਗਾ। ਮੱਕੜੀ ਸਿਰਫ਼ ਬਿਨ੍ਹਾਂ ਚਿਪਚਿਪਾਹਟ ਵਾਲੇ ਧਾਗੇ ਤੇ ਚਲਦੀ ਹੈ ਜਿਸ ਕਰਕੇ ਉਹ ਜਾਲ ਵਿਚ ਫਸਣ ਤੋਂ ਬਚੀ ਰਹਿੰਦੀ ਹੈ। ਇਸ ਤੋਂ ਬਿਨ੍ਹਾਂ ਮੱਕੜੀ ਦੇ ਪੈਰਾਂ ਵਿਚ ਪੰਜਿਆਂ ਦੇ ਵੱਖਰੇ ਜੋੜੇ ਵੀ ਹੁੰਦੇ ਹਨ ਜਿਹੜੇ ਉਸ ਨੂੰ ਜਾਲ ਤੇ ਚੱਲਣ ਵਿਚ ਮਦਦ ਕਰਦੇ ਹਨ।

**ਵਹਿਮ-ਭਰਮ** - ਘਰ ਵਿਚ ਮੱਕੜੀ ਦੇ ਜਾਲ ਦਾ ਹੋਣਾ ਅਕਸਰ ਅਸ਼ੁੱਭ ਮੰਨਿਆ ਜਾਂਦਾ ਹੈ। ਘਰ ਵਿਚ ਨਾ-ਕਾਰਆਤਮਕ ਊਰਜਾ ਦਾ ਪ੍ਰਵੇਸ਼ ਹੋਣਾ ਮੰਨਿਆ ਜਾਂਦਾ ਹੈ। ਪਰ ਇਹ ਗੱਲ ਵਿਗਿਆਨਕ ਤੌਰ ਤੇ ਖਰੀ ਨਹੀਂ। ਜਿਹੜੇ ਲੋਕ ਘਰ ਦੀ ਸਫ਼ਾਈ ਪ੍ਰਤੀ ਅਵੇਸਲੇ ਹੁੰਦੇ ਹਨ ਉਨ੍ਹਾਂ ਦੇ ਘਰ ਮੱਕੜੀ ਦੇ ਜਾਲ ਦਾ ਹੋਣਾ ਸੁਭਾਵਿਕ ਹੈ।

98762-24461

# ਬੋਲ ਸਦੀਵੀਂ



## ਸਮਾਂ ਬੋਲਣ ਦਾ ਹੈ

ਸਮਾਂ ਬੋਲਣ ਦਾ ਹੈ,
ਕਵੀਓ, ਕਲਮਕਾਰੋ, ਸੰਵੇਦਨਸ਼ੀਲ ਲੋਕੋ,
ਫਿਲਮਸਾਜੋ, ਐ ਅਦਾਕਾਰੋ!
ਸ਼ਬਦ ਖਾਮੋਸ਼ ਨੇ, ਪਹਿਰੇ 'ਚ ਨੇ,
ਕਲਮਾਂ ਦੀ ਕਿਉਂਕਰ ਜੀਭ ਠਾਕੀ ਹੈ,
ਐ ਫਨਕਾਰੋ ,
ਸਮਾਂ ਬੋਲਣ ਦਾ ਹੈ,
ਬੋਲੋ !
ਬੜੀ ਦੁਬਿਧਾ 'ਚ ਨੇ ਲੋਕੀਂ,
ਤੁਹਾਡੇ ਵੱਲ ਤੱਕਦੇ ਨੇ!
ਨਹੀਂ ਤਾਂ ,
ਜੋ ਦਿਖਾਇਆ ਜਾ ਰਿਹੈ,
ਉਹ ਸੱਚ ਸਮਝਣਗੇ,
ਉਹਨਾਂ ਨੂੰ ਜੋ ਸੁਣਾਇਆ ਜਾ ਰਿਹੈ,
ਪਰਵਾਨ ਹੋਵੇਗਾ,
ਸਮਾਂ ਬੋਲਣ ਦਾ ਹੈ,
ਬੋਲੋ !
ਜੇ ਹੁਣ ਬੋਲੇ ਨਹੀਂ ਤਾਂ ਫਿਰ ਕਿਸੇ ਬੋਲਣ ਨਹੀਂ ਦੇਣਾ,
ਤੇ ਉਸ ਤੋਂ ਬਾਦ ਫਿਰ ਬੋਲਣ ਲਈ ਕੁਝ ਵੀ ਨਹੀਂ ਰਹਿਣਾ!
ਜੁਬਾਨਾਂ ਵਾਲਿਓ ਗੁੰਗਿਓ,
ਤੁਸਾਂ ਜੇ ਅੱਜ ਵੀ ਇਹ ਧੁੰਦਕਾਰਾ ਸਾਫ ਨਹੀਂ ਕਰਨਾ,
ਤਾਂ ਫਿਰ ਇਤਿਹਾਸ ਨੇ ਸਾਨੂੰ-ਤੁਹਾਨੂੰ ਮਾਫ ਨਹੀਂ ਕਰਨਾ!
ਸਮਾਂ ਬੋਲਣ ਦਾ ਹੈ ,
ਬੋਲੋ !

**ਕਵਿੰਦਰ 'ਚਾਂਦ'**

---

"ਨ੍ਹੇਰੇ ਜੋ ਸਿਰ 'ਤੇ ਛਾ ਰਹੇ ਤੇ ਚਾਨਣੇ ਨੂੰ ਖਾ ਰਹੇ,
ਸਾਂਝਾਂ ਦੀ ਸਰਘੀ ਸਾਮ੍ਹਣੇ ਨ੍ਹੇਰੇ ਨਾ ਅੜ ਕੇ ਬਹਿਣਗੇ।"

"ਸੂਰਜਾ ਓ ਸੂਰਜਾ ਇਸ ਆਸ ਤੇ ਹਾਂ ਜੀ ਰਹੇ,
ਚਿੱਟੇ ਕਬੂਤਰ ਆਣ ਕੇ ਸਾਡੇ ਬਨੇਰੀਂ ਲਹਿਣਗੇ।"

**ਡਾ. ਰਤਨ ਸਿੰਘ ਢਿੱਲੋਂ**

## ਦੀਵੇ ਦੇ ਪੈਰ

*ਸੁਖਪਾਲ*

ਹਨੇਰਾ ਕਹਿੰਦਾ ਹੈ :
ਮੈਂ ਦੀਵੇ ਦੇ ਪੈਰ ਕੱਜ ਲੈਂਦਾ ਹਾਂ
ਇਹ ਕਿਧਰੇ ਨਹੀਂ ਜਾਂਦਾ
ਦੀਵਾ ਕਹਿੰਦਾ ਹੈ :
ਮੈਂ ਉਨ੍ਹਾਂ ਸਾਰਿਆਂ ਵਿੱਚ ਤੁਰਦਾ ਹਾਂ
ਜੋ ਮੇਰੇ ਚਾਨਣ ਵਿੱਚ ਤੁਰਦੇ ਨੇ.....

## ਦੀਵਾ



ਦੀਵਾ ਜਦੋਂ
ਮੈਂ ਖਰੀਦਿਆ ਫੁਟਪਾਥ ਤੋਂ
ਇਕ ਬਾਲ ਤੋਂ

ਤੇ ਲਿਆਕੇ
ਆਪਣੇ ਬਨੇਰੇ ਤੇ ਬਾਲ ਦਿੱਤਾ...

ਅੰਦਰ ਧੂ ਪਈ ਜਾਂਦੀ ਹੈ !

ਰੌਸ਼ਨੀ
ਉਸ ਬਾਲ ਦੇ ਘਰ
ਹੋਵੇਗੀ ?

ਉਸਦਾ ਘਰ ਹੋਵੇਗਾ ?

ਅਯੁਧਿਆ ਚ ਲੱਖਾਂ ਦੀਵੇ !

ਬਾਲ-ਘਰ
ਇਕ ਦੀਵਾ
ਕਦੋਂ ਜਗੇਗਾ ?

**ਡਾ. ਗੁਲਜ਼ਾਰ ਸਿੰਘ ਪੰਧੇਰ**

---

ਰਾਹੀ ਰਹੇ ਨਾ ਕਦੇ ਪਿਆਸਾ,
ਜਗਦੀ ਰਹੇ ਜੀਵਨ ਦੀ ਆਸਾ।
ਸੂਰਜ ਸੂਹਾ, ਚਾਨਣ ਦਾ ਬੂਹਾ,
ਰਹਿਣਾ ਸਦਾ ਚਾਨਣ ਦਾ ਵਾਸਾ।

# ਹਨੇਰੇ ਤੋਂ ਚਾਨਣ ਤੱਕ ...

**ਹਰਵੰਤ ਪਾਲ**

ਫਰਿੱਜ ਠੀਕ ਕਰਕੇ ਉਹ ਵਾਪਸ ਜਾਣ ਲੱਗਾ ਸੀ। ਚਾਹ ਪਾਣੀ ਪੀਣ ਲਈ ਮੈਂ ਉਸ ਨੂੰ ਬਿਠਾ ਲਿਆ। ਡਰਾਇੰਗ ਰੂਮ ਵਿੱਚ ਪੁਸਤਕਾਂ ਨਾਲ ਭਰੀ ਅਲਮਾਰੀ ਵੇਖ ਉਹ ਕਹਿਣ ਲੱਗਾ, ਇਹਨਾਂ ਪੁਸਤਕਾਂ ਨੇ ਹੀ ਮੇਰੀ ਜ਼ਿੰਦਗੀ ਬਣਾਈ ਹੈ। ਚਾਹ ਪੀਂਦਿਆਂ ਉਸ ਨੇ ਆਪਣੀ ਗਾਥਾ ਛੋਹ ਲਈ। ਮੇਰਾ ਜਨਮ ਧਾਰਮਿਕ ਪਰਿਵਾਰ ਵਿੱਚ ਹੋਇਆ। ਮੇਰਾ ਵੱਡਾ ਭਰਾ ਵੀ ਫਰਿੱਜਾਂ ਦਾ ਮਕੈਨਿਕ ਸੀ। ਮੈਂ ਉਸਦੇ ਨਾਲ ਜਾਇਆ ਕਰਦਾ ਸਾਂ। ਉਹ ਪਰਿਵਾਰ ਵਿੱਚੋਂ ਮਿਲੀ ਸਿੱਖਿਆ ਤੇ ਮਾਹੌਲ ਅਨੁਸਾਰ ਦੇਵੀ ਦੇਵਤਿਆਂ ਵਿੱਚ ਅਥਾਹ ਸ਼ਰਧਾ ਰੱਖਦਾ ਸੀ। ਸਵੇਰੇ ਉੱਠਣ ਸਾਰ ਨਹਾ ਧੋ ਕੇ ਉਹ ਪੂਜਾ ਅਰਚਨਾ ਵਿੱਚ ਬੈਠ ਜਾਂਦਾ। ਕੰਮ ਵਿੱਚ ਵੀ ਵਹਿਮਾਂ ਭਰਮਾਂ ਨੂੰ ਫਸਾਈ ਰੱਖਦਾ। ਹਫ਼ਤੇ ਵਿੱਚ ਚਾਰ ਕੁ ਦਿਨ ਹੀ ਕੰਮ ਹੁੰਦਾ ਸੀ।

ਏਨੇ ਕੰਮ ਨਾਲ ਘਰ ਦਾ ਗੁਜ਼ਾਰਾ ਮੁਸ਼ਕਲ ਨਾਲ ਹੁੰਦਾ ਸੀ। ਘਰੇ ਤੰਗੀ ਤੁਰਸ਼ੀ ਲੜਾਈ ਝਗੜੇ ਨੂੰ ਬੁਲਾਉਂਦੀ ਸੀ। ਅਜਿਹੀ ਪ੍ਰੇਸ਼ਾਨੀ ਤੋਂ ਬਚਣ ਲਈ ਉਸ ਕੋਲ ਪੂਜਾ ਪਾਠ ਹੀ ਇੱਕੋ ਰਾਹ ਸੀ। ਉਸਦਾ ਵਿਸ਼ਵਾਸ਼ ਅਟੱਲ ਸੀ ਪਰ ਸਾਨੂੰ ਕੋਈ ਲਾਭ ਨਹੀਂ ਸੀ ਹੋ ਰਿਹਾ। ਅਸੀਂ ਮੰਗਲਵਾਰ ਕਿਸੇ ਦੀ ਮੋਟਰ ਨਹੀਂ ਸੀ ਖੋਲ੍ਹ ਕੇ ਲਿਆਂਉਂਦੇ। ਭਰਾ ਕਹਿੰਦਾ ਸੀ, ਇਸ ਦਿਨ ਲੋਹਾ ਖੋਲ੍ਹਣਾ ਮਾੜਾ ਹੁੰਦਾ ਹੈ। ਵੀਰਵਾਰ ਨੂੰ ਕਿਸੇ ਦੇ ਘਰ ਫਰਿੱਜ ਠੀਕ ਕਰਨ ਨਹੀਂ ਸਾਂ ਜਾਂਦੇ। ਉਸਦਾ ਮੰਨਣਾ ਸੀ ਕਿ ਅਜਿਹਾ ਕਰਨ ਨਾਲ ਕੰਮ ਵਿੱਚ ਬਰਕਤ ਨਹੀਂ ਪੈਂਦੀ। ਸ਼ਨੀਵਾਰ ਨੂੰ ਪੂਜਾ ਪਾਠ ਤੇ ਵੱਧ ਵਕਤ ਲਗਾਉਂਦਾ ਸੀ। ਬੱਸ, ਕਿਸੇ ਤਰ੍ਹਾਂ ਜ਼ਿੰਦਗੀ ਗੁਜ਼ਰ ਰਹੀ ਸੀ।

ਚਾਰ ਕੁ ਸਾਲ ਪਹਿਲਾਂ ਵਾਪਰੀ ਦੁਰਘਟਨਾ ਨੇ ਸਾਡਾ ਘਰ ਉਜਾੜ ਦਿੱਤਾ। ਸੋਮਵਾਰ ਦਾ ਦਿਨ ਸੀ, ਭਰਾ ਇੱਕ ਹੋਰ ਮਕੈਨਿਕ ਨਾਲ ਗੁਆਂਢੀ ਪਿੰਡ ਫਰਿੱਜ ਠੀਕ ਕਰਨ ਨਿਕਲਿਆ। ਰਸਤੇ ਵਿੱਚ ਟਰੱਕ ਦੀ ਫੇਟ ਵੱਜਣ ਤੇ ਹਾਦਸੇ ਦਾ ਸ਼ਿਕਾਰ ਹੋ ਗਿਆ। ਉਸਦੀ ਥਾਏਂ ਮੌਤ ਹੋ ਗਈ ਤੇ ਨਾਲ ਦਾ ਮਕੈਨਿਕ ਬਚ ਗਿਆ। ਘਰ ਦੀ ਸਾਰੀ ਜ਼ਿੰਮੇਵਾਰੀ ਮੇਰੇ ਸਿਰ ਆ ਪਈ। ਭਰਾ ਦਾ ਬੇਵਕਤ ਵਿਛੋੜਾ ਮੈਨੂੰ ਵੱਡਾ ਜ਼ਖ਼ਮ ਦੇ ਗਿਆ। ਇਹ ਗੱਲ ਸੋਚਦਾ ਬਹੁਤ ਨਿਰਾਸ਼ ਹੋ ਜਾਂਦਾ ਕਿ ਸੱਚੇ ਦਿਲੋਂ ਪੂਜਾ ਪਾਠ ਕਰਨ ਵਾਲੇ ਬੰਦੇ ਦੀ ਏਨੀ ਦਰਦਨਾਕ ਮੌਤ? ਮੈਂ ਬਹੁਤ ਕਲਪਦਾ, ਕੰਮ ਵੀ ਕਰਦਾ ਪਰ ਕੁਝ ਹੱਥ ਪੱਲੇ ਨਹੀਂ ਸੀ ਪੈਂਦਾ। ਭਰਾ ਦੀਆਂ ਮੰਨ ਮਨੌਤਾਂ ਮੇਰੇ ਅੰਦਰ ਵੀ ਘਰ ਕਰ ਗਈਆਂ ਸਨ। ਦੋ ਸਾਲ ਪਹਿਲਾਂ ਮੇਰੇ ਜੀਵਨ ਵਿੱਚ ਨਵਾਂ ਸੁਖਾਵਾਂ ਮੋੜ ਆਇਆ।

ਮਾਘੀ ਦਾ ਮੇਲਾ ਸੀ, ਕੰਮ ਕਾਰ ਤਾਂ ਠੱਪ ਹੀ ਸੀ। ਐਵੇਂ ਪ੍ਰੇਸ਼ਾਨੀ ਵਿੱਚ ਤੁਰਿਆ ਫਿਰਦਾ ਮੈਂ ਨਾਟਕਾਂ ਵਾਲੀ ਥਾਂ ਪਹੁੰਚ ਗਿਆ। ਨਾਟਕ ਵਿੱਚ ਹੋ ਰਹੀਆਂ ਗੱਲਾਂ ਬਹੁਤ ਕੰਮ ਦੀਆਂ ਸਨ। ਮੈਂ ਦੋ ਘੰਟੇ ਨਾਟਕ ਵੇਖਦਾ ਰਿਹਾ ਤੇ ਆਉਂਦੇ ਵਕਤ ਦੋ ਪੁਸਤਕਾਂ ਵੀ ਖ਼ਰੀਦ ਲਿਆਇਆ। ਅਗਲੇ ਦਿਨ ਮੈਂ ਸਾਰਾ ਵਕਤ ਨਾਟਕ ਮੇਲੇ ਵਿੱਚ ਬਿਤਾਇਆ। ਘਰ ਆ ਕੇ ਪੁਸਤਕਾਂ ਪੜ੍ਹੀਆਂ ਤਾਂ ਮਨ ਲੱਗੀਆਂ। ਦੋ ਤਿੰਨ ਮਹੀਨੇ ਸੋਚਦਾ, ਵਿਚਾਰਦਾ ਰਿਹਾ। ਆਖਰ ਤਰਕ ਦਾ ਪੱਲਾ ਫੜ੍ਹ ਕੇ ਸੀਜ਼ਨ ਵਿੱਚ ਕੰਮ ਤੇ ਲੱਗ ਗਿਆ। ਦਿਨ, ਵਾਰ ਦੇ ਭਰਮ ਛੱਡ ਦਿੱਤੇ। ਧਿਆਨ ਕੰਮ ਵਿੱਚ ਲਗਾਇਆ। ਭਰਾ ਦਾ ਰਾਹ ਤਿਆਗ ਦਿੱਤਾ। ਹਫ਼ਤਾ ਭਰ ਬਿਨਾ ਨਾਗਾ ਕੰਮ ਕਰਨ ਲੱਗਾ ਤਾਂ ਚੰਗੀ ਕਮਾਈ ਹੋਣ ਲੱਗੀ। ਦੋ ਸਾਲਾਂ ਵਿੱਚ ਹੀ ਮਿਹਨਤ ਕਰਕੇ ਮੈਂ ਆਪਣੀ ਜ਼ਿੰਦਗੀ ਤੇ ਘਰ ਨੂੰ ਪੈਰਾਂ ਸਿਰ ਕਰ ਦਿੱਤਾ।

ਮੇਰੇ ਘਰ ਦੇ ਹੈਰਾਨ ਸਨ ਤੇ ਖੁਸ਼ ਵੀ। ਭਾਵੇਂ ਉਹ ਧਾਰਮਿਕ ਵਿਚਾਰਾਂ ਦੇ ਸਨ ਪਰ ਮੇਰੀ ਇਸ ਗੱਲ ਨਾਲ ਸਹਿਮਤ ਸਨ ਕਿ ਸਫਲਤਾ ਲਈ ਮਿਹਨਤ ਦੀ ਲੋੜ ਹੈ। ਕਰਮ ਕਾਂਡ ਤੇ ਭਰਮ ਸਾਨੂੰ ਕੁਰਾਹੇ ਤੋਰਦੇ ਹਨ। ਆਪਣੇ ਗੁਜ਼ਰ ਗਏ ਭਰਾ ਦਾ ਵਿਛੋੜਾ ਮੈਨੂੰ ਬਹੁਤ ਦੁੱਖ ਦਿੰਦਾ ਹੈ ਪਰ ਉਸ ਵੱਲੋਂ ਸਫਲਤਾ ਹਾਸਲ ਕਰਨ ਲਈ ਅਪਣਾਇਆ ਪੂਜਾ ਪਾਠ ਦਾ ਰਾਹ ਮੈਨੂੰ ਠੀਕ ਨਹੀਂ ਲਗਦਾ।

ਮੈਂ ਮਾਣ ਤਾਂ ਨਹੀਂ ਕਰਦਾ, ਹੁਣ ਸ਼ਹਿਰ ਵਿੱਚ ਸਭ ਤੋਂ ਚੰਗਾ ਕੰਮ ਮੇਰੀ ਦੁਕਾਨ ਦਾ ਹੈ। ਇਸ ਵਿੱਚ ਮੇਰੀ ਮਿਹਨਤ ਤਾਂ ਹੈ ਪਰ ਅਸਲ ਸਿਹਰਾ ਨਾਟਕਾਂ ਵਿਚਲੇ ਤਰਕ ਤੇ ਪੁਸਤਕਾਂ ਤੋਂ ਮਿਲੇ ਚਾਨਣ ਨੂੰ ਜਾਂਦਾ ਹੈ। ਹੁਣ ਮੈਂ ਹੋਰਨਾਂ ਲੋਕਾਂ ਨੂੰ ਤਰਕਸ਼ੀਲਾਂ ਦੀਆਂ ਗੱਲਾਂ ਤੇ ਪੁਸਤਕਾਂ ਤੇ ਅਮਲ ਕਰਨ ਦੀ ਪ੍ਰੇਰਨਾ ਦਿੰਦਾ ਹਾਂ। ਨਾਲ ਆਪਣੀ ਬਦਲ ਗਈ ਜ਼ਿੰਦਗੀ ਦੀ ਉਦਾਹਰਣ ਵੀ ਦਿੰਦਾ ਹਾਂ। ਹਨੇਰੇ ਤੋਂ ਚਾਨਣ ਵੱਲ ਪਰਤੀ ਜ਼ਿੰਦਗੀ ਦੀ ਗਾਥਾ ਸੁਣਾ ਉਹ ਮਕੈਨਿਕ ਚਲਾ ਗਿਆ। ਉਸ ਦੀ ਜੀਵਨ ਕਹਾਣੀ ਸੁਣ ਮੈਨੂੰ ਆਪਣੇ ਤਰਕਸ਼ੀਲ ਹੋਣ ਤੇ ਫ਼ਖ਼ਰ ਹੋ ਰਿਹਾ ਸੀ।

# ਖਾਲੀ ਹੱਥ ਪਰਤਿਆ ਜੋਤਿਸ਼ੀ



**ਕੇ. ਸੀ. ਰੁਪਾਣਾ**

ਮੁੱਢ ਕਦੀਮ ਤੋਂ ਕੁਝ ਸ਼ਾਤਰ ਕਿਸਮ ਦੇ ਲੋਕਾਂ ਨੇ ਜੋਤਿਸ਼ ਦੇ ਨਾਂ ਤੇ ਲੋਕਾਂ ਨੂੰ ਗੁੰਮਰਾਹ ਕਰਕੇ ਲੁੱਟਣ ਦਾ ਧੰਦਾ ਚਲਾ ਰਖਿਆ ਹੈ। ਲੁੱਟ ਦੀ ਇਹ ਗਾਥਾ ਅੱਜ ਵੀ ਬਾਦਸਤੂਰ ਜਾਰੀ ਹੈ। ਪਿੰਡ, ਸ਼ਹਿਰ ਤੋਂ ਵੱਡੇ ਮਹਾਂਨਗਰਾਂ ਤੱਕ ਇਸ ਗੈਰ ਕਾਨੂੰਨੀ ਧੰਦੇ ਦੀਆਂ ਤੰਦਾਂ ਬਿਖਰੀਆਂ ਹੋਈਆਂ ਹਨ। ਸਮੱਸਿਆਵਾਂ ਵਿੱਚ ਘਿਰੇ ਲੋਕ ਅਕਸਰ ਹੀ ਜੋਤਿਸ਼ੀਆਂ ਦੇ ਜਾਲ ਵਿੱਚ ਫਸ ਜਾਂਦੇ ਹਨ।



ਸੜਕ ਤੇ ਬੈਠੇ ਜੋਤਿਸ਼ੀਆਂ ਤੋਂ ਲੈ ਕੇ ਉੱਚੀਆਂ ਦੁਕਾਨਾਂ ਵਿੱਚ ਬੈਠੇ ਜੋਤਿਸ਼ ਦੇ ਗੋਲਡ ਮੈਡਲਲਿਸਟ ਕਹਾਉਂਦੇ ਮਾਹਿਰਾਂ ਨੇ ਦੇਸ਼ ਦੁਨੀਆਂ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਦੀ ਕਦੇ ਭਵਿੱਖਬਾਣੀ ਨਹੀਂ ਕੀਤੀ। ਨਾ ਹੀ ਕਦੇ ਭਵਿੱਖਬਾਣੀ ਸੱਚ ਸਾਬਤ ਕਰਨ ਵਿਖਾਉਣ ਦੀ ਚੁਣੌਤੀ ਕਬੂਲ ਕੀਤੀ ਹੈ। ਜਦ ਕਦੇ ਕੀਤੀ ਵੀ ਹੈ ਤਾਂ ਅਕਸਰ ਹੀ ਹਾਰ ਦਾ ਮੂੰਹ ਹੀ ਵੇਖਣਾ ਪਿਆ ਹੈ। ਪਿਛਲੇ ਮਹੀਨੇ ਕੌਣ ਬਣੇਗਾ ਕਰੋੜਪਤੀ-11 ਵਿੱਚ ਇੱਕ ਕਹਿੰਦੇ ਕਹਾਉਂਦੇ ਜੋਤਿਸ਼ੀ ਨਾਲ ਲੋਕਾਂ ਸਾਹਵੇਂ ਜੋ ਵਾਪਰਿਆ, ਉਹ ਲੋਕਾਂ ਦੀਆਂ ਅੱਖਾਂ ਖੋਲ੍ਹਣ ਵਾਲਾ ਹੈ। ਇਹ ਘਟਨਾ ਭਰਮ ਭੁਲੇਖਿਆਂ ਵਿੱਚ ਫਸੇ ਲੋਕਾਂ ਲਈ ਉਦਾਹਰਣ ਬਣ ਸਕਦੀ ਹੈ। ਲੋਕਾਂ ਦੀ ਕਿਸਮਤ ਦੱਸਣ ਦਾ ਦਮ ਭਰਨ ਵਾਲਾ ਜੋਤਿਸ਼ੀ ਲੋਕਾਂ ਸਾਹਮਣੇ ਮਖੌਲ ਦਾ ਪਾਤਰ ਬਣ ਗਿਆ।

ਸ਼ੋਅ ਦੇ ਸੰਚਾਲਕ ਬਾਲੀਵੁੱਡ ਅਭਿਨੇਤਾ ਅਮਿਤਾਭ ਬਚਨ ਸਾਹਵੇਂ ਹਾਟ ਸੀਟ ਤੇ ਆਏ ਪੰਡਿਤ ਹਰੀ ਓਮ ਸ਼ਰਮਾ ਦੀ ਖੁਸ਼ੀ ਦਾ ਕੋਈ ਅੰਤ ਨਹੀਂ ਸੀ। ਉਸ ਨੇ ਆਉਂਦਿਆਂ ਹੀ ਆਖਿਆ ਕਿ ਉਹ ਜਾਣਦਾ ਸੀ ਕਿ ਜਲਦੀ ਹੀ ਇਸ ਕੁਇਜ਼ ਪ੍ਰੋਗਰਾਮ ਦੀ ਹਾਟ ਸੀਟ ਤੇ ਬੈਠੇਗਾ। ਅੱਜ ਉਸਦੀ ਭਵਿੱਖ ਬਾਣੀ ਸੱਚ ਸਾਬਤ ਹੋ ਗਈ ਹੈ। ਉਸ ਵਕਤ ਉਹ ਦੇਸ਼ ਵਿਦੇਸ਼ ਵਿੱਚ ਵੇਖੇ ਜਾਂਦੇ ਪ੍ਰਸਿੱਧ ਕੁਇਜ਼ ਸ਼ੋਅ ਵਿੱਚ ਲੋਕਾਂ ਦੀਆਂ ਨਜ਼ਰਾਂ ਦਾ ਕੇਂਦਰ ਸੀ। ਅਮਿਤਾਭ ਨੇ ਉਸਨੂੰ ਸੁਆਲ ਪੁੱਛਣ ਤੋਂ ਪਹਿਲਾਂ ਪੁੱਛਿਆ, ਸੁਣਿਆ ਹੈ ਕਿ ਤੁਸੀ ਧਰਮ, ਵੇਦਾਂ ਦੇ ਗਿਆਤਾ ਹੋ ਤੇ ਜੋਤਿਸ਼ਪੁਣਾ ਵੀ ਕਰਦੇ ਹੋ? ਜੋਤਿਸ਼ੀ ਨੇ ਮੁਸਕਰਾਉਂਦਿਆਂ ਹਾਂ ਵਿੱਚ ਉੱਤਰ ਦਿੱਤਾ। ਫ਼ਿਰ ਅਮਿਤਾਭ ਬਚਨ ਦੇ ਕਥਨ ਨੇ ਹਾਜ਼ਰ ਸੈਂਕੜੇ ਦਰਸ਼ਕਾਂ ਸਾਹਮਣੇ ਸੁਆਲ ਵੀ ਖੜ੍ਹਾ ਕੀਤਾ ਤੇ ਜੋਤਿਸ਼ੀ ਨੂੰ ਵੀ ਟਕੋਰਿਆ, ਚਲੋ ਅੱਜ ਵੇਖਦੇ ਹਾਂ ਕਿ ਤੁਹਾਨੂੰ ਆਪਣੇ ਭਵਿੱਖ ਬਾਰੇ ਕਿੰਨਾ ਕੁ ਪਤਾ ਹੈ? ਨਤੀਜਾ ਜਲਦੀ ਹੀ ਸਭ ਦੇ ਸਾਹਮਣੇ ਹੋਏਗਾ।

ਕੁਇਜ਼ ਸ਼ੋਅ ਸ਼ੁਰੂ ਹੋਇਆ। ਜੋਤਿਸ਼ੀ ਬਹੁਤ ਆਸਵੰਦ ਸੀ। ਉਸਨੂੰ ਆਪਣੀ ਜੋਤਿਸ਼ ਵਿੱਦਿਆ ਤੇ ਮਾਣ ਸੀ। ਵੇਖ ਰਹੇ ਦਰਸ਼ਕਾਂ ਦੇ ਦਿਲਾਂ ਦੀਆਂ ਧੜਕਣਾਂ ਤੇਜ ਸਨ। ਹਰ ਕੋਈ ਉਤਸੁਕ ਸੀ। ਇਹ ਵੇਖਣ ਲਈ ਕਿ ਲੋਕਾਂ ਦਾ ਭਵਿੱਖ ਦੱਸਣ ਦਾ ਦਾਅਵਾ ਕਰਨ ਵਾਲੇ ਦਾ ਅੱਜ ਆਪਣਾ ਭਵਿੱਖ ਕੀ ਹੋਵੇਗਾ? ਜੋਤਿਸ਼ੀ ਦੇ ਭੇਸ ਵਿੱਚ ਸਜਿਆ ਫ਼ਬਿਆ ਹਰੀ ਓਮ

ਸ਼ਰਮਾ ਹਾਟ ਸੀਟ ਤੇ ਸੁਆਲਾਂ ਦੇ ਉੱਤਰ ਦੇਣ ਲਈ ਤੱਤਪਰ ਸੀ। ਉਤਸੁਕਤਾ ਤੇ ਉਤਸ਼ਾਹ ਦੇ ਮਾਹੌਲ ਵਿੱਚ ਕੁਇਜ਼ ਸ਼ੋਅ ਦਾ ਪਹਿਲਾ ਪ੍ਰਸ਼ਨ ਸਕਰੀਨ ਤੇ ਆਇਆ। 20 ਜੁਲਾਈ ਨੂੰ ਮਨੁੱਖੀ ਇਤਿਹਾਸ ਦੇ ਕਿਹੜੇ ਸਮਾਗਮ ਦੀ 50ਵੀਂ ਵਰ੍ਹੇ ਗੰਢ ਮਨਾਈ ਗਈ। ਬਿਨਾ ਸੋਚੇ ਸਮਝੇ ਉਸਨੇ ਟੇਵਾ ਲਗਾ ਦਿੱਤਾ। ਇਸ ਯਕੀਨ ਨਾਲ ਕਿ ਉਸ ਦਾ ਉੱਤਰ ਗਲਤ ਨਹੀਂ ਹੋ ਸਕਦਾ। ਕੁਇਜ਼ ਪ੍ਰੋਗਰਾਮ ਵਿੱਚ ਅੱਗੇ ਜਾਣ ਲਈ ਉਸਨੇ ਸਹਿਯੋਗ ਲਈ ਮਿਲੀਆਂ ਲਾਈਫ਼ ਲਾਈਨਾਂ ਦੀ ਵੀ ਪ੍ਰਵਾਹ ਨਹੀਂ ਕੀਤੀ। ਜੋਤਿਸ਼ੀ ਹਰੀ ਓਮ ਨੇ ਪਹਿਲੇ ਸੁਆਲ ਦਾ ਹੀ ਗਲਤ ਉੱਤਰ ਦਿੱਤਾ ਜਦਕਿ ਉਸ ਕੋਲ ਤਿੰਨ ਲਾਈਫ਼ ਲਾਈਨਾਂ ਬਾਕੀ ਸਨ। ਉਹਨਾਂ ਨੂੰ ਵਰਤਣ ਦੀ ਬਜਾਏ ਆਪਣੇ ਟੇਵੇ ਦੇ ਸੱਚ ਨਿਕਲਣ ਦੀ ਆਸ ਵਿੱਚ ਗਲਤ ਉੱਤਰ ਦੀ ਨਮੋਸ਼ੀ ਹਾਸਲ ਕਰ ਗਿਆ। ਲੋਕਾਂ ਦੇ ਭਵਿੱਖ ਦੱਸਣ ਵਾਲਾ ਕੁਇਜ਼ ਸ਼ੋਅ ਵਿੱਚੋਂ ਪਹਿਲੇ ਹੀ ਸੁਆਲ ਦਾ ਗਲਤ ਉੱਤਰ ਦੇ ਕੇ ਖ਼ਾਲੀ ਹੱਥ ਪਰਤਿਆ। ਦੇਸ਼ ਦੁਨੀਆਂ ਦੇ ਦਰਸ਼ਕਾਂ ਸਾਹਵੇਂ ਸਿਰ ਝੁਕਾਈ ਜੋਤਿਸ਼ੀ ਸ਼ੋਅ ਵਿੱਚੋਂ ਬਾਹਰ ਆ ਗਿਆ।

# ਤਰਕਸ਼ੀਲ ਲਹਿਰ ਦੀ ਦੂਸਰੀ ਚੁਣੌਤੀ



ਰਾਮ ਸਵਰਨ ਲੱਖੇਵਾਲੀ

ਉਹ ਤਰਕਸ਼ੀਲ ਲਹਿਰ ਦਾ ਮੁਢਲਾ ਦੌਰ ਸੀ।ਸੁਸਾਇਟੀ ਦਾ ਪ੍ਰਚਾਰ ਪਸਾਰ ਜੋਰਾਂ ਤੇ ਸੀ।ਤਰਕਸ਼ੀਲ ਕਾਮੇ ਉਤਸ਼ਾਹ ਨਾਲ ਸਮਾਜ ਵਿੱਚ ਵਿਗਿਆਨਕ ਚੇਤਨਾ ਦੀ ਲਹਿਰ ਬਣਾਉਣ ਵਿੱਚ ਜੁਟੇ ਹੋਏ ਸਨ। 'ਤੇ ਦੇਵ ਪੁਰਸ਼ ਹਾਰ ਗਏ' ਦੇ ਲਗਾਤਾਰ ਛਪ ਰਹੇ ਐਡੀਸ਼ਨਾਂ ਨੇ ਪਾਠਕ ਵਰਗ ਨੂੰ ਉੱਠਣ, ਹੰਭਲਾ ਮਾਰਨ ਲਈ ਪ੍ਰੇਰਿਆ ਸੀ। ਸੱਥਾਂ, ਸਕੂਲਾਂ ਤੇ ਹੋਰ ਜਨਤਕ ਥਾਵਾਂ ਤੇ ਤਰਕਸ਼ੀਲ ਸਰਗਰਮੀਆਂ ਦੀ ਚਰਚਾ ਉਤਸ਼ਾਹ ਨਾਲ ਹੁੰਦੀ ਸੀ। ਸਮਾਜ ਵਿੱਚ ਕਥਿਤ ਭੂਤਾਂ ਪ੍ਰੇਤਾਂ ਦੇ ਸਤਾਏ ਮਾਨਸਿਕ ਰੋਗੀਆਂ ਦੇ ਕੇਸਾਂ ਨੂੰ ਡਾ. ਅਬਰਾਹਾਮ ਟੀ.ਕਾਵੂਰ ਦੁਆਰਾ ਹੱਲ ਕੀਤੇ ਕੇਸਾਂ/ਰਹੱਸਮਈ ਘਟਨਾਵਾਂ ਦੇ ਆਧਾਰ ਤੇ ਤਰਕਸ਼ੀਲਾਂ ਨੇ ਆਪਣੇ ਹੱਥ ਲੈ ਲਿਆ ਸੀ। ਲੋਕ ਹਿਤ ਦਾ ਇਹ ਕਾਜ ਲੋਕ ਮਨਾਂ ਨੂੰ ਲਹਿਰ ਪ੍ਰਤੀ ਆਕਰਸ਼ਿਤ ਕਰਨ ਲੱਗਾ।

ਅਚਾਨਕ ਅੱਗ ਲੱਗਣ, ਕੱਪੜੇ ਕੱਟੇ ਜਾਣ ਜਿਹੀਆਂ ਰਹੱਸਮਈ ਘਟਨਾਵਾਂ ਕਥਿਤ ਗ਼ੈਬੀ ਸ਼ਕਤੀਆਂ ਰਾਹੀਂ ਹੁੰਦੀਆਂ ਮੰਨੀਆਂ ਜਾਣ ਕਰਕੇ ਜਦ ਇਹ ਕੰਮ ਤਰਕਸ਼ੀਲਾਂ ਨੇ ਸੰਭਾਲਿਆ ਤਾਂ ਚਰਚਾ ਛਿੜਨੀ ਸੁਭਾਵਿਕ ਸੀ। ਕਥਿਤ ਭੂਤਾਂ ਪ੍ਰੇਤਾਂ ਦੇ ਨਾਂ ਪਿੰਡ ਪਿੰਡ ਬੈਠੇ ਅਖੌਤੀ ਬਾਬਿਆਂ ਲਈ ਇੱਕ ਚੁਣੌਤੀ ਉਭਰਨ ਲੱਗੀ। ਲੋਕ ਸੁਆਲ ਕਰਨ ਲੱਗੇ ਕਿ ਜੇਕਰ ਭੂਤਾਂ ਪ੍ਰੇਤਾਂ ਦੁਆਰਾ ਸਤਾਏ ਲੋਕਾਂ ਤੇ ਰਹੱਸਮਈ ਘਟਨਾਵਾਂ ਨੂੰ ਤਰਕਸ਼ੀਲ ਮਨੋਵਿਗਿਆਨਕ ਢੰਗ ਤਰੀਕਿਆਂ ਨਾਲ ਠੀਕ ਕਰ ਰਹੇ ਹਨ ਤਾਂ ਬਾਬਿਆਂ ਦੀ ਕੀ ਲੋੜ ਹੈ ? ਨਾਲੇ ਤਰਕਸ਼ੀਲ ਇਲਾਜ ਮੁਫ਼ਤ ਕਰਦੇ ਹਨ ਤੇ ਅਖੌਤੀ ਬਾਬੇ ਕੜਾਹੀਆਂ, ਸੁੱਖਣਾਂ ਦੇ ਨਾਂ ਮੋਟੀਆਂ ਰਕਮਾਂ ਵਸੂਲਦੇ ਹਨ। ਸਮਾਜ ਚ ਅਜਿਹੇ ਸੁਆਲ ਉੱਠਣ ਲੱਗੇ ਤਾਂ ਆਪਣੇ ਗ਼ੈਰਵਿਗਿਆਨਕ ਧੰਦੇ ਲਈ ਖ਼ਤਰਾ ਖੜ੍ਹਾ ਵੇਖ ਬਾਬੇ/ਚੇਲੇ ਵਿਰੋਧ ਕਰਨ ਲੱਗੇ।ਇਸੇ ਦੌਰ ਵਿੱਚ ਬੱਸੀ ਪਠਾਣਾਂ(ਪਟਿਆਲਾ)ਦਾ ਗ਼ੈਬੀ ਸ਼ਕਤੀਆਂ ਦਾ ਇੱਕ ਹੋਰ ਦਾਅਵੇਦਾਰ ਚੁਣੌਤੀ ਕਬੂਲਣ ਲਈ ਤਿਆਰ ਹੋ ਗਿਆ।

ਦਿਨੋ ਦਿਨ ਤਰਕਸ਼ੀਲ ਸਰਗਰਮੀਆਂ ਦੀ ਵਧ ਰਹੀ ਚਰਚਾ ਉਸ ਅਖੌਤੀ ਬਾਬੇ ਨੂੰ ਤਕਲੀਫ਼ ਦੇਣ ਲੱਗੀ ਤਾਂ ਉਹ ਆਪੇ ਤੋਂ ਬਾਹਰ ਹੋ ਗਿਆ। ਆਪਣੇ ਆਪ ਨੂੰ ਕਥਿਤ ਗ਼ੈਬੀ ਸ਼ਕਤੀਆਂ ਦਾ ਦਾਅਵੇਦਾਰ ਕਹਾਉਣ ਵਾਲਾ ਪਰਸ਼ੋਤਮ ਦਾਸ ਮਲਹੋਤਰਾ ਨਾਂ ਦਾ ਵਿਅਕਤੀ ਰੈਸ਼ਨਲਿਸਟ ਸੁਸਾਇਟੀ ਪੰਜਾਬ ਦੀ ਪਟਿਆਲਾ ਇਕਾਈ ਕੋਲ ਚੁਣੌਤੀ ਸਵੀਕਾਰ ਕਰਨ ਲਈ ਪਹੁੰਚ ਗਿਆ। ਉਸ ਸਮੇਂ ਸੁਸਾਇਟੀ ਵੱਲੋਂ ਰੱਖੇ ਇਨਾਮ ਦੀ ਕੀਮਤ 10 ਹਜ਼ਾਰ ਰੁਪਏ ਸੀ ਤੇ ਚੁਣੌਤੀ ਸਵੀਕਾਰ ਕਰਨ ਵਾਲੇ ਨੂੰ ਜ਼ਮਾਨਤ ਵਜੋਂ ਇੱਕ ਹਜ਼ਾਰ ਰੁਪਿਆ ਜਮ੍ਹਾਂ ਕਰਵਾਉਣਾ ਪੈਂਦਾ ਸੀ। ਉਸ ਨੇ ਪਟਿਆਲਾ ਇਕਾਈ ਨੂੰ ਚੈਲਿੰਜ ਕੀਤਾ ਕਿ ਉਹ ਸੁਸਾਇਟੀ ਦੀ ਚੁਣੌਤੀ ਸਵੀਕਾਰ ਕਰਦਾ ਹੈ। ਉਸ ਨੇ ਦਾਅਵਾ ਕੀਤਾ ਕਿ ਉਹ ਆਪਣੀ ਗ਼ੈਬੀ ਸ਼ਕਤੀ ਨਾਲ ਸੁਸਾਇਟੀ ਮੈਂਬਰ ਨੂੰ 50 ਗਜ਼ ਦੀ ਦੂਰੀ ਤੋਂ ਬੈਠਕੇ ਨੁਕਸਾਨ ਪਹੁੰਚਾ ਸਕਦਾ ਹੈ। ਜਿਸ ਵਿੱਚ ਉਸ ਵਿਅਕਤੀ ਦੀ ਮੌਤ ਵੀ ਹੋ ਸਕਦੀ ਹੈ। ਇਸ ਸਬੰਧ ਵਿੱਚ ਉਸਨੇ ਪਟਿਆਲਾ ਇਕਾਈ ਨਾਲ 14 ਨਵੰਬਰ,1986 ਨੂੰ ਲਿਖਤੀ ਇਕਰਾਰਨਾਮਾ ਕੀਤਾ। ਜਿਸ ਅਨੁਸਾਰ ਇਹ ਤਹਿ ਹੋਇਆ ਕਿ ਪਰਸ਼ੋਤਮ ਦਾਸ 7 ਦਸੰਬਰ, 86 (ਐਤਵਾਰ) ਨੂੰ ਦਿਨ ਦੇ 12 ਤੋਂ 1 ਵਜੇ ਦਰਮਿਆਨ ਆਪਣੀ ਗ਼ੈਬੀ ਸ਼ਕਤੀ ਨਾਲ ਸੁਸਾਇਟੀ ਮੈਂਬਰ ਨੂੰ ਨੁਕਸਾਨ ਪਹੁੰਚਾਵੇਗਾ। ਉਸ ਸਾਹਵੇਂ ਪਰਖ ਲਈ ਬੈਠਣ ਵਾਲਾ ਮੈਂਬਰ ਆਪਣੇ ਹੋਣ ਵਾਲੇ ਨੁਕਸਾਨ/ਮੌਤ ਲਈ ਖ਼ੁਦ ਜ਼ਿੰਮੇਵਾਰ ਹੋਵੇਗਾ।

ਚੁਣੌਤੀ ਕਬੂਲ ਕਰਕੇ ਪਰਸ਼ੋਤਮ ਦਾਸ ਮਲਹੋਤਰਾ ਨੇ ਜ਼ਮਾਨਤ ਦਾ ਇੱਕ ਹਜ਼ਾਰ ਰੁਪਿਆ ਪਟਿਆਲਾ ਇਕਾਈ ਕੋਲ ਜਮ੍ਹਾਂ ਕਰਵਾ ਦਿੱਤਾ।

ਇਹ ਚੁਣੌਤੀ ਤਰਕਸ਼ੀਲਾਂ ਲਈ ਸਥਾਪਤੀ ਬਣਨ ਦਾ ਸਬੱਬ ਸੀ। ਇਸ ਨੂੰ ਆਮ ਲੋਕ ਵੀ ਬੇਸਬਰੀ ਨਾਲ ਉਡੀਕਣ ਲੱਗੇ। ਮੁੜ ਪਿੰਡਾਂ ਦੀਆਂ ਸੱਥਾਂ ਤੋਂ ਲੈ ਕਸਬਿਆਂ, ਸਕੂਲਾਂ, ਦਫਤਰਾਂ ਵਿੱਚ ਚੁੰਝ ਚਰਚਾ ਹੋਣ ਲੱਗੀ। ਹਰ ਵਾਰ ਤਰਕਸ਼ੀਲਾਂ ਨੇ ਨਹੀਂ ਜਿੱਤਣਾ, ਐਤਕੀਂ ਜਿੱਤ ਬਾਬੇ ਦੀ ਪੱਕੀ ਐ। ਨਾਲੇ ਅਗਲਿਆਂ ਨੂੰ ਉਮਰਾਂ ਲੱਗ ਗਈਆਂ ਤਪ ਕਰਦਿਆਂ ਤੇ ਸਿਲੇ ਕੱਢਦਿਆਂ ਨੂੰ। ਕੋਈ ਨਾ ਕੋਈ ਤਾਕਤ ਤਾਂ ਜਰੂਰ, ਉਹਨਾਂ ਦੇ ਵੱਸ ਚ ਐ। ਸਾਰੀਆਂ ਸਚਾਈਆਂ ਕਿਤਾਬਾਂ ਵਿੱਚ ਨਹੀਂ ਹੁੰਦੀਆਂ, ਰਿਧੀ ਸਿਧੀ ਵੀ ਕਿਸੇ ਚੀਜ਼ ਦਾ ਨਾਂ ਐ। ਗ਼ੈਬੀ ਸ਼ਕਤੀਆਂ ਨੂੰ ਮੰਨਣ ਵਾਲੇ ਚਲਦੀ ਚਰਚਾ ਵਿੱਚ ਇਹ ਦਲੀਲਾਂ ਦਿੰਦੇ। ਪੜ੍ਹੇ ਲਿਖੇ, ਸੂਝਵਾਨ ਲੋਕ ਤਰਕ ਪੱਖ ਵਿਚ ਖੜ੍ਹਦੇ।

*ਬਾਕੀ ਸਫਾ 35 'ਤੇ*

*ਕੇਸ ਰਿਪੋਰਟ*

# ਸਰਾਪੀ ਰੂਹ



ਚੰਨਣ ਵਾਂਦਰ

ਉਹ ਅੱਧਖੜ ਉਮਰ ਦੀ ਔਰਤ ਸੀ। ਨਿਰਾਸ਼, ਹਤਾਸ਼ ਤੇ ਹਾਰੀ ਹੋਈ ਲਗਦੀ ਸੀ। ਚਿਹਰੇ ਤੋਂ ਨਿਰਾਸ਼ਾ ਸਾਫ਼ ਝਲਕਦੀ ਸੀ। ਬਰਗਾੜੀ ਦੇ ਮਸ਼ਵਰਾ ਕੇਂਦਰ ਵਿੱਚ ਆਪਣੀ ਵਾਰੀ ਦੀ ਉਡੀਕ ਵਿੱਚ ਬੈਠੀ ਸੀ। ਉਹਨਾਂ ਪਹਿਲਾਂ ਫੋਨ ਤੇ ਮੇਰੇ ਨਾਲ ਗੱਲ ਕਰ ਲਈ ਸੀ। ਉਹਨਾਂ ਦੇ ਪਰਿਵਾਰ ਵਿੱਚ ਬਹੁਤ ਸਾਲਾਂ ਤੋਂ ਲੜਾਈ ਝਗੜਾ ਚਲਦਾ ਆ ਰਿਹਾ ਸੀ। ਔਰਤ ਅਕਸਰ ਬਿਮਾਰ ਰਹਿੰਦੀ ਸੀ। ਘਰ ਦੇ ਕੰਮ ਕਾਰ ਵਿੱਚ ਬਹੁਤੀ ਰੁਚੀ ਨਹੀਂ ਸੀ ਰੱਖਦੀ। ਘਰ ਦੇ ਉਸਦਾ ਇਲਾਜ ਕਰਵਾ ਕੇ ਥੱਕ ਚੁੱਕੇ ਸਨ।

ਕੇਂਦਰ ਵਿੱਚ ਔਰਤ ਨਾਲ ਆਇਆ ਉਸ ਦਾ ਪਤੀ ਹੱਡ ਬੀਤੀ ਸੁਣਾਉਣ ਲੱਗਾ। ਸਾਡਾ ਘਰ ਤਾਂ 'ਨਰਕ' ਬਣਿਆ ਪਿਆ ਹੈ ਜੀ। ਘਰ ਦੇ ਜੀਆਂ ਵਿੱਚ ਕੋਈ ਇਤਫ਼ਾਕ ਨਹੀਂ। ਨਿੱਤ ਕਲੇਸ਼ ਰਹਿੰਦਾ ਹੈ। ਹਰ ਤਰ੍ਹਾਂ ਦਾ ਇਲਾਜ ਕਰਵਾ ਕੇ ਵੇਖ ਲਿਆ ਹੈ। ਕਿਧਰੋਂ ਕੋਈ ਫਾਇਦਾ ਨਹੀਂ ਹੋਇਆ। ਮੇਰੇ ਘਰ ਦਿਆਂ ਦੀ ਮੁਸ਼ਕਲ ਹੁਣ ਤੱਕ ਹੱਲ ਨਹੀਂ ਹੋਈ। ਸਾਡੇ ਵਿਆਹ ਨੂੰ ਵੀਹ ਸਾਲ ਹੋ ਗਏ ਹਨ। ਸਾਰਾ ਸਮਾਂ ਚਿੰਤਾ ਵਿੱਚ ਹੀ ਗੁਜ਼ਰਿਆ ਹੈ। ਕਦੇ ਕਸਰ, ਕਦੇ ਬਿਮਾਰੀ ਤੇ ਕਦੇ ਕਲੇਸ਼। ਸਾਡੇ ਘਰ ਵਿੱਚੋਂ ਇਹ ਕਦੇ ਨਹੀਂ ਗਏ।

ਉਸ ਦੀ ਪਤਨੀ ਦੀ ਕਸਰ/ਬਿਮਾਰੀ ਬਾਰੇ ਪੁੱਛਣ ਤੇ ਉਸ ਨੇ ਨਿਰਾਸ਼ ਸੁਰ ਵਿੱਚ ਦੱਸਣਾ ਸ਼ੁਰੂ ਕੀਤਾ। ਵਿਆਹ ਤੋਂ ਬਾਅਦ ਹੀ ਇਸਨੂੰ ਅਚਾ ਸ਼ੁਰੂ ਹੋ ਗਈ ਸੀ। ਚੁੱਪ ਚਾਪ ਬੈਠੇ ਰਹਿਣਾ, ਕਿਸੇ ਨਾਲ ਬਹੁਤੀ ਗੱਲ ਨਾ ਕਰਨਾ, ਇਸ ਦੀਆਂ ਮੁਢਲੀਆਂ ਨਿਸ਼ਾਨੀਆਂ ਸਨ। ਫ਼ਿਰ ਦਰਦ ਰਹਿਣ ਲੱਗਾ। ਕਦੇ ਕਦੇ ਦੌਰਾ ਪੈ ਜਾਂਦਾ। ਰਾਤ ਨੂੰ ਉੱਠ ਕੇ ਬੋਲਣ ਲੱਗ ਪੈਂਦੀ। ਸਿਰ ਫੜ੍ਹ ਕੇ ਬੈਠ ਜਾਂਦੀ। ਕਹਿੰਦੀ, ਮੇਰੇ ਸਿਰ ਤੇ ਕੋਈ ਬੈਠਾ ਹੈ। ਸਾਰੇ ਕਹਿੰਦੇ, ਇਸਦਾ ਕੋਈ ਡਾਕਟਰੀ ਇਲਾਜ ਹੈਨੀ, ਚੇਲਿਆਂ ਦੀਆਂ ਚੌਂਕੀਆਂ ਵੱਲ ਹੋ ਤੁਰੇ। ਇੱਕ ਨਹੀਂ ਅਨੇਕਾਂ ਚੇਲਿਆਂ, ਬਾਬਿਆਂ ਦੀਆਂ ਗੱਦੀਆਂ ਤੇ ਮੱਥਾ ਟੇਕਿਆ। ਸੁੱਖ ਸਲਾਹੁਤ ਲਾਹੀ, ਮੂੰਹੋਂ ਮੰਗੀਆਂ ਵਸਤਾਂ ਤੇ ਪੈਸੇ ਵੀ ਦਿੱਤੇ। ਪਰ ਕਿਤੋਂ ਵੀ ਇਹਦਾ ਭਲਾ ਨਹੀਂ ਹੋਇਆ। ਸਾਰੇ ਕਸਰ, ਪ੍ਰੇਤ ਦਾ ਸਾਇਆ ਤਾਂ ਦਸਦੇ ਰਹੇ ਪਰ ਇਲਾਜ ਨਹੀਂ ਕਰ ਸਕੇ। ਕਈਆਂ ਨੇ ਆਖਿਆ ਕਿ ਇਹ ਸਰਾਪੀ ਰੂਹ ਹੈ, ਇਹਦਾ ਇਲਾਜ ਸਾਡੇ ਵੱਸੋਂ ਬਾਹਰ ਹੈ। ਇਹਨੂੰ ਧੌਲੀਧਾਰ ਨੁਹਾ ਕੇ ਲਿਆਏ, ਹਰ ਦਰਬਾਰ ਵਿੱਚ ਗਏ, ਪਰ ਕਿਤੋਂ ਢੋਈ ਨਾ ਮਿਲੀ। ਇੱਕ ਚੇਲੇ ਤਾਂ ਸਿੱਧਾ ਸੌਦਾ ਹੀ ਮਾਰ ਲਿਆ ਕਿ 25 ਹਜ਼ਾਰ ਵਿੱਚ ਹਰ ਦੁੱਖ ਤਕਲੀਫ਼ ਠੀਕ ਕਰ ਦੇਊਂ ਪਰ ਪੈਸੇ ਹੜੱਪ ਕੇ ਉਹ ਵੀ ਟਾਲ ਮਟੋਲ ਕਰਨ ਲੱਗਾ। 10 ਸਾਲ ਏਹਨਾਂ ਚੱਕਰਾਂ ਵਿੱਚ ਫਸੇ ਰਹੇ। 2 ਲੱਖ ਰੁਪਏ ਚੇਲਿਆਂ ਕੋਲ ਲੁਟਾ ਦਿੱਤੇ। ਘਰ ਟੂਣੇ ਟਾਮਣਾਂ ਤੇ ਧਾਗੇ ਤਵੀਤਾਂ ਨਾਲ ਪੱਟਿਆ ਗਿਆ। ਘਰ ਪੁੱਤਰ ਵੀ ਹੋ ਗਿਆ, ਪਰ ਸਾਡੀ ਖ਼ੁਸ਼ੀ ਏਹਦੀ ਬਿਮਾਰੀ ਹੀ ਖਾ ਗਈ।

ਵਕਤ ਔਖਾ ਸੌਖਾ ਗੁਜ਼ਰਦਾ ਗਿਆ। ਹੌਲੀ ਹੌਲੀ ਮੇਰੀ ਮਾਂ ਤੇ ਵੀ ਅਸਰ ਹੋਣ ਲੱਗਾ। ਇਹ ਆਪਸ ਵਿੱਚ ਖਹਿਬੜਣ ਲੱਗੀਆਂ। ਉੱਚੀ ਉੱਚੀ ਬੋਲਦੀਆਂ, ਗਲੀ ਗੁਆਂਢ ਇਕੱਠਾ ਹੋ ਜਾਂਦਾ। ਮੈਂ ਕੀਹਦੀ ਮੱਦਦ ਕਰਦਾ?

ਘਰ ਦੀ ਸੁਖ ਸ਼ਾਂਤੀ ਲਈ ਅਸੀਂ ਹਰ ਹੀਲਾ ਵਰਤਿਆ, ਪਰ ਸੁਖ ਸਾਡੇ ਪੱਲੇ ਨਹੀਂ ਪਿਆ। ਹੁਣ ਹਾਲਤ ਹੋਰ ਵੀ ਵਿਗੜ ਗਈ ਹੈ। ਘਰ ਵਿੱਚ ਇਸ ਨੂੰ ਕੋਈ ਪਸੰਦ ਨਹੀਂ ਆਉਂਦਾ। ਇਸਨੇ ਖਾਣ ਪੀਣ ਲਈ ਆਪਣੇ ਭਾਂਡੇ ਵੀ ਅੱਡ ਰੱਖੇ ਨੇ। ਧੋਤੇ ਕੱਪੜੇ ਵੀ ਅਲੱਗ ਤਾਰ ਤੇ ਪਾਉਂਦੀ ਹੈ। ਜਦੋਂ ਮਨ ਚ ਆਉਂਦਾ, ਭਾਂਡੇ ਭੰਨਣ ਲਗਦੀ ਹੈ। ਘਰ ਦੇ ਕਿਸੇ ਮੈਂਬਰ ਨੂੰ ਕਦੇ ਰੋਟੀ ਪਾਣੀ ਵੀ ਫੜਾਉਂਦੀ। ਆਪਣੀ ਕਿਸੇ ਵੀ ਵਸਤ ਨੂੰ ਕਿਸੇ ਪਰਿਵਾਰਕ ਮੈਂਬਰ ਨੂੰ ਹੱਥ ਨਹੀਂ ਲਾਉਣ ਦਿੰਦੀ।

ਫ਼ਿਰ ਪੀੜਿਤ ਔਰਤ ਨਾਲ ਗੱਲਬਾਤ ਤੁਰੀ। ਉਹ ਇਕੱਲੇ ਆਪਣਾ ਦਰਦ ਦੱਸਣਾ ਚਾਹੁੰਦੀ ਸੀ। ਉਸਦਾ ਪਤੀ ਵੀ ਸਹਿਮਤ ਹੋਇਆ। ਉਹ ਸ਼ਾਂਤ ਚਿੱਤ ਹੋ ਕੇ ਦੱਸਣ ਲੱਗੀ। ਮੇਰਾ ਦੁੱਖ ਪੇਕੇ ਘਰ ਤੋਂ ਹੀ ਸ਼ੁਰੂ ਹੋਇਆ ਹੈ। ਮੈਂ ਵੱਡੀ ਸਾਂ ਤੇ ਵੀਰ ਛੋਟਾ। ਮੇਰੀ ਮਾਂ ਵੀਰੇ ਨੂੰ ਲਾਡ ਲਡਾਉਂਦੀ ਤੇ ਮੈਂ ਹਰ ਗੱਲ ਵਿੱਚ ਅੱਖੋਂ ਪਰੋਖੇ ਕਰਦੀ। ਖਾਣ ਪੀਣ, ਪਹਿਨਣ ਪੱਚਰਨ ਵਿੱਚ ਵੀਰੇ ਨੂੰ ਹੀ ਪਹਿਲ ਹੁੰਦੀ। ਮੈਨੂੰ ਬਿਨਾ ਵਜ੍ਹਾ ਝਿੜਕਾਂ ਪੈਂਦੀਆਂ। ਸਕੂਲ ਪੜ੍ਹਨ ਜਾਂਦੀ ਤਾਂ ਮਾਂ ਅਕਸਰ ਆਖਦੀ, ਤੂੰ ਕਿਹੜਾ ਪੜ੍ਹ ਕੇ ਜੱਜ ਲੱਗਣਾ। ਗੱਲ ਕੀ, ਹਰੇਕ ਥਾਂ ਤੇ ਮੈਨੂੰ ਨਮੋਸ਼ੀ ਮਿਲਦੀ। ਮਾਂ ਭਾਵੇਂ ਸਕੀ ਸੀ ਪਰ ਵਿਤਕਰਾ ਬਹੁਤ ਕਰਦੀ ਸੀ। ਘਰ ਦੇ ਕੰਮਾਂ ਵਿੱਚ ਲਗਾਈ ਰੱਖਦੀ। ਬਾਪ ਕੋਲ ਵੀ ਮੈਨੂੰ ਨਿਕੰਮੀ ਸਾਬਤ ਕਰਨ ਦੀ ਕੋਈ ਕਸਰ ਬਾਕੀ ਨਾ

ਛੱਡਦੀ। ਮੈਨੂੰ ਅੱਠ ਜਮਾਤਾਂ ਵੀ ਨਹੀਂ ਪਾਸ ਕਰਨ ਦਿੱਤੀਆਂ। ਮਾਂ ਨੇ ਸਕੂਲੋਂ ਹਟਾ ਲਿਆ। ਕਈ ਸਾਲ ਘਰ ਦਾ ਸਾਰਾ ਕੰਮ ਮੈਂ ਸੰਭਾਲਦੀ ਰਹੀ। ਫ਼ਿਰ ਮੇਰਾ ਵਿਆਹ ਹੋ ਗਿਆ।

ਇਸ ਘਰ ਆਈ ਤਾਂ ਆਪਣਾ ਘਰ ਸਮਝਿਆ। ਕਿਸੇ ਮੂਹਰੇ ਮੂੰਹ ਨਹੀਂ ਖੋਲ੍ਹਿਆ। ਚੁੱਪ ਚਾਪ ਸੇਵਾ ਵਿੱਚ ਲੱਗੀ ਰਹਿੰਦੀ। ਪਰ ਕਦਰ ਇਸ ਘਰ ਨੇ ਵੀ ਨਹੀਂ ਪਾਈ। ਵਿਆਹ ਤੋਂ ਦੋ ਕੁ ਮਹੀਨਿਆਂ ਬਾਅਦ ਹੀ ਸੱਸ ਨੇ ਬੋਲ ਬੁਲਾਰਾ ਸ਼ੁਰੂ ਕਰ ਲਿਆ। ਮੇਰੇ ਸਾਅਬ ਨੂੰ ਚੁੱਕ ਚਕਾ ਕੇ ਮੇਰੇ ਵਿਰੁੱਧ ਕਰਦੀ। ਇਹ ਮੈਨੂੰ ਅਵਾ ਤਵਾ ਬੋਲਦੇ, ਮੈਂ ਸੁਣਦੀ ਰਹੀ। ਮੈਂ ਇਹਨਾਂ ਦੀਆਂ ਬਹੁਤ ਮਿੰਨਤਾਂ ਕੀਤੀਆਂ, ਤਰਲੇ ਲਏ। ਇਹਨਾਂ ਮੇਰੀ ਬਾਂਹ ਨਾ ਫੜੀ। ਮਾਂ ਮਗਰ ਲੱਗ, ਮੈਨੂੰ ਕੋਸਦੇ ਰਹੇ। ਘਰ ਕਾਕਾ ਹੋਇਆ ਤਾਂ ਖੁਸ਼ੀਆਂ ਵੀ ਸੱਸ ਨੇ ਖੋਹ ਲਈਆਂ। ਕਾਕੇ ਨੂੰ ਉਹ ਸੰਭਾਲਦੀ ਤੇ ਸਾਰਾ ਦਿਨ ਪਸ਼ੂਆਂ ਵਾਂਗ ਘਰ ਦਾ ਕੰਮ ਮੈਂ ਕਰਦੀ ਰਹੀ। ਸਾਅਬ ਨੇ ਕਦੇ ਮੇਰਾ ਦੁੱਖ ਨਾ ਸੁਣਿਆ। ਮੈਨੂੰ ਘਰ ਤੋਂ ਨਫਰਤ ਹੋਣ ਲੱਗੀ। ਘਰ ਦੇ ਮੈਂਬਰ ਵੀ ਮੈਨੂੰ ਚੰਗੇ ਨਾ ਲਗਦੇ। ਜਦ ਘਰ ਵਿੱਚ ਮੇਰੀ ਕੋਈ ਪੁੱਛ ਪ੍ਰਤੀਤ ਹੀ ਨਹੀਂ ਸੀ, ਫਿਰ ਕੀਹਦੇ ਸਿਰ ਤੇ ਮਾਣ ਕਰਦੀ? ਇਹ ਦਸਦਿਆਂ ਉਸ ਦੀਆਂ ਅੱਖਾਂ ਭਰ ਆਈਆਂ।

ਮੇਰਾ ਦੁਖ ਦਰਦ ਤਾਂ ਕਿਸੇ ਨੇ ਵੰਡਾਇਆ ਨਹੀਂ। ਇਲਾਜ ਲਈ ਚੇਲਿਆਂ ਕੋਲ ਲੈ ਤੁਰੇ। ਮੈਂ ਪਿਸਦੀ ਰਹੀ, ਡਰਦੀ ਰਹੀ। ਕਦੇ ਕਿਤੇ ਸੁੱਖ ਦੇਣ ਚਲੇ ਗਏ, ਕਦੇ ਕਿਤੇ ਮੱਥਾ ਟੇਕਣ। ਡੇਰਿਆਂ ਤੇ ਚੇਲੇ ਘੂਰਦੇ, ਘਰੇ ਸੱਸ ਨਾ ਬੋਲਣ ਦਿੰਦੀ। ਥਾਂ ਥਾਂ ਭਟਕਦਿਆਂ ਆਹ ਦਿਨ ਆ ਗਏ। ਮੁੰਡਾ ਹੁਣ ਵੱਡਾ ਹੋ ਗਿਆ ਹੈ, ਸਿੱਧੇ ਮੂੰਹ ਉਹ ਨੀਂ ਗੱਲ ਕਰਦਾ। ਸੱਸ ਮੰਜੇ ਤੇ ਹੈ, ਹੁਣ ਮੈਨੂੰ ਜਿਉਣ ਦੀ ਕੋਈ ਚਾਹਨਾ ਹੀ ਨਹੀਂ ਰਹੀ।

ਜਦ ਸਾਰੀ ਪੜਤਾਲ ਉਪਰੰਤ ਔਰਤ ਦੇ ਪਤੀ ਨਾਲ ਵਿਚਾਰ ਹੋਈ ਤਾਂ ਉਹ ਬਹੁਤ ਸ਼ਰਮਿੰਦਾ ਹੋਇਆ। ਉਸਨੂੰ ਵੀ ਸਾਫ਼ ਹੋ ਗਿਆ ਕਿ ਉਸਦੀ ਬੇਕਸੂਰ ਪਤਨੀ ਨੇ ਸਾਲਾਂ ਬੱਧੀ ਘਰ ਦੇ ਅਸੁਖਾਵੇਂ ਮਾਹੌਲ ਕਾਰਣ ਕਥਿਤ ਕਸਰਾਂ ਦਾ ਸੰਤਾਪ ਭੋਗਿਆ ਹੈ। ਉਸਨੇ ਸੁਹਿਰਦਤਾ ਨਾਲ ਮਸਲੇ ਦੇ ਹੱਲ ਲਈ ਯਤਨ ਜੁਟਾਉਣ ਦਾ ਵਾਅਦਾ ਕੀਤਾ। ਲਗਾਤਾਰ ਚਾਰ ਹਫ਼ਤੇ ਉਹ ਦੋਵੇਂ ਮਸ਼ਵਰਾ ਕੇਂਦਰ ਤੇ ਆਉਂਦੇ ਰਹੇ। ਪਤੀ ਨੇ ਆਪਣਾ ਵਿਵਹਾਰ ਸੁਧਾਰਿਆ। ਅਸੀਂ ਪੀੜਿਤ ਔਰਤ ਨੂੰ ਸਹਿਜਤਾ ਨਾਲ ਸੁਧਰ ਰਹੇ ਘਰ ਦੇ ਮਾਹੌਲ ਨੂੰ ਵਾਚਣ ਲਈ ਆਖਦੇ ਰਹੇ। ਕੌਂਸਲਿੰਗ ਨਾਲ ਉਸਨੂੰ ਉਸਾਰੂ ਸੁਝਾਅ ਦਿੰਦੇ ਰਹੇ। ਪਰਿਵਾਰ ਦੇ ਸਹਿਯੋਗ, ਪਤੀ ਦੇ ਯਤਨਾਂ ਨੇ ਰੰਗ ਲਿਆਂਦਾ। ਆਖਰ ਉਹ ਔਰਤ ਸੁਖਾਵੀਂ ਮਾਨਸਿਕ ਹਾਲਤ ਵੱਲ ਪਰਤੀ। ਲੰਬਾ ਸੰਤਾਪ ਮੁੱਕ ਗਿਆ। ਆਖਰ ਵਿਤਕਰਿਆਂ ਭਰੇ ਸਮਾਜ ਵਿੱਚ ਉਲਝੀ ਸਰਾਪੀ ਰੂਹ ਦੀ ਜ਼ਿੰਦਗੀ ਨੇ ਸੁਖਾਵੇਂ ਰੁਖ਼ ਕਰਵਟ ਲਈ। ਪਰਿਵਾਰ ਵਿੱਚ ਸਾਂਝ, ਸਨੇਹ ਤੇ ਖੁਸ਼ੀਆਂ ਪਰਤ ਆਈਆਂ।


ਇੰਚਾਰਜ,<br>
ਮਾਨਸਿਕ ਸਿਹਤ ਮਸ਼ਵਰਾ ਕੇਂਦਰ,<br>
ਬਰਗਾੜੀ (ਫਰੀਦਕੋਟ)<br>
98143-37522


---

*ਸਫਾ 33 ਦਾ ਬਾਕੀ*

ਕੋਈ ਨਾ ਦਿਨ ਨੇੜੇ ਹੀ ਨੇ, ਹੋ ਜਾਏਗਾ ਫੈਸਲਾ। ਆ ਜਾਵੇਗਾ ਸੱਚ ਸਾਹਮਣੇ। ਤਰਕਸ਼ੀਲਾਂ ਕੋਲ ਸਿਧਾਂਤ ਹੈ, ਵਿਗਿਆਨ ਦੀ ਤਾਕਤ ਹੈ, ਵਿਗਿਆਨੀਆਂ ਦੀਆਂ ਖੋਜਾਂ ਦੇ ਸਿੱਟੇ ਹਨ, ਜਿਨ੍ਹਾਂ ਨੂੰ ਕੁੱਲ ਦੁਨੀਆਂ ਮੰਨਦੀ ਹੈ। ਤਰਕਸ਼ੀਲਾਂ ਸਾਹਵੇਂ ਗ਼ੈਬੀ ਸ਼ਕਤੀਆਂ ਵਾਲੇ ਕਿਤੇ ਖੜ੍ਹੇ ਨਜ਼ਰ ਨਹੀਂ ਆਉਣੇ ਲ਼ੋਕ ਆਪ ਮੁਹਾਰੇ ਤਰਕਸ਼ੀਲਾਂ ਦੇ ਪੱਖ ਚ ਦਲੀਲਾਂ ਦਿੰਦੇ।

ਅਖਬਾਰਾਂ ਵਿੱਚ ਚੁਣੌਤੀ ਕਬੂਲਣ ਦੀਆਂ ਛਪਦੀਆਂ ਖਬਰਾਂ ਤਰਕਸ਼ੀਲਾਂ ਦਾ ਉਤਸ਼ਾਹ ਵਧਾਉਂਦੀਆਂ। ਉਹਨਾਂ ਨੂੰ ਮਿਥੀ ਤਰੀਕ ਦੂਰ ਲਗਦੀ। ਉਹ ਜਲਦੀ ਝੂਠ ਦਾ ਪਰਦਾ ਫਾਸ਼ ਹੋਇਆ ਵੇਖਣਾ ਚਾਹੁੰਦੇ ਸਨ। ਸੁਸਾਇਟੀ ਦੀ ਨੌਜਵਾਨ ਆਗੂ ਟੀਮ ਆਪਣੇ ਪ੍ਰਚਾਰ, ਚੇਤਨਾ ਦੇ ਕੰਮ ਵਿੱਚ ਜੁਟੀ ਸੀ। ਆਮ ਲੋਕਾਂ ਨੂੰ ਉਸ ਦਿਨ ਦੀ ਬੇਸਬਰੀ ਨਾਲ ਉਡੀਕ ਸੀ ਕਿਉਂਕਿ ਪਹਿਲੀ ਚੁਣੌਤੀ ਕਬੂਲਣ ਵਾਲਾ ਮਹਿਲਾਂ ਚੌਂਕ ਦਾ ਅਖੌਤੀ ਬਾਬਾ ਹਾਰ ਚੁੱਕਾ ਸੀ। ਸੁਸਾਇਟੀ ਮੈਂਬਰਾਂ/ਆਗੂਆਂ ਨੂੰ ਇਹ ਭਲੀ ਭਾਂਤ ਪਤਾ ਸੀ ਕਿ ਇਸ ਦਾਅਵੇਦਾਰ ਦੀ ਹਾਰ ਵੀ ਨਿਸਚਿਤ ਹੈ।

ਆਖਰ ਉਹੋ ਹੋਇਆ, ਜਿਸਦੀ ਤਰਕਸ਼ੀਲਾਂ ਨੂੰ ਆਸ ਸੀ। ਪਰਸ਼ੋਤਮ ਦਾਸ ਮਿਥੇ ਦਿਨ ਤੋਂ ਪਹਿਲਾਂ ਹੀ ਲਿਖਤੀ ਮੁਅਫ਼ੀਨਾਮਾ ਦੇ ਕੇ ਜ਼ਮਾਨਤ ਜ਼ਬਤ ਕਰਵਾ ਗਿਆ। ਉਸਨੇ ਪਟਿਆਲਾ ਇਕਾਈ ਨੂੰ 1 ਦਸੰਬਰ,86 ਨੂੰ ਇਹ ਲਿਖਤੀ ਮੁਆਫ਼ੀਨਾਮਾ ਦਿੱਤਾ। "ਮੈਂ ਪਰਸ਼ੋਤਮ ਦਾਸ ਮਲਹੋਤਰਾ ਪੁੱਤਰ ਸ਼੍ਰੀ ਚੜ੍ਹਤ ਰਾਮ ਵਾਸੀ ਬੱਸੀ ਪਠਾਣਾਂ ਨੇ ਮਿਤੀ 7 ਨਵੰਬਰ 86 ਨੂੰ ਗ਼ੈਬੀ ਸ਼ਕਤੀ ਦਾ ਪ੍ਰਗਟਾਵਾ ਕਰਨ ਲਈ ਤਰਕਸ਼ੀਲ ਸੁਸਾਇਟੀ ਪੰਜਾਬ ਨੂੰ ਚੈਲਿੰਜ ਕੀਤਾ ਸੀ। ਮੈਂ ਬਿਆਨ ਕਰਦਾ ਹਾਂ ਕਿ ਮੇਰੇ ਪਾਸ ਅਜਿਹੀ ਕੋਈ ਗ਼ੈਬੀ ਸ਼ਕਤੀ ਨਹੀਂ ਹੈ। ਨਾ ਹੀ ਮੈਂ ਜ਼ਮਾਨਤੀ ਰਕਮ ਇੱਕ ਹਜ਼ਾਰ ਰੁਪਏ ਲੈਣ ਦਾ ਹੱਕਦਾਰ ਹਾਂ। ਇਹ ਕੀਤੇ ਇਕਰਾਰਨਾਮੇ ਅਨੁਸਾਰ ਤਰਕਸ਼ੀਲ ਸੁਸਾਇਟੀ ਦੇ ਨਾਮ ਦਿੱਤੀ ਜਾਂਦੀ ਹੈ। ਮੈਂ ਅੱਗੇ ਕਦੇ ਤਰਕਸ਼ੀਲ ਸੁਸਾਇਟੀ ਨੂੰ ਚੈਲਿੰਜ ਨਹੀਂ ਕਰਾਂਗਾ ਤੇ ਨਾ ਹੀ ਇਸ ਤਰ੍ਹਾਂ ਕਿਸੇ ਨੂੰ ਗੁੰਮਰਾਹ ਕਰਾਂਗਾ।"

# ਐਲਫਰਡ ਨੋਬਲ

(ਡਾਇਨਾਮਾਈਟ ਦਾ ਖੋਜੀ ਅਤੇ ਨੋਬਲ ਪੁਰਸਕਾਰ ਬਾਨੀ)

ਡਾ. ਜਤਿੰਦਰਪਾਲ ਸਿੰਘ



ਨੋਬਲ ਪੁਰਸਕਾਰ ਦਾ ਨਾਂ ਕਿਸ ਨੇ ਨਹੀਂ ਸੁਣਿਆ? ਜੇਕਰ ਅੱਜ ਅਸੀਂ ਵੇਖੀਏ ਤਾਂ ਵਿਸ਼ਵ ਭਰ ਵਿੱਚ ਸਭ ਤੋਂ ਵੱਡੇ ਪੁਰਸਕਾਰ ਦਾ ਨਾਂ ਹੈ, ਨੋਬਲ ਪੁਰਸਕਾਰ। ਭੌਤਿਕ ਵਿਗਿਆਨ, ਰਸਾਇਣਕ ਵਿਗਿਆਨ, ਸਰੀਰ-ਕਿਰਿਆ ਵਿਗਿਆਨ, ਮੈਡੀਸਨ, ਅਰਥ ਸ਼ਾਸਤਰ, ਲਿਟਰੇਚਰ (ਸਾਹਿਤ) ਅਤੇ ਵਿਸ਼ਵ ਸ਼ਾਂਤੀ ਦੇ ਖੇਤਰਾਂ ਵਿੱਚ ਮਾਅਰਕੇਮਾਰ ਪ੍ਰਾਪਤੀਆਂ ਕਰਨ ਵਾਲੇ ਵਿਅਕਤੀਆਂ ਨੂੰ ਹਰ ਵਰ੍ਹੇ ਇਹ ਪੁਰਸਕਾਰ ਦੇ ਕੇ ਸਨਮਾਨਤ ਕੀਤਾ ਜਾਂਦਾ ਹੈ। ਤੁਹਾਡੇ ਲਈ ਇਹ ਬਹੁਤ ਹੈਰਾਨੀ ਦੀ ਗੱਲ ਹੋਵੇਗੀ ਜਦੋਂ ਇਹ ਦੱਸਿਆ ਜਾਵੇਗਾ ਕਿ ਇਸ ਨੋਬਲ ਪੁਰਸਕਾਰ ਦਾ ਬਾਨੀ ਇੱਕ ਅਜਿਹਾ ਵਿਅਕਤੀ ਸੀ ਜਿਹੜਾ ਆਪਣੀ ਸਾਰੀ ਉਮਰ ਮੌਤ ਦਾ ਪੈਗਾਮ ਵੰਡਦਾ ਰਿਹਾ ਸੀ। ਇਹ ਵਿਅਕਤੀ ਸੀ, ਮਹਾਨ ਵਿਗਿਆਨੀ, ਕਾਢਕਾਰ, ਇੰਜੀਨੀਅਰ ਅਤੇ ਉਦਯੋਗਪਤੀ ਐਲਫਰਡ ਬਰਨਹਾਰਡ ਨੋਬਲ।

ਐਲਫਰਡ ਨੋਬਲ ਦਾ ਜਨਮ 21 ਅਕਤੂਬਰ 1833 ਈਸਵੀ ਨੂੰ ਸਵੀਡਨ ਵਿੱਚ ਸਟੋਕਹੋਲਮ ਵਿੱਚ ਹੋਇਆ। ਉਸ ਦਾ ਪਿਤਾ ਮਿਲਟਰੀ ਵਿੱਚ ਇੰਜੀਨੀਅਰ ਸੀ। 1842 ਈਸਵੀ ਵਿੱਚ ਐਲਫਰਡ ਨੋਬਲ ਦਾ ਪਰਿਵਾਰ ਰੂਸ ਵਿੱਚ ਪੀਟਰਸਬਰਗ ਚਲਿਆ ਗਿਆ। ਵਰਨਣਯੋਗ ਹੈ ਕਿ ਐਲਫਰਡ ਨੋਬਲ ਦੇ ਪਿਤਾ ਨੇ ਬੰਦੂਕਾਂ ਅਤੇ ਬਾਰੂਦੀ ਸੁਰੰਗਾਂ ਬਣਾ ਕੇ ਬਹੁਤ ਸਾਰਾ ਧਨ ਇਕੱਠਾ ਕੀਤਾ ਹੋਇਆ ਸੀ। ਇਸ ਲਈ ਐਲਫਰਡ ਨੋਬਲ ਸਮੇਤ ਸਾਰੇ ਬੱਚਿਆਂ ਦੀ ਪੜ੍ਹਾਈ ਦਾ ਪ੍ਰਬੰਧ ਘਰ ਵਿੱਚ ਹੀ ਪ੍ਰਾਈਵੇਟ ਕੋਚਿੰਗ ਰਾਹੀਂ ਕੀਤਾ ਗਿਆ ਸੀ। 16 ਵਰ੍ਹਿਆਂ ਦੀ ਉਮਰ ਤੱਕ ਐਲਫਰਡ ਨੋਬਲ ਇੱਕ ਵਧੀਆ ਕੈਮਿਸਟ ਬਣ ਜਾਣ ਦੇ ਨਾਲ-ਨਾਲ ਕਈ ਭਾਸ਼ਾਵਾਂ ਵਿੱਚ ਵੀ ਮਾਹਿਰ ਹੋ ਗਿਆ ਸੀ। ਉਸ ਨੂੰ ਜਰਮਨੀ, ਰਸ਼ੀਅਨ, ਸਵੀਡਸ਼, ਫਰੈਂਚ, ਇਟਾਲੀਅਨ ਅਤੇ ਅੰਗਰੇਜ਼ੀ ਭਾਸ਼ਾਵਾਂ ਵਿੱਚ ਕਾਫੀ ਮੁਹਾਰਤ ਹਾਸਲ ਹੋ ਚੁੱਕੀ ਸੀ।

1850 ਈਸਵੀ ਵਿੱਚ ਐਲਫਰਡ ਨੋਬਲ ਰਸਾਇਣ ਵਿਗਿਆਨ ਦੀ ਪੜ੍ਹਾਈ ਕਰਨ ਲਈ ਪੈਰਿਸ ਚਲਾ ਗਿਆ। ਇੱਥੋਂ ਇੱਕ ਸਾਲ ਬਾਅਦ ਉਹ ਸੰਯੁਕਤ ਰਾਸ਼ਟਰ ਅਮਰੀਕਾ ਪਹੁੰਚ ਗਿਆ। ਇੱਥੇ ਉਸ ਨੇ ਚਾਰ ਸਾਲ ਦੇ ਸਮੇਂ ਤੱਕ ਇੱਕ ਸਮੁੰਦਰੀ ਜਹਾਜ਼ ਬਣਾਉਣ ਵਾਲੀ ਫੈਕਟਰੀ ਵਿੱਚ ਇੰਜੀਨੀਅਰ ਵਜੋਂ ਨੌਕਰੀ ਕੀਤੀ। ਇਸ ਦੌਰਾਨ ਉਸ ਨੇ ਮੈਡੀਕਲ ਇੰਜੀਨੀਅਰਿੰਗ ਦੀ ਪੜ੍ਹਾਈ ਬਾਰੇ ਖ਼ੂਬ ਗਿਆਨ ਹਾਸਲ ਕੀਤਾ। ਇਸ ਸਮੇਂ ਵਿੱਚ ਹੀ ਉਸ ਨੇ ਫਰਾਂਸ, ਜਰਮਨੀ ਅਤੇ ਇਟਲੀ ਦੇਸ਼ਾਂ ਦੀ ਯਾਤਰਾ ਵੀ ਕੀਤੀ। ਜ਼ਿਕਰ ਮਿਲਦਾ ਹੈ ਕਿ ਯੂਰਪ ਰਹਿੰਦੇ ਸਮੇਂ ਉਸ ਨੂੰ ਇੱਕ ਕੁੜੀ ਨਾਲ ਪਿਆਰ ਹੋ ਗਿਆ। ਕੁੱਝ ਕੁ ਦੇਰ ਉਹ ਇਕੱਠੇ ਰਹੇ ਅਤੇ ਫਿਰ ਉਸ ਲੜਕੀ ਦੀ ਮੌਤ ਹੋ ਗਈ। ਇਸ ਸਦਮੇ ਨੂੰ ਸਹਾਰਨਾ ਐਲਫਰਡ ਨੂੰ ਬੜਾ ਕਠਿਨ ਲੱਗਿਆ। ਉਹ ਮਾਨਸਿਕ ਤੌਰ ਉੱਤੇ ਬੁਰੀ ਤਰ੍ਹਾਂ ਨਾਲ ਟੁੱਟ ਚੁੱਕਿਆ ਸੀ। 1856 ਈਸਵੀ ਵਿੱਚ ਉਹ ਵਾਪਸ ਪੀਟਰਸਬਰਗ ਆ ਗਿਆ ਅਤੇ ਆਪਣੇ ਪਿਤਾ ਅਤੇ ਤਿੰਨ ਭਰਾਵਾਂ ਨਾਲ ਮਿਲ ਕੇ ਆਪਣੀ ਫੈਕਟਰੀ ਵਿੱਚ ਕੰਮ ਕਰਨ ਲੱਗਾ। ਉਸ ਨੇ ਆਪਣਾ ਬਚਦਾ ਜੀਵਨ ਧਮਾਕਾਖੇਜ਼ ਪਦਾਰਥਾਂ ਦੀ ਤਿਆਰੀ ਨੂੰ ਸਮਰਪਿਤ ਕਰਨ ਦੀ ਸਹੁੰ ਖਾ ਲਈ ਸੀ। ਐਲਫਰਡ ਨੋਬਲ ਅਤੇ ਉਸਦੇ ਤਿੰਨ ਭਰਾ ਆਪਣੀ ਫੈਕਟਰੀ ਵਿੱਚ ਦਿਨ-ਰਾਤ ਧਮਾਕੇਖੇਜ਼ ਪਦਾਰਥਾਂ ਦੀ ਤਿਆਰੀ ਵਿੱਚ ਲੱਗੇ ਰਹਿੰਦੇ ਸਨ।

1853-1856 ਈਸਵੀ ਦੌਰਾਨ ਰੂਸ ਵਿੱਚ ਲੱਗੀ ਕਰਾਈਮੀਅਨ ਜੰਗ ਵਿੱਚ ਨੋਬਲ ਪਰਿਵਾਰ ਨੇ ਬਹੁਤ ਯੋਗਦਾਨ ਪਾਇਆ। ਉਨ੍ਹਾਂ ਨੇ ਸਮੁੰਦਰ ਵਿੱਚ ਦੁਸ਼ਮਣਾਂ ਦੇ ਜਹਾਜ਼ਾਂ ਨੂੰ ਨਸ਼ਟ ਕਰਨ ਲਈ ਤੈਰਨ ਵਾਲੀਆਂ ਬਾਰੂਦੀ ਸੁਰੰਗਾਂ ਤਿਆਰ ਕੀਤੀਆਂ। ਇਨ੍ਹਾਂ ਸੁਰੰਗਾਂ ਨੂੰ ਰੂਸ ਦੇ ਫੌਜੀਆਂ ਵੱਲੋਂ ਕਾਫੀ ਵੱਡੀ ਪੱਧਰ ਉੱਤੇ ਵਰਤਿਆ ਗਿਆ। ਇਹ ਬਾਰੂਦੀ ਸੁਰੰਗਾਂ ਇੱਕ ਸ਼ੀਸ਼ੇ ਦੇ ਟਿਊਬ ਦੇ ਰੂਪ ਵਿੱਚ ਸਨ ਜਿਹੜੀਆਂ ਕਿ ਸਮੁੰਦਰ ਵਿੱਚ ਤੈਰਦੀਆਂ ਹੋਈਆਂ ਦੁਸ਼ਮਣ ਦੇ ਜਹਾਜ਼ਾਂ ਨਾਲ ਟਕਰਾਉਂਦੀਆ ਸਨ। ਭਾਵੇਂ ਇਸ ਦੁਆਰਾ ਹੋਣ ਵਾਲਾ ਨੁਕਸਾਨ ਘੱਟ ਹੀ ਸੀ ਪ੍ਰੰਤੂ ਫਿਰ ਵੀ ਰੂਸ ਦੀਆਂ ਫੌਜਾਂ ਨੂੰ ਦੁਸ਼ਮਣ ਨੂੰ ਖਦੇੜਨਾ ਆਸਾਨ ਹੋ ਗਿਆ ਸੀ। 1856 ਈਸਵੀ ਵਿੱਚ ਜਦੋਂ ਇਹ ਜੰਗ ਖਤਮ ਹੋ ਗਈ ਤਾਂ ਨੋਬਲ ਪਰਿਵਾਰ ਦੀ ਫੈਕਟਰੀ ਵੀ ਬੰਦ ਹੋ ਗਈ। ਜੰਗ ਤੋਂ ਬਿਨ੍ਹਾਂ ਬਾਰੂਦੀ ਸੁਰੰਗਾਂ

ਭਲਾ ਕਿਸ ਕੰਮ ਆਉਣੀਆਂ ਸਨ, ਉਨ੍ਹਾਂ ਦਾ ਤਾਂ ਪੂਰਾ ਧੰਦਾ ਹੀ ਫੇਲ੍ਹ ਹੋ ਗਿਆ। ਸਰਕਾਰ ਨੇ ਹਥਿਆਰ ਦੀ ਸਪਲਾਈ ਲੈਣੀ ਬੰਦ ਕਰ ਦਿੱਤੀ। ਇਸ ਦੌਰਾਨ ਉਨ੍ਹਾਂ ਦੀ ਫੈਕਟਰੀ ਵਿੱਚ ਇੱਕ ਅਗਨੀ ਕਾਂਡ ਵਾਪਰ ਗਿਆ। ਅਜਿਹੀਆਂ ਹਾਲਤਾਂ ਵਿੱਚ 1859 ਈਸਵੀ ਵਿੱਚ ਇਨ੍ਹਾਂ ਵੱਲੋਂ ਬੈਂਕ ਦਾ ਕਰਜ਼ਾ ਨਾ ਮੋੜ ਸਕਣ ਕਾਰਨ ਇਨ੍ਹਾਂ ਨੂੰ ਦਵਾਲੀਆ ਘੋਸ਼ਿਤ ਕਰ ਦਿੱਤਾ ਗਿਆ। ਇਨ੍ਹਾਂ ਦੀ ਫੈਕਟਰੀ ਬੰਦ ਹੋ ਗਈ। ਐਲਫਰਡ ਨੋਬਲ ਦੇ ਪਰਿਵਾਰ ਨੂੰ ਲੱਗਣ ਲੱਗਾ ਕਿ ਉਹ ਨਾ ਹੀ ਘਰ ਦੇ ਰਹੇ ਨਾ ਹੀ ਘਾਟ ਦੇ।

ਐਲਫਰਡ ਨੋਬਲ ਨੇ ਪਰਿਵਾਰ ਸਮੇਤ ਸਵੀਡਨ ਵਿੱਚ ਵਾਪਸ ਸਟੋਕਹੋਲਮ ਨੇੜੇ ਹੇਲਨਬਰਗ ਵਿੱਚ ਇੱਕ ਨਵੀਂ ਫੈਕਟਰੀ ਖੋਲ੍ਹ ਲਈ ਜਿੱਥੇ ਉਹ ਧਮਾਕੇਖੇਜ਼ ਪਦਾਰਥ 'ਨਾਈਟ੍ਰੋਗਲਿਸਰੀਨ' ਤਿਆਰ ਕਰਨ ਲੱਗੇ। ਵਰਨਣਯੋਗ ਹੋਵੇਗਾ ਕਿ ਨਾਈਟ੍ਰੋਗਲਿਸਰੀਨ ਨੂੰ ਉਸ ਸਮੇਂ ਤੱਕ ਸਿਰਫ ਡਾਕਟਰਾਂ ਦੁਆਰਾ ਦਿਲ ਦੇ ਰੋਗਾਂ ਦਾ ਇਲਾਜ ਕਰਨ ਲਈ ਹੀ ਵਰਤਿਆ ਜਾਂਦਾ ਸੀ। ਐਲਫਰਡ ਨੋਬਲ ਅਤੇ ਉਸ ਦੇ ਪਿਤਾ ਇਮਨਿਊਯਲ ਨੋਬਲ ਨੇ ਇਸ ਪਦਾਰਥ ਦੀ ਧਮਾਕੇਖੇਜ਼ ਵਿਸ਼ੇਸਤਾ ਬਾਰੇ ਜਾਣ ਲਿਆ ਸੀ ਪ੍ਰੰਤੂ ਉਨ੍ਹਾਂ ਨੂੰ ਇਹ ਨਹੀਂ ਪਤਾ ਲੱਗ ਰਿਹਾ ਸੀ ਕਿ ਇਸ ਨੂੰ ਕਿਹੜੀਆਂ-ਕਿਹੜੀਆਂ ਹਾਲਤਾਂ ਅਧੀਨ ਧਮਾਕਾਸ਼ੀਲ ਬਣਾਇਆ ਜਾ ਸਕਦਾ ਹੈ। ਇਸਦੇ ਨਾਲ ਹੀ ਉਹ ਇਹ ਵੀ ਖੋਜਣਾ ਚਾਹੁੰਦੇ ਸਨ ਕਿ ਇਸ ਨੂੰ ਕਿਹੜੀਆਂ ਹਾਲਤਾਂ ਦੇ ਅਧੀਨ ਧਮਾਕਾਰਹਿਤ ਪਦਾਰਥ ਦੇ ਰੂਪ ਵਿੱਚ ਸੰਭਾਲ ਕੇ ਰੱਖਿਆ ਜਾ ਸਕਦਾ ਹੈ। ਆਮ ਹਾਲਤਾਂ ਵਿੱਚ ਸਾਧਾਰਣ ਤਾਪਮਾਨ ਉੱਪਰ ਇਸ ਨੂੰ ਤਰਲ ਰੂਪ ਵਿੱਚ ਰੱਖਣਾ ਬਹੁਤ ਹੀ ਘਾਤਕ ਸੀ। ਆਪਣੇ ਮਿਹਨਤੀ ਸੁਭਾਅ ਸਦਕਾ ਉਨ੍ਹਾਂ ਨੇ ਅਣਥੱਕ ਮਿਹਨਤ ਕਰਕੇ ਨਾਈਟ੍ਰੋਗਲਿਸਰੀਨ ਨੂੰ ਧਮਾਕਾਖੇਜ਼ ਪਦਾਰਥ ਦੇ ਰੂਪ ਵਿੱਚ ਤਿਆਰ ਕਰਨ ਵਿੱਚ ਸਫਲਤਾ ਹਾਸਲ ਕਰ ਲਈ। ਇਸ ਪ੍ਰਾਪਤੀ ਨੂੰ ਹਾਲੇ ਥੋੜ੍ਹੀ ਹੀ ਦੇਰ ਹੋਈ ਸੀ ਕਿ 1864 ਈਸਵੀ ਵਿੱਚ ਉਨ੍ਹਾਂ ਦੀ ਫੈਕਟਰੀ ਵਿੱਚ ਨਾਈਟ੍ਰੋਗਲਿਸਰੀਨ ਦਾ ਜ਼ਬਰਦਸਤ ਧਮਾਕਾ ਹੋਇਆ।

ਇਹ ਧਮਾਕਾ ਇੰਨਾ ਸ਼ਕਤੀਸ਼ਾਲੀ ਸੀ ਕਿ ਪੂਰੀ ਫੈਕਟਰੀ ਹੀ ਤਬਾਹ ਹੋ ਗਈ। ਇਸ ਧਮਾਕੇ ਦਾ ਅਸਰ ਲਾਗਲੇ ਖੇਤਰਾਂ ਉੱਪਰ ਵੀ ਪਿਆ। ਇਸ ਜਾਨਲੇਵਾ ਧਮਾਕੇ ਵਿੱਚ ਐਲਫਰਡ ਨੋਬਲ ਦੇ ਛੋਟੇ ਭਰਾ ਇਮਲ ਨੋਬਲ ਸਮੇਤ ਪੰਜ ਵਿਅਕਤੀਆਂ ਦੇ ਚੀਥੜੇ ਉੱਡ ਗਏ। ਇਸ ਖੂਨੀ ਹਾਦਸੇ ਨੂੰ ਜਾਨਣ ਉਪਰੰਤ ਸਵੀਡਨ ਸਰਕਾਰ ਨੇ ਨੋਬਲ ਪਰਿਵਾਰ ਨੂੰ ਦੁਬਾਰਾ ਫੈਕਟਰੀ ਖੋਲ੍ਹਣ ਉੱਤੇ ਪਾਬੰਦੀ ਲਗਾ ਦਿੱਤੀ। ਲੋਕਾਂ ਨੇ ਵੀ ਉਨ੍ਹਾਂ ਖਿਲਾਫ਼ ਰੈਲੀਆਂ ਕੀਤੀਆਂ ਅਤੇ ਧਮਾਕਾਖੇਜ਼ ਪਦਾਰਥਾਂ ਦੀ ਤਿਆਰੀ ਬੰਦ ਕਰਨ ਬਾਰੇ ਨਾਅਰੇ ਬੁਲੰਦ ਕੀਤੇ। ਸਾਰੇ ਲੋਕਾਂ ਵਿੱਚ ਇਹ ਗੱਲ ਫੈਲ ਗਈ ਕਿ ਐਲਫਰਡ ਨੋਬਲ ਇੱਕ ਪਾਗਲ ਕਿਸਮ ਦਾ ਵਿਅਕਤੀ ਹੈ। ਅਜਿਹੀ ਸਥਿਤੀ ਵਿੱਚ ਉਸ ਦੇ ਪਿਤਾ ਨੂੰ ਅਧਰੰਗ ਦਾ ਦੌਰਾ ਪੈ ਗਿਆ ਅਤੇ ਉਹ ਆਪਣੀ ਉਮਰ ਭਰ ਲਈ ਅਪਾਹਜ ਹੋ ਕੇ ਬੈਠ ਗਿਆ। ਇਸ ਤਰ੍ਹਾਂ ਇਸ ਦਰਦਨਾਕ ਹਾਦਸੇ ਵਿੱਚ ਐਲਫਰਡ ਨੋਬਲ ਨੂੰ ਆਪਣਾ ਛੋਟਾ ਭਰਾ ਖੋ ਲੈਣ ਦੇ ਨਾਲ-ਨਾਲ ਪਿਤਾ ਦਾ ਸਾਥ ਵੀ ਖੁਸਦਾ ਜਾਪਿਆ। ਦੇਸ਼ ਦੀ ਸਰਕਾਰ ਉਸ ਨੂੰ ਦੁਬਾਰਾ ਫੈਕਟਰੀ ਖੋਲ੍ਹਣ ਦੀ ਇਜ਼ਾਜਤ ਨਹੀਂ ਦੇ ਰਹੀ ਸੀ। ਅਜਿਹੀ ਹਾਲਤ ਵਿੱਚ ਐਲਫਰਡ ਨੋਬਲ ਬੁਰੀ ਤਰ੍ਹਾਂ ਟੁੱਟ ਚੁੱਕਿਆ ਮਹਿਸੂਸ ਕਰ ਰਿਹਾ ਸੀ।



ਉਸ ਦੇ ਦਿਮਾਗ ਵਿੱਚ ਵਿਚਾਰ ਆਇਆ ਕਿ ਹੁਣ ਉਸ ਨੂੰ ਸਵੀਡਨ ਦੇਸ਼ ਛੱਡ ਦੇਣਾ ਚਾਹੀਦਾ ਹੈ ਅਤੇ ਆਪਣੀ ਫੈਕਟਰੀ ਲਗਾਉਣ ਲਈ ਜਰਮਨੀ ਅਤੇ ਨਾਰਵੇ ਦੇ ਖੇਤਰਾਂ ਵਿੱਚ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ। ਉਸ ਨੇ ਬੜੀ ਮਿਹਨਤ ਕਰਕੇ ਨਾਈਟ੍ਰੋਗਲਿਸਰੀਨ ਬਣਾਉਣ ਲਈ ਜਰਮਨੀ ਵਿੱਚ ਇੱਕ ਫੈਕਟਰੀ ਲਗਾਈ ਪ੍ਰੰਤੂ ਉੱਥੇ ਵੀ ਭਿਅੰਕਰ ਹਾਦਸਾ ਵਾਪਰ ਗਿਆ। ਉਸ ਸਮੇਂ ਫਰਾਂਸ, ਬੈਲਜੀਅਮ ਅਤੇ ਇੰਗਲੈਂਡ ਵਰਗੇ ਬਹੁਤ ਸਾਰੇ ਮੁਲਕਾਂ ਨੇ ਜਾਂ ਤਾਂ ਨਾਈਟ੍ਰੋਗਲਿਸਰੀਨ ਨਾਂ ਦੇ ਧਮਾਕਾਖੇਜ਼ ਪਦਾਰਥ ਦੀ ਤਿਆਰ ਉੱਪਰ ਰੋਕ ਲਗਾ ਦਿੱਤੀ ਜਾਂ ਫਿਰ ਬਹੁਤ ਹੀ ਘੱਟ ਜਾਂ ਨਿਯਮਿਤ ਰੂਪ ਵਿੱਚ ਹੀ ਇਸ ਦੀ ਤਿਆਰੀ ਕਰਨ ਦੀ ਆਗਿਆ ਦਿੱਤੀ ਜਾਣ ਲੱਗੀ। ਇਨ੍ਹਾਂ ਸਾਰੀਆਂ ਗੱਲਾਂ ਦੇ ਸਦਕਾ ਐਲਫਰਡ ਨੋਬਲ ਦੇ ਕੰਮ ਨੂੰ ਬਹੁਤ ਧੱਕਾ ਲੱਗਿਆ। ਉਸ ਨੇ ਬੜੀ ਮਿਹਨਤ ਤੋਂ ਬਾਅਦ ਇੱਕ ਅਜਿਹਾ ਢੰਗ ਈਜ਼ਾਦ ਕੀਤਾ ਜਿਸ ਨਾਲ ਨਾਈਟ੍ਰੋਗਲਿਸਰੀਨ ਉੱਪਰ ਸੁਰੱਖਿਅਤ ਤਰੀਕੇ ਨਾਲ ਕੰਮ ਕੀਤਾ ਜਾ ਸਕਦਾ ਸੀ। ਬਸ ਫਿਰ ਐਲਫਰਡ ਨੋਬਲ ਦੇ ਕਾਰਖਾਨੇ ਕਾਮਯਾਬ ਹੋਣ ਲੱਗੇ। ਉਸ ਨੂੰ ਜਾਪਿਆ ਕਿ ਇੱਕ ਵਾਰ ਫਿਰ ਚੰਗੇ ਦਿਨ ਵਾਪਸ ਪਰਤ ਆਏ ਹਨ। 1866-1867 ਈਸਵੀ ਵਿੱਚ ਉਸ ਨੇ ਇੱਕ ਹੋਰ ਨਵੇਂ ਧਮਾਕਾਖੇਜ਼ ਪਦਾਰਥ 'ਡਾਇਨਾਮਾਈਟ' ਦੀ ਤਿਆਰੀ ਕਰ ਦਿਖਾਈ। ਇਸ ਪਦਾਰਥ ਨੂੰ ਵੇਚ ਕੇ ਉਸ ਨੇ ਕਾਫੀ ਪੈਸੇ ਕਮਾਏ। ਉਸ ਨੇ ਬਹੁਤ ਸਾਰੇ ਦੇਸਾਂ ਵਿੱਚ ਪ੍ਰਸਿੱਧੀ ਖੱਟ ਲਈ। ਉਹ ਦੇਸ਼ ਜਿਹੜੇ ਕਦੇ ਉਸ ਨੂੰ ਫੈਕਟਰੀ ਲਗਾਉਣ

ਦੀ ਇਜਾਜਤ ਨਹੀਂ ਦਿੰਦੇ ਸਨ, ਉਹ ਵੀ ਹੁਣ ਉਸ ਦੇ ਅੱਗੇ ਤਰਲੇ ਮਾਰਦੇ ਫਿਰਦੇ ਸਨ। ਹਰ ਕੋਈ ਉਸ ਨੂੰ ਕਹਿ ਰਿਹਾ ਸੀ ਕਿ ਉਹ ਉਨ੍ਹਾਂ ਲਈ 'ਡਾਇਨਾਮਾਈਟ' ਨਾਂ ਦਾ ਧਮਾਕਾਖੇਜ ਪਦਾਰਥ ਤਿਆਰ ਕਰ ਕੇ ਦੇਵੇ। ਅਮਰੀਕਾ ਅਤੇ ਇੰਗਲੈਂਡ ਵਿੱਚ ਉਸ ਦੀਆਂ ਡਾਇਨਾਮਾਈਟ ਤਿਆਰ ਕਰਨ ਵਾਲੀਆਂ ਫੈਕਟਰੀਆਂ ਖੁੱਲ੍ਹ ਗਈਆਂ ਸਨ। ਹੁਣ ਉਹ 'ਡਾਇਨਾਮਾਈਟ ਦੇ ਬਾਦਸ਼ਾਹ' ਦੇ ਵਜੋਂ ਪ੍ਰਸਿੱਧ ਹੋ ਗਿਆ ਸੀ। ਉਹ ਦੁਨੀਆਂ ਦੇ ਅਮੀਰ ਵਿਅਕਤੀਆਂ ਵਿੱਚ ਗਿਣਿਆ ਜਾਣ ਲੱਗਿਆ ਸੀ।

ਅਸਲ ਵਿੱਚ ਡਾਇਨਾਮਾਈਟ ਦੀ ਖੋਜ, ਜਿਸ ਨੇ ਐਲਫਰਡ ਨੋਬਲ ਦੀ ਜ਼ਿੰਦਗੀ ਹੀ ਬਦਲ ਦਿੱਤੀ ਸੀ, ਅਚਨਚੇਤ ਹੀ ਹੋ ਗਈ ਸੀ। ਇੱਕ ਦਿਨ ਉਸ ਦੀ ਫੈਕਟਰੀ ਵਿੱਚ ਰੱਖੇ ਬਰਤਨਾਂ ਵਿੱਚੋਂ 'ਨਾਈਟ੍ਰੋਗਲਿਸਰੀਨ' ਲੀਕ ਕਰ ਕੇ ਬਾਹਰ ਆ ਰਿਹਾ ਸੀ। ਬਾਹਰ ਪਈ ਪਾਂਡੂ ਚੀਕਣੀ ਮਿੱਟੀ ਵਿੱਚ ਇਹ ਨਾਈਟ੍ਰੋਗਲਿਸਰੀਨ ਨਾਂ ਦਾ ਧਮਾਕਾਖੇਜ਼ ਤਰਲ ਇਕੱਠਾ ਹੁੰਦਾ ਗਿਆ। ਐਲਫਰਡ ਨੋਬਲ ਨੇ ਇਸ ਵਰਤਾਰੇ ਨੂੰ ਦੇਖਿਆ ਤਾਂ ਝੱਟ ਉਸ ਦੇ ਦਿਮਾਗ ਵਿੱਚ ਫੁਰਨਾ ਆਇਆ ਕਿ ਕਿਉਂ ਨਾ ਨਾਈਟ੍ਰੋਗਲਿਸਰੀਨ ਨੂੰ ਇਸ ਚੀਕਣੀ ਮਿੱਟੀ ਵਿੱਚ ਹੀ ਸੰਭਾਲ ਕੇ ਰੱਖ ਲਿਆ ਜਾਵੇ। ਜਦੋਂ ਉਸ ਨੇ ਅਜਿਹਾ ਕਰਕੇ ਦੇਖਿਆ ਤਾਂ ਇਹ ਤਰੀਕਾ ਉਸ ਨੂੰ ਬੜਾ ਸੁਰੱਖਿਅਤ ਲੱਗਿਆ। ਉਸ ਨੇ ਖੋਜਿਆ ਕਿ ਜੇਕਰ ਨਾਈਟ੍ਰੋਗਲਿਸਰੀਨ ਨਾਂ ਦੇ ਧਮਾਕਾਖੇਜ਼ ਪਦਾਰਥ ਨੂੰ ਚੀਕਣੀ ਮਿੱਟੀ ਵਿੱਚ ਜਜ਼ਬ ਕਰਵਾ ਦਿੱਤਾ ਜਾਵੇ ਤਾਂ ਇਹ ਝਟਕੇ ਲੱਗਣ ਉਪਰੰਤ ਵੀ ਧਮਾਕਾ ਨਹੀਂ ਕਰਦਾ। ਇਸ ਲਈ ਐਲਫਰਡ ਨੋਬਲ ਅਤੇ ਉਸ ਦੇ ਸਾਥੀਆਂ ਨੇ ਨਾਈਟ੍ਰੋਗਲਿਸਰੀਨ ਨੂੰ ਸੁਰੱਖਿਅਤ ਤਰੀਕੇ ਨਾਲ ਸੰਭਾਲ ਕੇ ਰੱਖਣ, ਢੋਆ-ਢੁਆਈ ਕਰਨ ਅਤੇ ਲੋੜੀਂਦੇ ਸਮੇਂ ਧਮਾਕਾ ਕਰਵਾਉਣ ਦੇ ਢੰਗ-ਤਰੀਕੇ ਬਾਰੇ ਜਾਣ ਲਿਆ ਸੀ। ਕਾਈਸਲਗੁਹਿਰ ਨਾਂ ਦੀ ਚੀਕਣੀ ਮਿੱਟੀ ਵਿੱਚ ਜਜ਼ਬ ਹੋਈ ਨਾਈਟ੍ਰੋਗਲਿਸਰੀਨ ਨੂੰ ਐਲਫਰਡ ਨੋਬਲ ਨੇ ਡਾਇਨਾਮਾਈਟ ਦਾ ਨਾਂ ਦਿੱਤਾ।

ਡਾਇਨਾਮਾਈਟ ਦੀ ਤਿਆਰੀ ਹੋਣ ਨਾਲ ਸਮੁੱਚੇ ਵਿਸ਼ਵ ਭਰ ਲਈ ਦੋਵੇਂ ਤਰ੍ਹਾਂ ਦੇ ਰਸਤੇ ਖੁੱਲ੍ਹ ਚੁੱਕੇ ਸਨ। ਇੱਕ ਤਾਂ ਸੀ ਇਸ ਦੀ ਵਰਤੋਂ ਕਰਕੇ ਉਸਾਰੂ ਕੰਮ ਕੀਤੇ ਜਾਣ ਅਤੇ ਦੂਸਰਾ ਕਿ ਇਸ ਨੂੰ ਤਬਾਹੀ ਦੇ ਹਥਿਆਰ ਵਜੋਂ ਵਰਤਿਆ ਜਾਵੇ। 1867 ਈਸਵੀ ਵਿੱਚ ਇਹ ਪਦਾਰਥ ਵਪਾਰਕ ਵਰਤੋਂ ਲਈ ਪੂਰੀ ਤਰ੍ਹਾਂ ਤਿਆਰ ਹੋ ਚੁੱਕਿਆ ਸੀ। ਡਾਇਨਾਮਾਈਟ ਦੀ ਵਰਤੋਂ ਕਰਕੇ ਸੜਕਾਂ ਅਤੇ ਰੇਲਵੇ ਲਾਈਨਾਂ ਦੀ ਉਸਾਰੀ ਲਈ ਪਹਾੜਾਂ ਨੂੰ ਧਮਾਕੇ ਕਰਕੇ ਉਡਾ ਦਿੱਤਾ ਜਾਣ ਲੱਗਿਆ। ਧਮਾਕੇ ਕਰਵਾ ਕੇ ਰਸਤੇ ਵਿੱਚ ਆਉਣ ਵਾਲੀਆਂ ਅੜਚਣਾਂ ਨੂੰ ਹਟਾਉਣਾ ਸੰਭਵ ਹੋ ਸਕਿਆ। ਪੁਰਾਣੀਆਂ ਅਤੇ ਅਸੁਰੱਖਿਅਤ ਹੋ ਚੁੱਕੀਆਂ ਬਹੁ-ਮੰਜ਼ਲੀ ਇਮਾਰਤਾਂ ਨੂੰ ਗਿਰਾਉਣ ਲਈ ਵੀ ਡਾਇਨਾਮਾਈਟ ਦੇ ਹਲਕੇ ਧਮਾਕੇ ਕਰਵਾ ਦਿੱਤੇ ਜਾਂਦੇ ਸਨ। ਪ੍ਰੰਤੂ ਇਸ ਦੇ ਨਾਲ ਹੀ ਕਈ ਮੌਤ ਦੇ ਵਣਜਾਰਿਆਂ ਨੇ ਡਾਇਨਾਮਾਈਟ ਨੂੰ ਵਰਤ ਕੇ ਜੰਗਾਂ ਦੌਰਾਨ ਤਬਾਹੀ ਮਚਾਉਣੀ ਸ਼ੁਰੂ ਕਰ ਦਿੱਤੀ। ਇੱਕ ਦੇਸ਼ ਦੀਆਂ ਫੌਜਾਂ ਦੂਜੇ ਦੇਸ਼ ਵਿਰੁੱਧ ਡਾਇਨਾਮਾਈਟ ਵਰਤ ਕੇ ਤਬਾਹੀ ਦਾ ਕਹਿਰ ਵਰ੍ਹਾਉਣ ਲੱਗੀਆਂ। ਇਸ ਸਭ ਕੁੱਝ ਨੂੰ ਦੇਖ ਐਲਫਰਡ ਨੋਬਲ ਦਾ ਮਨ ਬਹੁਤ ਦੁਖੀ ਹੋਇਆ। ਡਾਇਨਾਮਾਈਟ ਦੀ ਖੋਜ ਕਰਕੇ ਤਾਂ ਉਹ ਚਾਹੁੰਦਾ ਸੀ ਕਿ ਇਸ ਨਾਲ ਮਨੁੱਖੀ ਜਾਤੀ ਦੀ ਭਲਾਈ ਲਈ ਕਾਰਜ ਹੋਣਗੇ ਪਰ ਇਸ ਨਾਲ ਤਾਂ ਦੁਨੀਆਂ ਭਰ ਵਿੱਚ ਧਮਾਕੇ ਹੋਣ ਲੱਗੇ ਸਨ। ਜੰਗਾਂ-ਯੁੱਧਾਂ ਦਾ ਸਰੂਪ ਬਹੁਤ ਹੀ ਭਿਆਨਕ ਹੋ ਗਿਆ ਸੀ।

1887 ਈਸਵੀ ਵਿੱਚ ਐਲਫਰਡ ਨੋਬਲ ਨੇ ਗੰਨਪਾਊਡਰ ਤਿਆਰ ਕਰ ਦਿਖਾਇਆ। 6 ਯੂਰਪੀਅਨ ਭਾਸ਼ਾਵਾਂ ਨੂੰ ਜਾਣਨ ਵਾਲੇ ਐਲਫਰਡ ਨੋਬਲ ਨੇ ਆਪਣੇ ਜੀਵਨ ਭਰ ਦੌਰਾਨ 100 ਦੇ ਕਰੀਬ ਪੇਟੈਂਟ ਕਰਵਾਏ। ਇਹ ਸਾਰਾ ਕੁੱਝ ਉਸ ਦੇ ਮਿਹਨਤੀ ਅਤੇ ਅਣਥੱਕ ਸੁਭਾਅ ਦਾ ਨਤੀਜਾ ਸੀ। ਭਾਵੇਂ ਉਹ ਜ਼ਿੰਦਗੀ ਭਰ ਕਿਸੇ ਇੱਕ ਜਗ੍ਹਾ ਉੱਤੇ ਟਿਕ ਕੇ ਬੈਠਣ ਦੀ ਬਜਾਏ ਭਟਕਦਾ ਹੀ ਰਿਹਾ ਪ੍ਰੰਤੂ ਆਪਣੇ ਅੰਤਲੇ ਸਮੇਂ ਉਹ ਟਿਕ ਕੇ ਆਰਾਮ ਨਾਲ ਬੈਠ ਗਿਆ ਸੀ। ਜ਼ਿਕਰ ਮਿਲਦਾ ਹੈ ਕਿ ਐਲਫਰਡ ਨੋਬਲ ਨੇ ਆਪਣੀ ਉਮਰ ਭਰ ਦੌਰਾਨ ਵਿਆਹ ਨਹੀਂ ਕਰਵਾਇਆ। ਬਰਥਾ ਵੋਨ ਸੁਟਨਰ ਨਾਂ ਦੀ ਇੱਕ ਔਰਤ ਕੁੱਝ ਸਮਾਂ ਉਸਦੀ ਸੈਕਟਰੀ ਰਹੀ। ਇਹੋ ਔਰਤ ਐਲਫਰਡ ਨੋਬਲ ਨੂੰ ਸਮਝਾਉਂਦੀ ਰਹਿੰਦੀ ਸੀ ਕਿ ਉਹ "ਮੌਤ ਵੇਚਣ ਵਾਲਾ ਧੰਦਾ" ਛੱਡ ਦੇਵੇ। 1889 ਈਸਵੀ ਵਿੱਚ ਇਸ ਔਰਤ ਨੇ ਇੱਕ ਪੁਸਤਕ ਲਿਖੀ ਜਿਸ ਦਾ ਸਿਰਲੇਖ "ਲੇਅ ਡਾਊਨ ਆਰਮਜ਼"। ਦੁਨੀਆਂ ਭਰ ਦੇ ਲੋਕਾਂ ਨੇ ਇਸ ਪੁਸਤਕ ਨੂੰ ਪੜ੍ਹਿਆ ਤੇ ਸਲਾਹਿਆ। ਪ੍ਰੰਤੂ ਇਸ ਪੁਸਤਕ ਦੀ ਲੇਖਿਕਾ ਤਾਂ ਚਾਹੁੰਦੀ ਸੀ ਕਿ ਉਸ ਦੀ ਪੁਸਤਕ ਨੂੰ ਐਲਫਰਡ ਨੋਬਲ ਪੜ੍ਹੇ। ਉਸ ਦਾ ਵਿਚਾਰ ਸੀ ਕਿ ਇਸ ਪੁਸਤਕ ਨੂੰ ਪੜ੍ਹ ਲੈਣ ਉਪਰੰਤ ਐਲਫਰਡ ਨੋਬਲ ਆਪਦਾ ਧੰਦਾ ਬੰਦ ਕਰ ਦੇਵੇਗਾ।

ਠੀਕ ਉਸੇ ਹੀ ਸਮੇਂ ਇੱਕ ਅਖ਼ਬਾਰ ਵਿੱਚ ਐਲਫਰਡ ਨੋਬਲ ਬਾਰੇ ਇੱਕ ਲੇਖ ਛਪਿਆ ਜਿਸ ਦਾ ਸਿਰਲੇਖ ਸੀ "ਮੌਤ ਦਾ ਸੌਦਾਗਰ"। ਐਲਫਰਡ ਨੋਬਲ ਨੂੰ ਸਾਰੀ ਉਮਰ ਭਰ ਲਈ ਲੋਕਾਂ ਨੇ ਸਮਝਿਆ ਸੀ ਕਿ ਉਹ ਜਿਹੜੇ ਧਮਾਕਾਖੇਜ਼ ਪਦਾਰਥ

ਬਣਾਉਂਦਾ ਹੈ, ਉਨ੍ਹਾਂ ਨਾਲ ਪਤਾ ਨਹੀਂ ਕਿੰਨੀਆਂ ਹੀ ਮਨੁੱਖੀ ਜਾਨਾਂ ਮੌਤ ਦੇ ਮੂੰਹ ਵਿੱਚ ਪੈਂਦੀਆਂ ਹਨ। ਪ੍ਰੰਤੂ ਐਲਫਰਡ ਨੋਬਲ ਨੇ ਇਸ ਬਾਰੇ ਕਦੇ ਵੀ ਪ੍ਰਵਾਹ ਨਹੀਂ ਕੀਤੀ ਸੀ। ਅਖ਼ਬਾਰ ਵਿੱਚ ਛਪੇ ਇਸ ਲੇਖ ਨੂੰ ਪੜ੍ਹਨ ਉਪਰੰਤ ਐਲਫਰਡ ਨੋਬਲ ਦੇ ਮਨ ਉੱਪਰ ਡੂੰਘਾ ਪ੍ਰਭਾਵ ਪਿਆ। ਉਹ ਸੋਚ ਰਿਹਾ ਸੀ ਕਿ ਮੌਤ ਤੋਂ ਬਾਅਦ ਲੋਕ ਉਸ ਨੂੰ ਕਿਸ ਰੂਪ ਵਿੱਚ ਯਾਦ ਰੱਖਣਗੇ। ਲੋਕ ਜਦੋਂ ਵੀ ਉਸ ਨੂੰ ਯਾਦ ਕਰਨਗੇ ਤਾਂ ਕਹਿਣਗੇ ਕਿ ਉਹ ਐਲਫਰਡ ਨੋਬਲ ਜਿਹੜਾ ਸਾਰੀ ਉਮਰ ਮੌਤ ਦਾ ਸਾਜ਼ੋ-ਸਾਮਾਨ ਹੀ ਤਿਆਰ ਕਰਦਾ ਰਿਹਾ ਸੀ। ਇਸ ਬਾਰੇ ਸੋਚ ਕੇ ਉਸ ਦੀ ਜ਼ਮੀਰ ਕੰਬ ਉੱਠੀ ਕਿ ਉਹ ਸਾਰੀ ਉਮਰ ਕਿਸ ਧੰਦੇ ਵਿੱਚ ਜੁਟਿਆ ਰਿਹਾ ਹੈ।

1895 ਈਸਵੀ ਵਿੱਚ ਜਦੋਂ ਇਟਲੀ ਦੇ ਰੈਨੋ ਨਾਂ ਦੇ ਸਥਾਨ ਉੱਤੇ ਐਲਫਰਡ ਨੋਬਲ ਮਰਨ ਕਿਨਾਰੇ ਪਿਆ ਸੀ ਤਾਂ ਉਸ ਨੇ ਆਪਣੇ ਸਾਥੀਆਂ ਨੂੰ ਬੁਲਾਇਆ ਅਤੇ ਕਿਹਾ ਕਿ ਉਹ ਸਾਰੀ ਉਮਰ ਮੌਤ ਵੰਡਦਾ ਰਿਹਾ ਹੈ। ਪਤਾ ਨਹੀਂ ਉਹ ਕਿਹੜੇ ਹਨੇਰ੍ਹੇ ਵਿੱਚ ਗਵਾਚਿਆ ਰਿਹਾ ਅਤੇ ਧਨ ਇਕੱਠਾ ਕਰਨ ਦੀ ਦੌੜ ਵਿੱਚ ਕੁੱਝ ਵੀ ਸੋਚ ਨਹੀਂ ਸਕਿਆ। ਹੁਣ ਉਸਦੇ ਸਰੀਰ ਵਿੱਚ ਸਾਹ-ਸਤ ਨਹੀਂ ਰਿਹਾ ਸੀ। ਭਾਵੇਂ ਉਸ ਕੋਲ ਬਹੁਤ ਸਾਰਾ ਧਨ ਇਕੱਠਾ ਹੋ ਗਿਆ ਸੀ ਪਰ ਉਸ ਨੂੰ ਮਾਨਸਿਕ ਤਸੱਲੀ ਨਹੀਂ ਹੋਈ ਸੀ। ਉਸ ਦੁਆਰਾ ਤਿਆਰ ਕੀਤੇ ਧਮਾਕਾਖੇਜ਼ ਸਮਾਨ ਅਤੇ ਹਥਿਆਰਾਂ ਦੀ ਹਰ ਪਾਸੇ ਦੁਰਵਰਤੋਂ ਹੋ ਰਹੀ ਸੀ। ਉਹ ਆਪਣੇ ਆਪ ਨੂੰ ਇਸ ਲਈ ਜ਼ਿੰਮੇਵਾਰ ਸਮਝਦਾ ਸੀ। ਉਹ ਸੋਚਦਾ ਸੀ ਕਿ ਉਸ ਦੀਆਂ ਕਾਢਾਂ ਕਿਸੇ ਮਨੁੱਖੀ ਭਲਾਈ ਕਾਰਜਾਂ ਵਿੱਚ ਨਹੀਂ ਲੱਗ ਸਕੀਆਂ। ਇਹ ਸਿਰਫ ਜੰਗ ਦੇ ਦਿਨਾਂ ਵਿੱਚ ਮੌਤ ਦਾ ਕਹਿਰ ਵਰ੍ਹਾਉਣ ਦੇ ਕੰਮ ਆਉਂਦੀਆਂ ਸਨ।



ਐਲਫਰਡ ਨੋਬਲ ਬਾਰੇ ਕਿਹਾ ਜਾਂਦਾ ਹੈ ਕਿ ਉਹ ਬਹਾਦਰ ਇਨਸਾਨ ਸੀ। ਉਹ ਖੌਫ਼ਨਾਕ ਧਮਾਕਿਆਂ ਤੋਂ ਵੀ ਕਦੇ ਡਰਿਆ ਨਹੀਂ ਸੀ। ਉਸ ਵਿੱਚ ਆਤਮ ਵਿਸ਼ਵਾਸ ਅਤੇ ਸਹਿਣਸ਼ੀਲਤਾ ਕੁੱਟ-ਕੁੱਟ ਕੇ ਭਰੀ ਹੋਈ ਸੀ। ਉਸ ਦੀ ਜ਼ਿੰਦਗੀ ਭਰ ਵਿੱਚ ਸਫਲਤਾ ਦੀ ਇਹੋ ਕੁੰਜੀ ਰਹੀ ਹੈ ਕਿ ਉਸ ਨੇ ਕਦੇ ਵੀ ਹਾਰ ਨਹੀਂ ਮੰਨੀ। ਕਈ ਵਾਰ ਉਹ ਬਿਲਕੁਲ ਬਰਬਾਦ ਹੋ ਗਿਆ ਸੀ ਪਰ ਦੁਬਾਰਾ ਫਿਰ ਹਿੰਮਤ ਕਰਕੇ ਆਪਣੇ ਪੈਰਾਂ ਉੱਪਰ ਖੜ੍ਹਾ ਹੋ ਗਿਆ। ਉਸ ਨੇ ਹਮੇਸ਼ਾ ਕੋਈ ਨਵਾਂ ਢੰਗ ਅਪਣਾਇਆ। ਬਸ ਉਸ ਨੂੰ ਇੱਕੋ ਹੀ ਸਦਮਾ ਸੀ ਕਿ ਉਹ ਸਾਰੀ ਉਮਰ ਲੋਕਾਂ ਲਈ ਮੌਤ ਦੇ ਹਥਿਆਰ ਤਿਆਰ ਕਰਦਾ ਰਿਹਾ। ਆਪਣੀ ਇਸ ਗਲਤੀ ਨੂੰ ਸੁਧਾਰਨ ਲਈ ਅਤੇ ਆਪਣੇ ਕੀਤੇ ਦਾ ਪਛਤਾਵਾ ਕਰਨ ਲਈ ਉਹ ਚਾਹੁੰਦਾ ਸੀ ਕਿ ਉਸ ਵੱਲੋਂ ਜੋੜਿਆ ਧਨ ਸਾਰਥਿਕ ਕੰਮਾਂ ਉੱਪਰ ਖਰਚ ਹੋਵੇ। ਉਸ ਦੀ ਮੌਤ ਸਮੇਂ ਉਸ ਕੋਲ 9 ਮਿਲੀਅਨ ਡਾਲਰ ਜਮ੍ਹਾਂ ਸਨ। ਉਸ ਨੇ ਲਿਖਤੀ ਰੂਪ ਵਿੱਚ ਆਪਣੀ ਇੱਛਾ ਵਿੱਚ ਲਿਖਿਆ ਸੀ ਕਿ ਉਸ ਦੇ ਇਨ੍ਹਾਂ ਪੈਸਿਆਂ ਵਿੱਚੋਂ ਉਨ੍ਹਾਂ ਲੋਕਾਂ ਨੂੰ ਸਨਮਾਨਤ ਕੀਤਾ ਜਾਵੇ ਜਿਨ੍ਹਾਂ ਨੇ ਸਾਲ ਭਰ ਦੌਰਾਨ ਮਨੁੱਖਤਾ ਦੀ ਭਲਾਈ ਲਈ ਸਭ ਤੋਂ ਮਹਾਨ ਕਾਰਜ ਕੀਤੇ ਹੋਣ। ਇਨ੍ਹਾਂ ਪੈਸਿਆਂ ਦੇ ਵਿਆਜ ਵਿੱਚੋਂ ਹੀ ਹਰ ਸਾਲ 6 ਭਿੰਨ-ਭਿੰਨ ਖੇਤਰਾਂ ਵਿੱਚ ਸਿਖਰ ਦੀਆਂ ਪ੍ਰਾਪਤੀਆਂ ਕਰਨ ਵਾਲੇ ਵਿਅਕਤੀਆਂ ਨੂੰ ਨੋਬਲ ਪੁਰਸਕਾਰ ਦਿੱਤੇ ਜਾਂਦੇ ਹਨ। ਇਸ ਨੋਬਲ ਪੁਰਸਕਾਰ ਵਿੱਚ ਇੱਕ ਸਰਟੀਫਿਕੇਟ, ਗੋਲਡ ਮੈਡਲ ਅਤੇ ਕਾਫੀ ਧਨ ਰਾਸ਼ੀ ਹੁੰਦੀ ਹੈ। ਇੱਥੇ ਇਹ ਦੱਸਣਾ ਲਾਜ਼ਮੀ ਹੋਵੇਗਾ ਕਿ ਸ਼ੁਰੂ ਵਿੱਚ ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਮੈਡੀਕਲ ਵਿਗਿਆਨ, ਵਿਸ਼ਵ ਸ਼ਾਂਤੀ ਅਤੇ ਸਾਹਿਤ ਨਾਂ ਦੇ ਪੰਜ ਖੇਤਰਾਂ ਵਿੱਚ ਹੀ ਨੋਬਲ ਪੁਰਸਕਾਰ ਦਿੱਤਾ ਜਾਂਦਾ ਸੀ। ਪ੍ਰੰਤੂ ਫਿਰ ਬਾਅਦ ਵਿੱਚ ਅਰਥ ਸ਼ਾਸਤਰ ਦੇ ਖੇਤਰ ਵਿੱਚ ਛੇਵਾਂ ਨੋਬਲ ਪੁਰਸਕਾਰ ਸ਼ੁਰੂ ਕਰ ਦਿੱਤਾ ਗਿਆ।

1969 ਈਸਵੀ ਵਿੱਚ ਪਹਿਲੀ ਵਾਰ ਅਰਥ-ਸ਼ਾਸਤਰ ਦੇ ਖੇਤਰ ਵਿੱਚ ਨੋਬਲ ਪੁਰਸਕਾਰ ਦਿੱਤਾ ਗਿਆ ਜਿਹੜਾ ਕਿ ਬੈਂਕ ਆਫ ਸਵੀਡਨ ਦੇ ਸਹਿਯੋਗ ਨਾਲ ਦਿੱਤਾ ਗਿਆ ਸੀ। ਜੇਕਰ ਇੱਕ ਖੇਤਰ ਵਿੱਚ ਇੱਕ ਤੋਂ ਜ਼ਿਆਦਾ ਅਜਿਹੇ ਵਿਅਕਤੀ ਹੋਣ ਜਿਨ੍ਹਾਂ ਦਾ ਯੋਗਦਾਨ ਬਰਾਬਰ ਹੋਵੇ ਤਾਂ ਪੁਰਸਕਾਰ ਦੀ ਰਾਸ਼ੀ ਓਨੇ ਹਿੱਸਿਆਂ ਵਿੱਚ ਵੰਡ ਦਿੱਤੀ ਜਾਂਦੀ ਹੈ। ਅੱਜ ਅਸੀਂ ਕਹਿ ਸਕਦੇ ਹਾਂ ਕਿ ਉਹ "ਮੌਤ ਦਾ ਸੌਦਾਗਰ" ਜਿਹੜਾ ਸਾਰੀ ਉਮਰ ਮੌਤ ਦਾ ਪੈਗਾਮ ਵੰਡਦਾ ਰਿਹਾ, ਆਪਣੇ ਮਰਨ ਸਮੇਂ ਸ਼ਾਂਤੀ ਦਾ ਪੁੰਜ ਬਣ ਗਿਆ। 10 ਦਸੰਬਰ 1896 ਈਸਵੀ ਨੂੰ ਇਟਲੀ ਦੇ ਸੇਨ ਰੈਨੋ ਨਾਂ ਦੇ ਸਥਾਨ ਉੱਤੇ ਐਲਫਰਡ ਨੋਬਲ ਦੀ ਸਰੀਰਕ ਤੌਰ 'ਤੇ ਮੌਤ ਹੋ ਗਈ ਪਰ ਉਸ ਵੱਲੋਂ ਸਥਾਪਤ ਕੀਤੇ ਗਏ ਨੋਬਲ ਪੁਰਸਕਾਰ ਨੇ ਉਸ ਦੇ ਨਾਂ ਨੂੰ ਰਹਿੰਦੀ ਦੁਨੀਆਂ ਤੱਕ ਅਮਰ ਬਣਾ ਦਿੱਤਾ। ਇਸ ਮਹਾਨ ਵਿਗਿਆਨੀ ਦੇ ਸਨਮਾਨ ਵਜੋਂ ਪ੍ਰਮਾਣੂ ਅੰਕ 102 ਵਾਲੇ ਤੱਤ ਦਾ ਨਾਂ "ਨੋਬੇਲੀਅਮ" ਰੱਖਿਆ ਜਾ ਚੁੱਕਿਆ ਹੈ।

'ਤਰਕਸ਼ੀਲ' ਮੈਗਜ਼ੀਨ ਦਾ ਅਗਲਾ ਅੰਕ (ਜਨਵਰੀ-ਫਰਵਰੀ 2020) 'ਵਿਦਿਆਰਥੀ ਵਿਸ਼ੇਸ਼ ਅੰਕ' ਹੋਵੇਗਾ।



# ਅਲਵਿਦਾ ਅੰਮਾ

ਤਰਕਸ਼ੀਲ ਲਹਿਰ ਨੂੰ ਪ੍ਰਣਾਏ ਬਾਗਪੁਰ ਪਰਿਵਾਰ (ਸੁਖਵਿੰਦਰ, ਪਾਲ, ਜਿੰਦ ਬਾਗਪੁਰ) ਦੇ ਸਤਿਕਾਰਯੋਗ ਮਾਤਾ ਕੁਲਵੰਤ ਕੌਰ ਦੇ ਸਦਾ ਲਈ ਵਿਛੜ ਜਾਣ ਤੇ ਉਹਨਾਂ ਦੀ ਸੋਚ ਤੇ ਜੀਵਨ ਪੰਧ ਨੂੰ ਇਸ ਕਾਲਮ ਰਾਹੀਂ ਸਿਜਦਾ ਕਰਦੇ ਹਾਂ।.......ਅਦਾਰਾ।

ਜੀਵਨ ਦੇ ਬਿਖੜੇ ਪੈਂਡਿਆਂ ਤੇ ਸਾਬਤ ਕਦਮੀਂ ਤੁਰਨ ਵਾਲੇ ਮਾਤਾ ਕੁਲਵੰਤ ਕੌਰ ਨੇ ਆਪਣੇ ਜੀਵਨ ਨੂੰ ਮਿਹਨਤ, ਸਿਦਕ ਤੇ ਸੁਹਜ ਜਿਹੇ ਗੁਣਾਂ ਨਾਲ ਅੱਗੇ ਤੋਰਿਆ। ਬਾਲ ਵਰੇਸ ਵਿੱਚ ਉਹਨਾਂ ਨੂੰ ਉਜਾੜੇ ਦਾ ਦਰਦ ਹੰਢਾਉਣਾ ਪਿਆ ਤੇ ਆਪਣੇ ਪਿੰਡ ਚੱਕ ਨੰਬਰ 290, ਲਾਇਲਪੁਰ (ਪਾਕਿਸਤਾਨ) ਤੋਂ ਏਧਰ ਆ ਵਸੇ। ਮਾਲੋਵਾਲ (ਅੰਮ੍ਰਿਤਸਰ) ਰਹਿੰਦਿਆਂ ਪੰਜਵੀਂ ਤੱਕ ਦੀ ਪੜ੍ਹਾਈ ਪੂਰੀ ਕੀਤੀ। ਸੱਤਰਵਿਆਂ ਵਿੱਚ ਪਿੰਡ ਬਾਗਪੁਰ ਵਿਖੇ ਮਰਹੂਮ ਨੰਦ ਸਿੰਘ ਦੇ ਪਰਿਵਾਰ ਦਾ ਅੰਗ ਬਣੇ। ਕਿਰਤ ਨੂੰ ਆਪਣਾ ਅਕੀਦਾ ਬਣਾਇਆ। ਸਾਂਝ,ਸਹਿਯੋਗ ਨਾਲ ਪਰਿਵਾਰ ਦੀਆਂ ਤੰਦਾਂ ਨੂੰ ਮਜ਼ਬੂਤ ਕੀਤਾ। ਆਪਣੇ ਬੱਚਿਆਂ ਨੂੰ ਉਂਗਲੀ ਫੜ੍ਹ ਕੇ ਤੋਰਿਆ ਹੀ ਨਹੀਂ ਸਗੋਂ ਤਰਕ, ਚੇਤਨਾ ਦੀ ਗੁੜ੍ਹਤੀ ਵੀ ਦਿੱਤੀ। ਮੁਸ਼ਕਲਾਂ ਨੂੰ ਖਿੜੇ ਮੱਥੇ ਟੱਕਰਦੇ ਰਹੇ। ਜੀਵਨ ਦੇ ਅੰਤ ਤੱਕ ਮੋਹ,ਮਾਣ ਦੀ ਮੂਰਤ ਬਣ ਰਾਹ ਰੁਸ਼ਨਾਉਂਦੇ ਰਹੇ। ਸੰਖੇਪ ਬਿਮਾਰੀ ਮਗਰੋਂ 2 ਅਕਤੂਬਰ,19 ਨੂੰ ਆਪਣਾ ਜੀਵਨ ਪੰਧ ਮੁਕਾ ਗਏ।

***ਅੰਤਿਮ ਸਫ਼ਰ*:**

2 ਅਕਤੂਬਰ ਨੂੰ ਮਾਤਾ ਦੇ ਪਰਿਵਾਰ ਨੇ ਤਰਕਸ਼ੀਲ ਰਵਾਇਤਾਂ ਤੇ ਪਹਿਰਾ ਦਿੰਦਿਆਂ ਉਹਨਾਂ ਦੀ ਇੱਛਾ ਅਨੁਸਾਰ ਮ੍ਰਿਤਕ ਸਰੀਰ ਮੈਡੀਕਲ ਖੋਜ ਕਾਰਜਾਂ ਲਈ ਪ੍ਰਦਾਨ ਕਰਨ ਦਾ ਫੈਸਲਾ ਲਿਆ। ਸ਼ੋਕ ਸਮੇਂ ਇਕੱਤਰ ਹੋਏ ਸਨੇਹੀਆਂ ਸਾਹਵੇਂ ਸੁਸਾਇਟੀ ਦੇ ਸੂਬਾ ਜਥੇਬੰਦਕ ਮੁਖੀ ਰਾਜਿੰਦਰ ਭਦੌੜ ਨੇ ਮਾਤਾ ਕੁਲਵੰਤ ਕੌਰ ਦੇ ਜੀਵਨ ਸਫ਼ਰ ਦੀ ਗੱਲ ਕਰਦਿਆਂ ਉਹਨਾਂ ਨੂੰ ਨਮਨ ਕੀਤਾ। ਮਾਤਾ ਦੇ ਸਰੀਰ ਨੂੰ ਖੋਜ ਕਾਰਜਾਂ ਲਈ ਦੇਣ ਵਾਸਤੇ ਕਾਫ਼ਲਾ ਭੁੱਚੋ ਮੰਡੀ ਵੱਲ ਰਵਾਨਾ ਹੋਇਆ। ਬਠਿੰਡਾ ਜ਼ੋਨ ਦੀਆਂ ਤਰਕਸ਼ੀਲ ਇਕਾਈਆਂ, ਪਰਿਵਾਰਕ ਮੈਂਬਰਾਂ ਤੇ ਸਨੇਹੀਆਂ ਨੇ ਆਦੇਸ਼ ਮੈਡੀਕਲ ਕਾਲਿਜ ਭੁੱਚੋ ਨੂੰ ਮਾਤਾ ਜੀ ਦੀ ਮ੍ਰਿਤਕ ਦੇਹ ਮੈਡੀਕਲ ਖੋਜਾਂ ਲਈ ਭੇਂਟ ਕੀਤੀ। ਇਸ ਮੌਕੇ ਡਾ. ਪ੍ਰਮੋਦ ਗੋਇਲ ਨੇ ਸਰੀਰ ਪ੍ਰਦਾਨ ਨੂੰ ਸਮਾਜ ਦੇ ਭਲੇ ਦਾ ਅਹਿਮ ਕਾਰਜ ਦਸਦਿਆਂ ਇਸਦੇ ਮਹੱਤਵ ਬਾਰੇ ਚਰਚਾ ਕੀਤੀ। ਉਹਨਾਂ ਆਖਿਆ ਕਿ ਇਹ ਸਰੀਰ ਡਾਕਟਰੀ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਲਈ ਸਹਾਈ ਸਿੱਧ ਤਾਂ ਹੁੰਦੇ ਹੀ ਹਨ, ਸਗੋਂ ਮੈਡੀਕਲ ਖੋਜਾਂ ਵਿੱਚ ਵੀ ਵਰਤੇ ਜਾਂਦੇ ਹਨ।

***ਸਤਿਕਾਰ ਸਮਾਗਮ*:**

8 ਅਕਤੂਬਰ ਨੂੰ ਪਿੰਡ ਬਾਗਪੁਰ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਧਾਰਮਿਕ ਰਵਾਇਤਾਂ ਤੋਂ ਹਟਵਾਂ ਸ਼ਰਧਾਂਜਲੀ ਸਤਿਕਾਰ ਸਮਾਗਮ ਰੱਖਿਆ ਗਿਆ। ਜਿਸ ਵਿੱਚ ਪਰਿਵਾਰ ਦੇ ਰਿਸ਼ਤੇਦਾਰ, ਮਿੱਤਰ, ਸਨੇਹੀ, ਪਿੰਡ ਵਾਸੀ ਤੇ ਤਰਕਸ਼ੀਲ ਲਹਿਰ ਦੇ ਰਾਜ ਭਰ ਤੋਂ ਪਹੁੰਚੇ ਆਗੂ ਸ਼ਾਮਲ ਹੋਏ। ਤਰਕਸ਼ੀਲ ਜੀਵਨ ਜਾਂਚ ਨੂੰ ਦਰਸਾਉਂਦੇ ਇਸ ਸ਼ੋਕ ਸਮਾਗਮ ਦੀ ਸ਼ੁਰੂਆਤ ਸਭਨਾਂ ਵੱਲੋਂ ਮਾਤਾ ਕੁਲਵੰਤ ਕੌਰ ਨੂੰ ਸਭਨਾਂ ਵੱਲੋਂ ਸਿਜਦਾ, ਸਲਾਮ, ਪ੍ਰਣਾਮ ਕਰਨ ਨਾਲ ਹੋਈ। ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾਈ ਆਗੂ ਹਰਮੇਸ਼ ਮਾਲੜੀ ਨੇ ਮਾਤਾ ਨਾਲ ਬਿਤਾਏ ਪਲਾਂ ਨੂੰ ਯਾਦ ਕਰਦਿਆਂ ਆਖਿਆ ਕਿ ਮਾਤਾ ਕੁਲਵੰਤ ਕੌਰ ਨੇ 47 ਦੀ ਵੰਡ ਸਮੇਂ ਜਿਹੜਾ ਸੰਤਾਪ ਆਪਣੇ ਪਰਿਵਾਰ ਨਾਲ ਹੰਢਾਇਆ, ਉਹੋ ਮਾਹੌਲ ਹੁਣ ਦੇਸ਼ ਭਰ ਵਿੱਚ ਬਣ ਰਿਹਾ ਹੈ। ਜਿਹੜਾ ਚੰਗੇਰੇ ਸਮਾਜ ਦੀ ਸਿਰਜਣਾ ਲਈ ਜੁਟੇ ਲੋਕਾਂ ਲਈ ਚਿੰਤਾ ਵੀ ਹੈ ਤੇ ਚੁਣੌਤੀ ਵੀ ਹੈ। ਉਹਨਾਂ ਕਿਹਾ ਕਿ ਤਰਕਸ਼ੀਲ ਪਰਿਵਾਰ ਦੀ ਮਾਂ ਨੂੰ ਯਾਦ ਕਰਨ ਦਾ ਮਤਲਬ ਚੇਤਨਾ ਦੇ ਪਸਾਰ ਵਿੱਚ ਸਾਂਝੀ ਬਣਨਾ ਹੈ। ਡਾ. ਜਗਜੀਤ ਸਿੰਘ ਜੱਗੀ ਨੇ ਸਮਾਗਮ ਵਿੱਚ ਬੋਲਦਿਆਂ ਸਰੀਰ ਪ੍ਰਦਾਨ, ਅੰਗ ਪ੍ਰਦਾਨ ਬਾਰੇ ਵਿਸਥਾਰ ਚਰਚਾ ਕੀਤੀ ਤੇ ਸਪਸ਼ਟ ਕੀਤਾ ਕਿ ਅਜਿਹਾ ਅਹਿਮ ਕਾਰਜ ਸਮਾਜ ਦੀ ਸੋਚ ਦਾ ਹਿੱਸਾ ਬਣਨਾ ਚਾਹੀਦਾ ਹੈ। ਸਤਿਕਾਰ ਸਮਾਗਮ ਦੇ ਮੁੱਖ ਬੁਲਾਰੇ ਰਾਜਿੰਦਰ ਭਦੌੜ ਨੇ ਹਾਜ਼ਰ ਲੋਕਾਂ ਨਾਲ ਜਨਮਾਂ-ਕਰਮਾਂ ਤੇ ਸਵਰਗ ਨਰਕ ਦੇ ਝੂਠੇ ਸੰਕਲਪਾਂ ਨੂੰ ਸੌਖੇ ਢੰਗ ਨਾਲ ਸਮਝਾਉਂਦਿਆਂ ਆਖਿਆ ਕਿ ਇਸ ਜੀਵਨ ਤੇ ਸਮਾਜ ਨੂੰ 'ਸਵਰਗ' ਬਣਾਉਣ ਲਈ ਆਪਣੀ ਸੋਚ ਨੂੰ ਤਰਕਸ਼ੀਲ ਦ੍ਰਿਸ਼ਟੀਕੋਣ ਨਾਲ ਰੁਸ਼ਨਾਉਣਾ ਪਵੇਗਾ। ਉਹਨਾਂ ਮਾਤਾ ਕੁਲਵੰਤ ਕੌਰ ਦੇ ਸਿਰੜੀ ਤੇ ਪ੍ਰੇਰਨਾਮਈ ਜੀਵਨ ਤੇ ਝਾਤ ਮਾਰਦਿਆਂ ਉਹਨਾਂ ਨੂੰ ਸੇਵਾ, ਸਿਦਕ ਤੇ ਸੂਝ ਸਿਆਣਪ ਵੰਡਣ ਵਾਲੀ ਸਚਿਆਰੀ ਮਾਂ ਆਖਿਆ। ਜਿਸਨੇ ਆਪਣੇ ਧੀਆਂ ਪੁੱਤਰਾਂ ਦੇ ਮਨਾਂ ਵਿੱਚ ਚੇਤਨਾ ਦੀ ਲੋਅ ਵਸਾ ਕੇ ਸਮਾਜ ਨੂੰ ਸਮਝਣ, ਬਦਲਣ ਦੀ ਗੁੜ੍ਹਤੀ ਦਿੱਤੀ। ਸਮਾਗਮ ਨੂੰ ਅਧਿਆਪਕ ਆਗੂ ਕੰਵਲਜੀਤ ਸੰਗੋਵਾਲ ਤੇ ਸੁਖਜੀਤ

*ਬਾਕੀ ਸਫ਼ਾ 42 'ਤੇ*

# ਚੇਤਨਾ ਪ੍ਰੀਖਿਆ ਸਨਮਾਨ ਸਮਾਰੋਹ : 2019

ਜਲ੍ਹਿਆਂ ਵਾਲਾ ਬਾਗ ਦੀ ਸ਼ਹਾਦਤ ਸ਼ਤਾਬਦੀ 'ਤੇ ਸ਼ਹੀਦ ਊਧਮ ਸਿੰਘ ਨੂੰ ਸਮਰਪਿਤ ਤੀਸਰੀ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਵਿੱਚ ਮੋਹਰੀ ਰਹੇ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ ਸਮਾਰੋਹ 6 ਅਕਤੂਬਰ, 19 ਨੂੰ ਤਰਕਸ਼ੀਲ ਭਵਨ ਵਿਖੇ ਹੋਇਆ। ਸਮਾਰੋਹ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਆਗੂਆਂ, ਕਾਰਕੁੰਨਾਂ, ਵਿਦਿਆਰਥੀਆਂ, ਮਾਪਿਆਂ ਤੇ ਸਨੇਹੀਆਂ ਦੇ ਨਾਲ ਨਾਲ ਉੱਘੇ ਲੋਕ ਨਾਟਕਕਾਰ ਭਾਅ ਜੀ ਗੁਰਸ਼ਰਨ ਸਿੰਘ ਦੀ ਵਿਰਾਸਤ ਨੂੰ ਅੱਗੇ ਲਿਜਾ ਰਹੇ ਡਾ. ਅਰੀਤ (ਡਿਪਟੀ ਡਾਇਰੈਕਟਰ,ਸਿਹਤ ਵਿਭਾਗ ਪੰਜਾਬ) ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।

***ਉਤਸ਼ਾਹੀ ਆਗਮਨ***

ਸਵੇਰ ਤੋਂ ਹੀ ਤਰਕਸ਼ੀਲ ਭਵਨ ਦੇ ਹੇਠਲੇ ਵਿਹੜੇ ਵਿੱਚ ਸਮਾਰੋਹ ਵਿੱਚ ਸ਼ਾਮਲ ਹੋਣ ਵਾਲੇ ਸਨੇਹੀਆਂ ਦੀ ਆਮਦ ਸ਼ੁਰੂ ਹੋ ਗਈ ਸੀ। ਹੋਣਹਾਰ ਵਿਦਿਆਰਥੀ ਆਪਣੇ ਮਾਪਿਆਂ ਨਾਲ ਪਹੁੰਚਣ ਲੱਗੇ। ਵੱਖ ਵੱਖ ਤਰਕਸ਼ੀਲ ਇਕਾਈਆਂ, ਜ਼ੋਨਾਂ ਤੋਂ ਪਹੁੰਚਣ ਵਾਲੇ ਆਗੂ ਚਾਹ, ਪਾਣੀ ਪੀਂਦਿਆਂ ਵਿਹੜੇ ਵਿੱਚ ਲੱਗੀਆਂ ਪੁਸਤਕ ਸਟਾਲਾਂ ਤੋਂ ਪੁਸਤਕਾਂ ਵਾਚ ਰਹੇ ਸਨ। ਸਮਾਰੋਹ ਦਾ 11 ਵਜੇ ਦਾ ਵਕਤ ਹੋਣ ਤੱਕ ਭਵਨ ਦੇ ਵਿਹੜੇ ਵਿੱਚ ਪੂਰੀ ਰੌਣਕ ਬਣ ਗਈ ਸੀ। ਫ਼ਿਰ ਉਪਰਲੇ ਸੈਮੀਨਾਰ ਹਾਲ ਵਿੱਚ ਸਮਾਰੋਹ ਸ਼ੁਰੂ ਹੋ ਗਿਆ।

***ਸ਼ੁਰੂਆਤੀ ਬੋਲ***

ਮਨਜੀਤ ਘਣਗਸ ਦੇ ਤਰਕਸ਼ੀਲ ਗੀਤ ਨਾਲ ਸਨਮਾਨ ਸਮਾਰੋਹ ਸ਼ੁਰੂ ਹੋਇਆ। ਮਨਮੀਤ, ਹਰਮਨ, ਮਹਿਕਦੀਪ ਤੇ ਦਿਲਬਰ ਹੁਸੈਨ ਭਦੌੜ ਆਦਿ ਬਾਲਾਂ ਨੇ ਆਪੋ ਆਪਣੇ ਚਾਨਣ ਵੰਡਦੇ ਗੀਤਾਂ ਨਾਲ ਸਮਾਰੋਹ ਵਿੱਚ ਸੰਗੀਤ ਦਾ ਰੰਗ ਬਿਖੇਰਿਆ। ਬਮਾਲ ਸਕੂਲ ਦੇ ਵਿਦਿਆਰਥੀਆਂ ਨੇ ਸਮਾਜਿਕ ਕੁਰੀਤੀਆਂ ਤੇ ਚੋਟ ਕਰਦਾ ਲਘੂ ਨਾਟਕ ਖੇਡਿਆ। ਸੈਮੀਨਾਰ ਹਾਲ ਵਿੱਚ ਮਿਲ ਬੈਠੇ ਸਰੋਤਿਆਂ ਨੇ ਹਰ ਪੇਸ਼ਕਾਰੀ ਤੇ ਖੁੱਲ੍ਹ ਕੇ ਦਾਦ ਦਿੱਤੀ।

***ਹੋਣਹਾਰਾਂ ਦੇ ਅਹਿਸਾਸ***

ਮੰਚ ਤੋਂ ਚੇਤਨਾ ਪ੍ਰੀਖਿਆ ਵਿੱਚ ਮਿਡਲ ਤੇ ਸੈਕੰਡਰੀ ਵਿਭਾਗਾਂ ਵਿੱਚ ਮੋਹਰੀ ਸਥਾਨਾਂ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਬੋਲਣ ਦਾ ਸੱਦਾ ਦਿੱਤਾ ਗਿਆ। ਮਿਡਲ ਵਿਭਾਗ ਵਿੱਚੋਂ ਗੁਰਿੰਦਰ ਸਿੰਘ ਤੇ ਬਲਜੀਤ ਕੌਰ ਨੇ ਆਪਣੇ ਅਹਿਸਾਸ ਸਾਂਝੇ ਕੀਤੇ। ਉਹਨਾਂ ਚੇਤਨਾ ਪ੍ਰੀਖਿਆ ਗਿਆਨ ਦੇਣ ਤੇ ਉਤਸ਼ਾਹ ਵਧਾਉਣ ਵਾਲੀ ਦੱਸਿਆ। ਸੈਕੰਡਰੀ ਵਿਭਾਗ ਵਿੱਚੋਂ ਪੁਸ਼ਪਿੰਦਰ ਸਿੰਘ, ਅਰਕੀਸ਼ਟ ਮਦਾਨ ਨੇ ਪ੍ਰੀਖਿਆ ਤੋਂ ਮਿਲੇ ਰਾਹ ਨੂੰ ਪ੍ਰੇਰਨਾਮਈ ਦੱਸਿਆ। ਉਹਨਾਂ ਕਿਹਾ ਕਿ ਉਹ ਵਿਗਿਆਨਕ ਚੇਤਨਾ ਨਾਲ ਆਪਣੀ ਜ਼ਿੰਦਗੀ ਤੇ ਸਮਾਜ ਨੂੰ ਜਗਾਉਣਾ ਲੋਚਦੇ ਹਨ। ਵਿਦਿਆਰਥੀਆਂ ਦੇ ਬੋਲਾਂ ਤੇ ਦਲੀਲਾਂ ਨੇ ਭਵਿੱਖ ਵਿੱਚ ਗਿਆਨ-ਚੇਤਨਾ ਦੀ ਪਸਰਨ ਵਾਲੀ ਲੋਅ ਦੀ ਆਸ ਬੰਨ੍ਹਾਈ।

***ਆਸ਼ੇ ਤੇ ਮਹੱਤਵ***

ਚੇਤਨਾ ਪ੍ਰੀਖਿਆ ਦੇ ਆਸ਼ੇ ਤੇ ਮਹੱਤਵ ਬਾਰੇ 'ਤਰਕਸ਼ੀਲ' ਮੈਗਜ਼ੀਨ ਦੇ ਸੰਪਾਦਕ ਬਲਬੀਰ ਲੌਂਗੋਵਾਲ ਨੇ ਸਮਾਰੋਹ ਵਿੱਚ ਜੁੜੇ ਸਰੋਤਿਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਉਹਨਾਂ ਆਖਿਆ ਕਿ ਵਿਗਿਆਨਕ ਚੇਤਨਾ ਦੇ ਪਸਾਰ ਲਈ ਵਿਦਿਆਰਥੀਆਂ ਤੱਕ ਸਾਹਿਤ ਪਹੁੰਚਾ ਕੇ ਨਾਲ ਤੋਰਨ ਲਈ ਯਤਨ ਜੁਟਾਉਣਾ ਮਹੱਤਵ ਪੂਰਨ ਕਾਰਜ ਹੈ, ਜਿਸਦੇ ਭਵਿੱਖ ਵਿੱਚ ਹਾਂ ਪੱਖੀ ਨਤੀਜੇ ਵੇਖਣ ਨੂੰ ਮਿਲਣਗੇ। ਉਹਨਾਂ ਵਿਦਿਆਰਥੀਆਂ ਵੱਲੋਂ ਭਰੇ ਹੁੰਗਾਰੇ ਤੇ ਸੰਤੁਸ਼ਟੀ ਪ੍ਰਗਟ ਕਰਦਿਆਂ ਪ੍ਰੀਖਿਆ ਨੂੰ ਚੰਗੇਰੇ ਢੰਗ ਨਾਲ ਨੇਪਰੇ ਚੜ੍ਹਾਉਣ ਦੇ ਯਤਨਾਂ ਨੂੰ ਸਰਾਹਿਆ। ਉਹਨਾਂ ਅਜੋਕੇ ਚੁਣੌਤੀਆਂ ਭਰੇ ਫਾਸ਼ੀਵਾਦੀ ਸਮੇਂ ਵਿੱਚ ਇਸ ਪ੍ਰੀਖਿਆ ਨੂੰ ਸਮੇਂ ਦੀ ਲੋੜ ਦੱਸਿਆ।

***ਪ੍ਰੀਖਿਆ ਦੇ ਸੁਖਦ ਅਨੁਭਵ***

ਸੂਬਾਈ ਜਥੇਬੰਦਕ ਮੁਖੀ ਰਾਜਿੰਦਰ ਭਦੌੜ ਨੇ ਚੇਤਨਾ ਪ੍ਰੀਖਿਆ ਦੀ ਸਫਲਤਾ ਲਈ ਤਰਕਸ਼ੀਲ ਕਾਰਕੁੰਨਾਂ, ਆਗੂਆਂ ਤੇ ਇਕਾਈਆਂ ਵੱਲੋਂ ਜੁਟਾਏ ਯਤਨਾਂ ਨੂੰ ਵਿਗਿਆਨਕ ਸੋਚ ਹਰ ਦਰ ਤੇ ਲਿਜਾਣ ਦਾ ਸਰਾਹੁਯੋਗ ਉੱਦਮ ਆਖਿਆ। ਉਹਨਾਂ ਪ੍ਰੀਖਿਆ ਦੇ ਸੁਖਦ ਅਨੁਭਵ ਸਾਂਝੇ ਕਰਦਿਆਂ ਵਿਦਿਆਰਥੀਆਂ, ਮਾਪਿਆਂ ਤੇ ਅਧਿਆਪਕਾਂ ਵੱਲੋਂ ਦਿੱਤੇ ਸਾਥ ਨੂੰ ਪ੍ਰੀਖਿਆ ਦੀ ਪ੍ਰਾਪਤੀ ਦੱਸਿਆ। ਪ੍ਰੀਖਿਆ ਵਿੱਚ ਬੈਠੇ ਕੁੱਲ 18,746 ਵਿਦਿਆਰਥੀ ਤਰਕਸ਼ੀਲ ਕਾਮਿਆਂ ਦੇ ਸਾਂਝੇ ਉੱਦਮ ਦੀ ਗਿਣਨਯੋਗ ਪ੍ਰਾਪਤੀ ਹੈ। ਉਹਨਾਂ ਪ੍ਰੀਖਿਆ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀ ਸਨਮਾਨ ਤੇ ਸ਼ਾਬਾਸ਼ੀ ਦੇ ਹੱਕਦਾਰ ਹਨ। ਉਹਨਾਂ ਦੱਸਿਆ ਕਿ ਇਕਾਈ ਪੱਧਰ ਤੋਂ ਸਟੇਟ ਪੱਧਰ ਤੱਕ 878 ਵਿਦਿਆਰਥੀਆਂ ਨੂੰ ਸਨਮਾਨ ਪੱਤਰ, ਮੈਰਿਟ ਸਰਟੀਫਿਕੇਟ, ਦਰਜਾ ਸਰਟੀਫਿਕੇਟ, ਨਕਦ ਰਾਸ਼ੀ ਤੇ ਪੁਸਤਕਾਂ ਦੇ ਸੈੱਟ ਨਾਲ ਸਨਮਾਨ ਦਿੱਤਾ ਗਿਆ ਹੈ, ਜਦਕਿ ਪ੍ਰੀਖਿਆ ਵਿੱਚ ਬੈਠਣ ਵਾਲੇ ਹਰੇਕ ਵਿਦਿਆਰਥੀ ਨੂੰ ਪ੍ਰਸ਼ੰਸ਼ਾ ਪੱਤਰ ਦਿੱਤਾ ਗਿਆ ਹੈ।

***ਸਨਮਾਨ ਦੇ ਮਾਣ ਮੱਤੇ ਪਲ***

ਸੂਬਾ ਕਾਰਜਕਾਰਨੀ ਤੇ ਮੁੱਖ ਮਹਿਮਾਨ ਦੀ ਮੰਚ ਤੇ ਆਮਦ ਦੌਰਾਨ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ ਆਰੰਭ ਹੋਇਆ। ਇਹ ਵਿਦਿਆਰਥੀਆਂ, ਮਾਪਿਆਂ ਤੇ ਨਾਲ ਆਏ ਅਧਿਆਪਕਾਂ ਲਈ ਮਾਣਮੱਤੇ ਪਲ ਸਨ। ਮਿਡਲ ਵਿਭਾਗ ਦੇ 12 ਤੇ ਸੈਕੰਡਰੀ ਵਿਭਾਗ 11 ਹੋਣਹਾਰ ਵਿਦਿਆਰਥੀਆਂ ਨੂੰ ਨਕਦ ਰਾਸ਼ੀ, ਪੁਸਤਕਾਂ ਦੇ ਸੈੱਟ ਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰੀਖਿਆ ਵਿੱਚ ਵਧੇਰੇ ਵਿਦਿਆਰਥੀਆਂ ਦੀ ਸ਼ਮੂਲੀਅਤ ਕਰਵਾਉਣ ਵਾਲੀਆਂ 5 ਇਕਾਈਆਂ ਰੋਪੜ, ਰਾਮਪੁਰਾ, ਪਟਿਆਲਾ, ਭਦੌੜ ਤੇ ਸ਼ਾਹਕੋਟ ਇਕਾਈਆਂ ਦਾ ਸੂਬਾ ਕਾਰਜਕਾਰਨੀ ਵੱਲੋਂ ਸਰਟੀਫਿਕੇਟਾਂ ਨਾਲ ਸਨਮਾਨ ਕੀਤਾ ਗਿਆ।

***ਮੁੱਖ ਮਹਿਮਾਨ ਦਾ ਸੁਨੇਹਾ***

ਡਾ. ਅਰੀਤ ਨੇ ਸਨਮਾਨ ਸਮਾਰੋਹ ਵਿੱਚ ਬੋਲਦਿਆਂ ਆਖਿਆ ਕਿ ਅੰਧਵਿਸ਼ਵਾਸਾਂ ਤੇ ਅਗਿਆਨਤਾ ਦੀਆਂ ਬੇੜੀਆਂ ਨੂੰ ਤਰਕ ਤੇ ਗਿਆਨ ਰੂਪੀ ਚਾਨਣ ਨਾਲ ਹੀ ਕੱਟਿਆ ਜਾ ਸਕਦਾ ਹੈ। ਇਸ ਵੱਡੇ ਕਾਰਜ ਲਈ ਤਰਕਸ਼ੀਲ ਚੇਤਨਾ ਨੇ ਹੀ ਸਮਾਜ ਦਾ ਰਾਹ ਰੁਸ਼ਨਾਉਣਾ ਹੈ। ਉਹਨਾਂ ਹੋਣਹਾਰ ਵਿਦਿਆਰਥੀਆਂ ਨੂੰ ਵਿਗਿਆਨਕ ਚੇਤਨਾ ਨਾਲ ਆਪਣੀ ਜ਼ਿੰਦਗੀ ਤੇ ਸਮਾਜ ਨੂੰ ਸੁਖਾਵੇਂ ਰੁਖ਼ ਤੋਰਨ ਲਈ ਅੱਗੇ ਆਉਣ ਵਾਸਤੇ ਪ੍ਰੇਰਿਆ। ਮੁੱਖ ਮਹਿਮਾਨ ਡਾ. ਅਰੀਤ ਨੂੰ ਸੂਬਾ ਕਾਰਜਕਾਰਨੀ ਵੱਲੋਂ ਸਨਮਾਨ ਪੱਤਰ ਭੇਂਟ ਕੀਤਾ ਗਿਆ।

***ਸਮਾਪਨ***

ਸਮਾਰੋਹ ਵਿੱਚ ਸੁਸਾਇਟੀ ਦੇ ਸੂਬਾਈ ਆਗੂ ਹੇਮ ਰਾਜ ਸਟੈਨੋ, ਅਜੀਤ ਪ੍ਰਦੇਸੀ, ਹਰਚੰਦ ਭਿੰਡਰ, ਐਡਵੋਕੇਟ ਹਰਿੰਦਰ ਲਾਲੀ, ਅਜਾਇਬ ਜਲਾਲਆਣਾ, ਤਰਲੋਚਨ ਸਮਰਾਲਾ ਤੇ ਰਾਮ ਸਵਰਨ ਲੱਖੇਵਾਲੀ ਤੋਂ ਇਲਾਵਾ ਜ਼ੋਨ ਪ੍ਰਧਾਨ ਰਾਮ ਕੁਮਾਰ, ਰਾਮ ਸਿੰਘ ਨਿਰਮਾਣ, ਸੁਖਦੇਵ ਫਗਵਾੜਾ, ਜਸਵੰਤ ਜ਼ੀਰਖ, ਜੁਝਾਰ ਲੌਂਗੋਵਾਲ, ਗੁਰਪ੍ਰੀਤ ਸ਼ਹਿਣਾ, ਸੁਖਦੇਵ ਧੂਰੀ, ਕੁਲਜੀਤ ਡੰਗਰ ਖੇੜਾ, ਰਾਜਪਾਲ ਸਿੰਘ, ਦਵਿੰਦਰ ਸਰਥਲੀ, ਗਿਆਨ ਸਿੰਘ, ਜਗਦੇਵ ਰਾਮਪੁਰਾ, ਬਿੱਟੂ ਰੂਪੇਵਾਲੀ, ਪ੍ਰਿੰਸੀਪਲ ਮਨਜੀਤ ਸਿੰਘ, ਸੁਰਿੰਦਰ ਪਟਿਆਲਾ, ਮਾਸਟਰ ਪਰਮਵੇਦ, ਦਲਬੀਰ ਕਟਾਣੀ, ਬਲਦੇਵ ਲੱਧੂ ਵਾਲਾ ਆਦਿ ਆਗੂ ਵੀ ਮੌਜੂਦ ਸਨ। ਸਮਾਰੋਹ ਦੀ ਸਮਾਪਤੀ ਬਾਲ ਰੰਗ ਮੰਚ ਕੁੱਲੇਵਾਲ ਦੇ ਬਾਲ ਕਲਾਕਾਰਾਂ ਵੱਲੋਂ ਪੇਸ਼ ਕੀਤੀ ਗਈ ਕੋਰੀਓਗ੍ਰਾਫੀ ਘੋੜੀ ਸ਼ਹੀਦ ਭਗਤ ਸਿੰਘ ਨਾਲ ਕੀਤੀ ਗਈ। ਸਮਾਰੋਹ ਦੌਰਾਨ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਮਾਸਟਰ ਤਰਲੋਚਨ ਨੇ ਬਾਖ਼ੂਬੀ ਨਿਭਾਈ। ਵਿਦਿਆਰਥੀਆਂ ਨੂੰ ਸੁਪਨੇ ਵੰਡਦਾ, ਪ੍ਰੇਰਿਤ ਕਰਦਾ ਇਹ ਸਨਮਾਨ ਸਮਾਰੋਹ ਉਹਨਾਂ ਦੀ ਉਚੇਰੀ ਪ੍ਰਵਾਜ਼ ਲਈ ਉਤਸ਼ਾਹ ਬਣ ਨਿਬੜਿਆ।

## ਪਾਸ਼ ਤੇ ਸ਼ਹੀਦ ਭਗਤ ਸਿੰਘ

ਨਾ ਕੋਈ ਭਗਤ ਸਿੰਘ ਨੂੰ ਮਾਰ ਸਕਿਆ ਏ ਤੇ ਨਾ ਹੀ ਪਾਸ਼ ਮਰਨ ਲੱਗਾ ਏ। ਉਹਦੀ ਕਵਿਤਾ ਉਦੋਂ ਵੀ ਬੋਲਦੀ ਸੀ, ਅੱਜ ਵੀ ਬੋਲਦੀ ਹੈ ਤੇ ਹਮੇਸ਼ਾ ਬੋਲਦੀ ਰਹੇਗੀ। ਸਰੀਰ ਨੂੰ ਕਤਲ ਕੀਤਾ ਜਾ ਸਕਦਾ ਏ ਪਰ ਕਵਿਤਾ ਨੂੰ ਕੌਣ ਮਾਰ ਸਕਦਾ ਏ! ਪਾਸ਼ ਜ਼ਿੰਦਗੀ ਦਾ ਆਸ਼ਕ ਸੀ। ਆਪਣੀ ਡਾਇਰੀ ਵਿੱਚ ਇੱਕ ਥਾਂ ਉਹ ਲਿਖਦਾ ਹੈ, 'ਮੇਰੀ ਕਵਿਤਾ ਕਦੇ ਵੀ ਚੁੱਪ ਨਹੀਂ ਹੋਣੀ। ਮੇਰੀ ਕਵਿਤਾ ਬੜਾ ਚਿਰ ਜਿਉਂਦੀ ਰਹੇਗੀ, ਕਿਉਂਕਿ ਇਹ ਸਮੁੱਚੀ ਜ਼ਿੰਦਗੀ ਨਾਲ ਇਸ਼ਕ ਦੀ ਕਵਿਤਾ ਹੈ।" ਪਾਸ਼ ਇਕ ਯੁਗ ਕਵੀ ਸੀ। ਯੁਗ ਕਵੀ ਉਹ ਹੁੰਦਾ ਏ ਜੋ ਆਪਣੇ ਦੌਰ ਦੇ ਕਾਵਿਕ ਆਕਾਸ਼ ਵਿਚ ਚੰਦਰਮਾ ਵਾਂਗ ਚਮਕ ਉਠਦਾ ਹੈ ਤੇ ਦੂਜੇ ਸ਼ਾਇਰ ਨਿੱਕੇ ਤਾਰਿਆਂ ਵਾਂਗ ਉਹਦੀ ਚਾਨਣੀ ਦੀ ਦੂਧੀਆ ਰੌਸ਼ਨੀ ਵਿਚ ਮੱਧਮ ਪੈ ਜਾਂਦੇ ਨੇ। ਯੁਗ ਕਵੀ ਜਿੱਥੇ ਵਿਚਾਰਧਾਰਕ ਤੌਰ ਨਵੇਂ ਰੰਗ ਲੈ ਕੇ ਆਉਂਦਾ ਹੈ ਓਥੇ ਉਹ ਸ਼ਾਇਰੀ ਦਾ ਅਜਿਹਾ ਨਵਾਂ ਤੇ ਨਿਆਰਾ ਮੁਹਾਵਰਾ ਸਿਰਜਦਾ ਹੈ ਕਿ ਬਾਕੀ ਸ਼ਾਇਰ ਉਸ ਵਰਗਾ ਲਿਖਣਾ ਤੇ ਉਸ ਵਰਗਾ ਬਣਨਾ ਆਪਣਾ ਮਾਣ ਸਮਝਣ ਲੱਗਦੇ ਨੇ। ਪਾਸ਼ ਅਜਿਹਾ ਸ਼ਾਇਰ ਹੀ ਸੀ। ਇਸ ਅਜ਼ੀਮ ਸ਼ਾਇਰ ਨੂੰ ਸਿਰਫ਼ ਪੰਜਾਬੀ ਦਾ ਹੀ ਨਹੀਂ ਸਗੋਂ ਭਾਰਤ ਦਾ ਮਹਾਨ ਸ਼ਾਇਰ ਸਮਝਿਆ ਜਾਂਦਾ ਏ। ਲਹਿੰਦੇ ਪੰਜਾਬ ਵਿਚ ਮਕਸੂਦ ਸਾਕਿਬ ਵਰਗੇ ਦਾਨਿਸਵਰ ਆਪਣੀਆਂ ਬੈਠਕਾਂ ਵਿਚ ਸਾਥੀਆਂ ਨਾਲ ਲਗਾਤਾਰ ਪਾਸ ਦੀ ਕਵਿਤਾ ਦਾ ਪਾਠ ਕਰ ਤੇ ਉਹਨੂੰ ਸਮਝ ਰਹੇ ਤੇ ਪਿਆਰ ਰਹੇ ਹਨ।

***ਸਫ਼ਾ 40 ਦਾ ਬਾਕੀ...***

ਸਿੰਘ ਨੇ ਵੀ ਸੰਬੋਧਨ ਕੀਤਾ।

ਪਰਿਵਾਰ ਵੱਲੋਂ ਆਏ ਸਨੇਹੀਆਂ ਨੂੰ ਨਮਨ ਕਰਦਿਆਂ ਜਿੰਦ ਬਾਗਪੁਰ ਨੇ ਆਪਣੇ ਪਰਿਵਾਰ ਵਿੱਚ ਮਾਂ ਦੇ ਮਹੱਤਵਪੂਰਨ ਰੋਲ ਨੂੰ ਭਾਵਪੂਰਤ ਸ਼ਬਦਾਂ ਨਾਲ ਬਿਆਨਿਆ। ਉਹਨਾਂ ਆਖਿਆ ਕਿ ਸਭ ਦਾ ਭਲਾ ਚਾਹੁਣ ਵਾਲੀ ਅੰਮਾ ਭਾਵੇਂ ਸਰੀਰਕ ਰੂਪ ਵਿੱਚ ਵਿਛੜ ਗਈ ਹੈ ਪਰ ਉਸਦੀ ਯਾਦ, ਪ੍ਰੇਰਨਾ ਤੇ ਸਬਕ ਹਮੇਸ਼ਾ ਅੰਗ ਸੰਗ ਰਹਿਣਗੇ। ਸਭਨਾਂ ਲਈ ਪ੍ਰੇਰਨਾ ਬਣਦਾ,ਰਾਹ ਬਣਾਉਂਦਾ ਤੇ ਤਰਕਸ਼ੀਲ ਚੇਤਨਾ ਨੂੰ ਲੋਕ ਮਨਾਂ ਵਿੱਚ ਵਸਾਉਂਦਾ ਇਹ ਸਤਿਕਾਰ ਸਮਾਗਮ ਤਰਕ ਸੁਨੇਹਾ ਦੇ ਗਿਆ। ਅਲਵਿਦਾ ਅੰਮਾ........।

# ਪ੍ਰਤੀਕਰਮ



**ਸੰਪਾਦਕ 'ਤਰਕਸ਼ੀਲ'**
**ਮੁੱਖ ਦਫ਼ਤਰ,**
**ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)**
**ਤਰਕਸ਼ੀਲ ਭਵਨ, ਬਰਨਾਲਾ -148101 (ਪੰਜਾਬ)**
**email : tarkshiloffice@gmail.com**

ਤਰਕਸ਼ੀਲ ਦੇ ਮਈ-ਜੂਨ 2019 ਅੰਕ ਵਿੱਚ ਪ੍ਰਸਿੱਧ ਲੇਖਕ, ਕਵੀ ਅਤੇ ਸਮਾਜਿਕ ਕਾਰਕੁੰਨ ਜਾਵੇਦ ਅਖਤਰ ਨਾਲ ਸੋਮਾ ਚੌਧਰੀ ਵੱਲੋਂ ਕੀਤੀ ਗਈ ਮੁਲਾਕਾਤ, ਜਿਸਦਾ ਅਨੁਵਾਦ ਅਵਤਾਰ ਗੋਂਦਾਰਾ ਜੀ ਨੇ ਕੀਤਾ ਹੈ, ਬਹੁਤ ਪਸੰਦ ਆਈ। ਭਾਰਤ ਵਿੱਚ ਕੱਟੜਵਾਦੀਆਂ ਵੱਲੋਂ ਇਸ ਸਮੇਂ ਬਣਾਏ ਜਾ ਰਹੇ ਮਾਹੌਲ 'ਤੇ ਅਖਤਰ ਜੀ ਨੇ ਬਹੁਤ ਸਹਿਜਤਾ ਨਾਲ ਤਰਕ ਭਰਪੂਰ ਟਿੱਪਣੀਆਂ ਕੀਤੀਆਂ ਹਨ। ਇਹ ਮੁਲਾਕਾਤ ਇਸ ਅੰਕ ਦਾ ਹਾਸਲ ਹੋ ਨਿਬੜੀ ਹੈ। ਮਈ ਦਿਵਸ 'ਤੇ, ਪੂਰਵ ਇਤਿਹਾਸਕ ਮਨੁੱਖ, ਸੰਪਾਦਕੀ, ਮਨ ਕੰਬਾਊ ਇਤਿਹਾਸ 'ਚੋਂ ਮੁੜ ਗੁਜ਼ਰਦਿਆਂ, ਅੰਧ-ਵਿਸ਼ਵਾਸਾਂ ਖਿਲਾਫ਼ ਜਗਦੀ ਲੋਅ, ਮੋਟਾਪਾ ਅਤੇ ਮਨੋਰੋਗ, ਧਰਮ ਨਿਰਪੱਖਤਾ, ਬੰਦੇ ਅੰਦਰਲੇ 73 ਸਫੇ ਆਦਿ ਲੇਖ/ਕਿਰਤਾਂ ਵੀ ਬਹੁਤ ਉੱਚ ਪੱਧਰ ਦੀਆਂ ਹਨ। ਫਹਿਮੀਦਾ ਰਿਆਜ ਦੀ ਕਵਿਤਾ 'ਤੁਸੀਂ ਵੀ ਸਾਡੇ ਵਰਗੇ ਨਿਕਲੇ' ਭਾਰਤ ਦੇ ਮੌਜੂਦਾ ਮਾਹੌਲ ਨੂੰ ਬਹੁਤ ਢੁਕਵੇਂ ਢੰਗ ਨਾਲ ਸੰਬੋਧਿਤ ਹੈ। ਅਦਾਰਾ ਸ਼ਲਾਘਾ ਦਾ ਪਾਤਰ ਹੈ।

**- ਰਵਿੰਦਰ ਸਿੰਘ, ਬਠਿੰਡਾ**

ਤਰਕਸ਼ੀਲ ਮੈਗਜ਼ੀਨ ਪੜ੍ਹ ਕੇ ਮੇਰਾ ਰੱਬ ਵਿੱਚ ਬਚਿਆ-ਖੁਚਿਆ ਭਰੋਸਾ ਵੀ ਉੱਠ ਗਿਆ ਹੈ। ਜਦੋਂ ਲੋਕ ਆਪਣੀਆਂ ਮੁਸ਼ਕਿਲਾਂ ਛੇਤੀ ਖਤਮ ਕਰਨਾ ਚਾਹੁੰਦੇ ਹਨ ਅਤੇ ਜ਼ਿੰਦਗੀ ਵਿੱਚ ਸੁੱਖ-ਸ਼ਾਂਤੀ ਦੀ ਪ੍ਰਾਪਤੀ ਚਾਹੁੰਦੇ ਹਨ, ਅਰਦਾਸਾਂ ਕਰਦੇ ਹਨ, ਮੰਦਰ-ਮਸੀਤਾਂ ਵਿੱਚ ਜਾਂਦੇ ਹਨ, ਧਾਰਮਿਕ ਥਾਵਾਂ 'ਤੇ ਸੇਵਾ ਕਰਦੇ ਹਨ, ਢੋਂਗੀ ਸਾਧੂਆਂ ਦੇ ਹੱਥੇ ਚੜ੍ਹ ਜਾਂਦੇ ਹਨ। ਸੁੱਖ-ਸ਼ਾਂਤੀ ਦੀ ਥਾਂ ਉਹ ਅੰਧ-ਵਿਸ਼ਵਾਸ ਵਿੱਚ ਫਸ ਕੇ ਛੇਤੀ ਕੰਗਾਲ ਹੋ ਜਾਂਦੇ ਹਨ। ਇਸ ਤਰ੍ਹਾਂ ਇਹਨਾਂ ਦੀ ਸੋਚ ਖਤਮ ਹੋ ਜਾਂਦੀ ਹੈ। ਇਸ ਮੈਗਜ਼ੀਨ ਨੂੰ ਪੜ੍ਹ ਕੇ ਲੋਕਾਂ ਦੀ ਰੂੜੀਵਾਦੀ ਸੋਚ ਹੌਲੀ-ਹੌਲੀ ਤਰਕ ਵੱਲ ਵਧਣ ਲੱਗਦੀ ਹੈ। ਜੁਲਾਈ-ਅਗਸਤ 2019 ਦੇ ਅੰਕ ਨੂੰ ਪੜ੍ਹ ਕੇ ਮੇਰੀ ਤਰਕ ਦੀ ਸਕਰਾਤਮਕ ਅਤੇ ਸੰਸਾਰ ਸ਼ੰਸਿਆਂ ਤੋਂ ਮੁਕਤ ਰਾਹ 'ਤੇ ਤੁਰਨ ਦੀ ਇੱਛਾ ਹੋਰ ਵੀ ਵਧ ਗਈ ਹੈ। ਸੰਪਾਦਕੀ ਵੀ ਬਹੁਤ ਪ੍ਰੇਰਣਾਦਾਇਕ ਸੀ। 'ਵੰਦੇ ਮਾਤਰਮ ਗੀਤ ਵਿਵਾਦਪੂਰਨ ਕਿਉਂ' ਇਹ ਬਹੁਤ ਵਧੀਆ ਲੱਗਿਆ। ਇਸ ਗੀਤ ਨੂੰ ਸਾਰੇ ਲੋਕਾਂ 'ਤੇ ਨਾ ਠੋਸਿਆ ਜਾਵੇ। 'ਮਕਰਾਨਾ ਦੇ ਲਿਸ਼ਕਦੇ ਪੱਥਰਾਂ ਵਿੱਚ ਧੁਖਦੇ ਮਜ਼ਦੂਰ' ਦਾ ਲੇਖਕ ਇੱਕ ਲੋਕਤੰਤਰੀ ਦੇਸ਼ ਦਾ ਬਹੁਤ ਵੱਡਾ ਸੱਚ ਸਾਹਮਣੇ ਰੱਖਦਾ ਹੈ। ਕਿਵੇਂ ਸਰਮਾਏਦਾਰੀ ਪ੍ਰਬੰਧ ਮਜ਼ਦੂਰਾਂ ਦੀ ਜਾਨ ਦੀ ਪ੍ਰਵਾਹ ਕੀਤੇ ਬਗੈਰ ਪੈਸੇ ਕਮਾਉਣ ਦੇ ਲਾਲਚ 'ਚ ਬੇਰਹਿਮੀ ਨਾਲ ਕੰਮ ਕਰਵਾਉਂਦਾ ਹੈ। ਬਾਲ ਪੰਨਾ, ਬ੍ਰਹਿਮੰਡ ਸੰਬੰਧੀ ਸਾਡੀ ਤਸਵੀਰ, ਨਿਸ਼ੰਕ ਦਾ ਸੰਖਨਾਦ, ਚੌਂਕੀ ਦੇ ਚਸ਼ਮਦੀਦ ਬਹੁਤ ਗਿਆਨ ਭਰਪੂਰ ਪੰਨੇ ਹਨ। ਜੱਗ ਬੀਤੀ, ਮਿੰਨੀ ਕਹਾਣੀ, ਕੇਸ ਰਿਪੋਰਟ ਬਹੁਤ ਵਧੀਆ ਲੱਗੇ। ਇਹ ਅੰਕ ਪੜ੍ਹ ਕੇ ਮੇਰਾ ਗਿਆਨ ਹੋਰ ਵਧਿਆ। ਤਰਕਸ਼ੀਲ ਮੈਗਜ਼ੀਨ ਪੜ੍ਹ ਕੇ ਹਨੇਰੇ ਤੋਂ ਚਾਨਣ ਵੱਲ ਜਾਣਾ ਮੈਨੂੰ ਬਹੁਤ ਵਧੀਆ ਲੱਗਿਆ।

**- ਕਿਰਨਦੀਪ ਕੌਰ (ਪੱਖੀ ਕਲਾਂ)**
**ਕਲਾਸ ਗਿਆਰਵੀਂ**

'ਤਰਕਸ਼ੀਲ' ਦੇ ਅੰਕ ਜੁਲਾਈ-ਅਗਸਤ 2019 ਦੀ ਸੰਪਾਦਕੀ ਬਹੁਤ ਪਸੰਦ ਆਈ। ਇਸ ਤੋਂ ਬਿਨ੍ਹਾਂ ਲੇਖ ਸਮਾਜ ਅਤੇ ਅਖੌਤੀ ਸਾਧ, ਗਊ ਮੂਤਰ, ਮਕਰਾਨਾ ਦੇ ਲਿਸ਼ਕਦੇ ਪੱਥਰਾਂ ਪਿੱਛੇ ਧੁਖਦੇ ਮਜ਼ਦੂਰ, ਸੁਆਲ ਕਿ ਜਵਾਬ, ਨਿਸ਼ੰਕ ਦਾ ਸੰਖਨਾਦ ਆਦਿ ਬਹੁਤ ਪਾਇਦਾਰ ਸਨ। ਤਰਕਸ਼ੀਲ ਦੀ ਸਮੁੱਚੀ ਟੀਮ ਬਹੁਤ ਮਿਹਨਤ ਨਾਲ ਕੰਮ ਕਰ ਰਹੀ ਹੈ। ਇਸ ਤਰ੍ਹਾਂ ਦਾ ਮਿਆਰੀ ਮੈਗਜ਼ੀਨ ਲਗਾਤਾਰਤਾ ਨਾਲ ਪ੍ਰਕਾਸ਼ਿਤ ਕਰਨਾ ਹਰ ਅਦਾਰੇ ਦੇ ਵੱਸ ਦੀ ਗੱਲ ਨਹੀਂ। ਨਵਾਂ ਸ਼ੁਰੂ ਕਾਲਮ 'ਆਓ ਵਿਗਿਆਨਕ ਕਾਰਣ ਜਾਣੀਏ' ਅਤੇ ਲਗਾਤਾਰ ਚੱਲ ਰਹੇ ਕਾਲਮ ਬਾਲ ਪੰਨਾ, ਪੈੜਾਂ, ਹੱਡ ਬੀਤੀ, ਕੇਸ ਰਿਪੋਰਟ, ਆਖਰੀ ਪੰਨਾ ਵੀ ਬਹੁਤ ਪਸੰਦ ਆਏ।

**- ਕੁਲਦੀਪ ਸਿੰਘ ਰਾਜਪੁਰਾ**

ਤਰਕਸ਼ੀਲ ਜੁਲਾਈ-ਅਗਸਤ 2019 ਵਿੱਚ 'ਖ਼ਬਰ ਹੈ ਕਿ' ਕਾਲਮ ਅਧੀਨ ਅਖੌਤੀ ਤਾਂਤਰਿਕਾਂ, ਧਰਮ ਗੁਰੂਆਂ, ਯੋਗ ਗੁਰੂਆਂ, ਪਾਖੰਡੀ ਸਾਧਾਂ ਦੀਆਂ ਕਾਲੀਆਂ ਕਰਤੂਤਾਂ ਦਾ ਸਮਾਜ ਵਿੱਚ ਵਾਪਰੀਆਂ ਵੱਖ-ਵੱਖ ਘਟਨਾਵਾਂ ਦੀ ਰਿਪੋਰਟ ਕਰਕੇ ਪਰਦਾ ਚਾਕ ਕੀਤਾ ਗਿਆ ਹੈ ਜੋ ਆਮ ਆਦਮੀ ਦੇ ਇਹ ਗੱਲ ਸਮਝ ਪਾਉਂਦਾ ਕਿ ਕਿਵੇਂ ਧਰਮ ਦੀ ਆੜ ਵਿੱਚ ਲੋਕਾਂ ਦਾ ਸਰੀਰਕ, ਮਾਨਸਿਕ ਅਤੇ ਆਰਥਿਕ ਸੋਸ਼ਣ ਕੀਤਾ ਜਾਂਦਾ ਹੈ। ਫਾਸ਼ੀਵਾਦ ਭਾਰਤ ਵਿੱਚ ਕਿਵੇਂ ਵਿਗਿਆਨਕ ਸੋਚ ਦੇ ਧਾਰਨੀਆਂ ਨੂੰ ਸਪੱਸ਼ਟ ਧਮਕੀਆਂ ਦੇਣ, ਕਤਲ ਕਰਨ 'ਤੇ

ਉੱਤਰ ਆਇਆ ਇਸ ਅੰਕ ਦੀ ਸੰਪਾਦਕੀ ਉਸ ਖਿਲਾਫ਼ ਬੇਖੌਫ਼ ਗੱਲ ਕਰਦੀ ਹੈ। ਡਾ. ਸ਼ਿਆਮ ਸੁੰਦਰ ਦੀਪਤੀ ਦਾ ਲਗਾਤਾਰ ਚਲਦਾ ਕਾਲਮ 'ਤਰਕਸ਼ੀਲਤਾ ਅਤੇ ਜੀਵਨ' ਅਤੇ ਡਾ. ਬਲਵੰਤ ਸਿੰਘ ਦਾ 'ਮਨੋਰੋਗ ਮਾਹਿਰ ਦੀ ਕਲਮ ਤੋਂ' ਮੈਨੂੰ ਬਹੁਤ ਪਸੰਦ ਆਉਂਦੇ ਹਨ। ਇਹਨਾਂ ਕਲਮਾਂ ਨੂੰ ਸਲਾਮ। ਬਾਕੀ ਆਰਟੀਕਲ ਅਤੇ ਲਗਾਤਾਰ ਕਾਲਮ ਵੀ ਬਹੁਤ ਵਧੀਆ ਸਨ।

**- ਰਣਵੀਰ ਕੌਰ, ਕਪੂਰਥਲਾ**

ਗਿਆਨ-ਵਿਗਿਆਨ ਅਤੇ ਚਿੰਤਨ ਦੀ ਆਵਾਜ਼ 'ਤਰਕਸ਼ੀਲ' ਪੱਤ੍ਰਿਕਾ ਦਾ ਸਤੰਬਰ-ਅਕਤੂਬਰ 2019 ਦਾ ਅੰਕ ਪੜ੍ਹਿਆ। ਇਸ ਵਿੱਚ ਛਪੇ ਸਾਰੇ ਦੇ ਸਾਰੇ ਆਰਟੀਕਲ ਪ੍ਰਭਾਵਸ਼ਾਲੀ ਹਨ। ਮੈਂ ਇਸ ਪੱਤ੍ਰਿਕਾ ਦਾ ਬਹੁਤ ਪੁਰਾਣਾ ਪਾਠਕ ਹਾਂ। ਇਸ ਨੂੰ ਪੜ੍ਹ ਕੇ ਮੇਰੀ ਵਿਗਿਆਨਕ ਸੋਚ ਹੋਰ ਵੀ ਪ੍ਰਫੁੱਲਤ ਹੁੰਦੀ ਹੈ। ਬਹੁਤ ਖੁਸ਼ੀ ਵੀ ਹੁੰਦੀ ਹੈ। ਤੁਹਾਡੇ ਇਸ ਮਹਾਨ ਉੱਦਮ, ਸਮਾਜਿਕ ਚੇਤਨਤਾ ਅਤੇ ਅੰਧਕਾਰਾਂ ਤੋਂ ਉਜਾਲੇ ਲਈ ਪ੍ਰਚਾਰ ਅਤੇ ਪ੍ਰਸਾਰ ਦੇ ਵੱਡਮੁੱਲੇ ਕਦਮ ਲਈ ਸਾਰਾ ਸੰਪਾਦਕੀ ਬੋਰਡ ਕਾਬਿਲ-ਏ-ਤਾਰੀਫ਼ ਹੈ।

**- ਪ੍ਰਿਤਪਾਲ ਸਿੰਘ ਜਟਾਣਾ, ਚੰਡੀਗੜ੍ਹ**

ਸਤੰਬਰ-ਅਕਤੂਬਰ ਦਾ ਪੇਪਰ ਬਹੁਤ ਵਧੀਆ ਸੀ। ਟਾਈਟਲ ਵੀ ਪੂਰਾ ਢੁਕਵਾਂ ਸੀ। ਸੰਪਾਦਕੀ ਹਰ ਵਾਰ ਦੀ ਤਰ੍ਹਾਂ ਵਧੀਆ ਲੱਗੀ। ਜਾਣਕਾਰੀ ਮਿਲੀ ਕਿ ਕਿਵੇਂ ਹਿੰਦੂਤਵੀ ਫਾਸ਼ੀਵਾਦ ਨੇ ਹਨੇਰ੍ਹ ਗਰਦੀ ਪੈਦਾ ਕੀਤੀ ਹੋਈ ਹੈ। 'ਸ਼ਹੀਦ ਭਗਤ ਸਿੰਘ ਨੇ ਲਿਖਿਆ', ਜੋ ਕੁੱਝ ਅੱਜ ਧਰਮ ਦੇ ਨਾਂ ਥੱਲੇ ਵਾਪਰ ਰਿਹਾ ਹੈ ਸ਼ਹੀਦ ਭਗਤ ਸਿੰਘ ਲਗਭਗ ਇੱਕ ਸਦੀ ਪਹਿਲਾਂ ਹੀ ਭਾਰਤ ਵਾਸੀਆਂ ਨੂੰ ਦੱਸ ਗਏ ਹਨ। ਟੀ-ਕੋਵੂਰ ਦਾ 'ਮੰਤਰ, ਯੋਗਾ ਅਤੇ ਧਨ ਲਕਸ਼ਮੀ ਦੇਵੀ' ਲੇਖ ਵੀ ਬਹੁਤ ਹੀ ਜਾਣਕਾਰੀ ਭਰਪੂਰ ਸੀ। ਡਾ. ਸ਼ਿਆਮ ਸੁੰਦਰ ਦੀਪਤੀ ਦਾ ਲੇਖ ਵੀ ਕਮਾਲ ਦਾ ਸੀ। ਹੇਮ ਰਾਜ ਸਟੈਨੋ ਦਾ ਲੇਖ - ਕਸ਼ਮੀਰ ਮਸਲਾ, ਕਸ਼ਮੀਰ ਬਾਰੇ ਇਤਿਹਾਸਕ ਜਾਣਕਾਰੀ ਦਿੰਦਾ ਹੈ ਤੇ ਕਸ਼ਮੀਰੀ ਲੋਕਾਂ ਦੇ ਜਬਰ-ਜ਼ੁਲਮ ਦੀ ਕਹਾਣੀ ਬਿਆਨਦਾ ਵਧੀਆ ਲੱਗਾ। ਸਟੀਫਨ ਹਾਕਿੰਗ ਵਾਲਾ ਲੇਖ ਬ੍ਰਹਿਮੰਡ ਬਾਰੇ ਕਮਾਲ ਦੀ ਜਾਣਕਾਰੀ ਵਾਲਾ ਸੀ। ਡਾ. ਸਾਹਿਬ ਸਿੰਘ ਦਾ ਲੇਖ, ਭਾਅ ਜੀ ਦੇ ਜੀਵਨ ਤੇ ਉਹਨਾਂ ਦੀਆਂ ਬੇ-ਮਿਸ਼ਾਲ ਕੀਤੀਆਂ ਗਤੀ ਵਧੀਆਂ ਦੀ ਜਾਣਕਾਰੀ ਨਾਲ ਭਰਪੂਰ ਸੀ। ਕਾਫੀ ਸਮਾਂ ਪਹਿਲਾਂ ਇੱਕ ਖੁੰਢ-ਚਰਚਾ ਦਾ ਲੇਖ ਛਪਦਾ ਹੁੰਦਾ ਸੀ। ਉਸ ਨੂੰ ਦੁਬਾਰਾ ਸ਼ੁਰੂ ਕਰਨਾ ਚਾਹੀਦਾ ਹੈ।

**- ਸੁਖਵਿੰਦਰ ਖਾਰਾ, ਚੋਹਲਾ ਸਾਹਿਬ**

## ਤਵਾਰੀਖ ਦਾ ਹਿੱਸਾ ਬਣੇ ਦਿਨ

| | | |
|---|---|---|
| 7 ਨਵੰਬਰ | : | ਮਹਾਨ ਰੂਸੀ ਇਨਕਲਾਬ (1917) |
| 8 ਨਵੰਬਰ | : | ਐਕਸਰੇ ਦੀ ਖੋਜ (1896) |
| 14 ਨਵੰਬਰ | : | ਬਾਲ ਦਿਵਸ |
| 16 ਨਵੰਬਰ | : | ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਹਨਾਂ ਦੇ ਹੋਰ ਸਾਥੀਆਂ ਨੂੰ ਪਹਿਲੇ ਲਾਹੌਰ ਸਾਜਿਸ਼ ਕੇਸ ਵਿੱਚ ਫਾਂਸੀ (1915) |
| 28 ਨਵੰਬਰ | : | ਜਨਮ ਦਿਨ (ਫਰੈਡਰਿਕ ਏਂਗਲਜ) 1820 (ਕਾਰਲ ਮਾਰਕਸ ਦਾ ਸਾਥੀ) |
| 1 ਦਸੰਬਰ | : | ਵਿਸ਼ਵ ਏਡਜ਼ ਦਿਵਸ |
| 2 ਦਸੰਬਰ | : | ਕੌਮੀ ਪ੍ਰਦੂਸ਼ਣ ਰੋਕੂ ਦਿਵਸ |
| 3 ਦਸੰਬਰ | : | ਵਿਸ਼ਵ ਅਪਾਹਜ ਦਿਵਸ |
| 3 ਦਸੰਬਰ | : | ਭੋਪਾਲ ਗੈਸ ਦੁਖਾਂਤ (3000 ਲੋਕ ਮਰੇ) (1984) |
| 9 ਦਸੰਬਰ | : | ਭ੍ਰਿਸ਼ਟਾਚਾਰ ਵਿਰੋਧੀ ਦਿਵਸ |
| 10 ਦਸੰਬਰ | : | ਮਨੁੱਖੀ ਅਧਿਕਾਰ ਦਿਵਸ |
| 14 ਦਸੰਬਰ | : | ਕੌਮੀ ਉਰਜਾ ਬਚਾਉ ਦਿਵਸ |
| 17 ਦਸੰਬਰ | : | ਭਗਤ ਸਿੰਘ ਅਤੇ ਰਾਜਗੁਰੂ ਵੱਲੋਂ ਸਾਂਡਰਸ ਦਾ ਕਤਲ (1929) |
| 19 ਦਸੰਬਰ | : | ਸ਼ਹੀਦ ਰਾਮ ਪ੍ਰਸ਼ਾਦ ਬਿਸਮਿਲ, ਅਸ਼ਫਾਕ ਉੱਲਾ, ਰੌਸ਼ਨ ਸਿੰਘ ਨੂੰ ਕਾਕੋਰੀ ਕਾਂਡ ਵਿੱਚ ਫਾਂਸੀ ਦਿੱਤੀ (1927) |
| 22 ਦਸੰਬਰ | : | ਭਾਰਤੀ ਗਣਿਤਦਾਨ ਰਾਮਾਨੁਜਨ ਦਾ ਜਨਮ (1887) |
| 24 ਦਸੰਬਰ | : | ਮੌਤ (ਈ.ਵੀ. ਰਾਮ ਸਵਾਮੀ (ਪੇਰੀਆਰ), ਸਵੈਮਾਨ ਅੰਦੋਲਨ ਦੇ ਆਗੂ ਅਤੇ ਜੁਝਾਰੂ ਨਾਸਤਿਕ ਸਮਾਜ ਸੁਧਾਰਕ) (1973) |
| 26 ਦਸੰਬਰ | : | ਜਨਮ (ਸ਼ਹੀਦ ਉਧਮ ਸਿੰਘ) (1899) |
| 26 ਦਸੰਬਰ | : | ਜਨਮ (ਮਾਓ ਜ਼ੇ ਤੁੰਗ) (1893) |

***ਨਵਾਂ ਜਮਾਨਾ ਦੇ ਸਾਹਿਤਕ ਸੰਪਾਦਕ ਬਲਬੀਰ ਪਰਵਾਨਾ ਵੱਲੋਂ ਤਰਕਸ਼ੀਲ ਲਾਇਬਰੇਰੀ ਵਾਸਤੇ ਪੁਸਤਕਾਂ ਭੇਜੀਆਂ ਗਈਆਂ ਹਨ। ਇਸ ਯੋਗਦਾਨ ਬਦਲੇ ਉਨ੍ਹਾਂ ਦੇ ਧੰਨਵਾਦੀ ਹਾਂ। ...ਸੂਬਾ ਕਮੇਟੀ***

# ਪੇਸ਼ਕਦਮੀਆਂ

**ਜੰਮੂ-ਕਸ਼ਮੀਰ ਵਿੱਚ ਤਰਕਸ਼ੀਲਤਾ ਦੇ ਪ੍ਰਚਾਰ ਦਾ ਯਤਨ :**

ਇਸ ਮਕਸਦ ਵਾਸਤੇ ਤਰਕਸ਼ੀਲ ਸੁਸਾਇਟੀ ਦੀ ਤਿੰਨ ਮੈਂਬਰੀ ਟੀਮ ਜਿਸ ਵਿੱਚ ਕੌਮੀ ਤੇ ਕੌਮਾਂਤਰੀ ਵਿਭਾਗ ਦੇ ਮੁਖੀ ਹਰਚੰਦ ਭਿੰਡਰ, ਸਹਾਇਕ ਜਸਵੰਤ ਜੀਰਖ ਅਤੇ ਪਟਿਆਲਾ ਇਕਾਈ ਦੇ ਆਗੂ ਰਾਮ ਕੁਮਾਰ ਸ਼ਾਮਲ ਸਨ, ਨੇ ਜੰਮੂ-ਕਸ਼ਮੀਰ ਦੇ ਜ਼ਿਲ੍ਹਾ ਕਠੂਆ ਤੋਂ ਇਸ ਚੇਤਨਾ ਮੁਹਿੰਮ ਦੀ ਸ਼ੁਰੂਆਤ ਕੀਤੀ। ਇਹ ਤਰਕਸ਼ੀਲ ਪ੍ਰੋਗਰਾਮ ਕਠੂਆ ਵਿਖੇ ਇੱਕ ਕਮਿਊਨਿਟੀ ਹਾਲ ਵਿੱਚ 1 ਸਤੰਬਰ ਨੂੰ ਕੀਤਾ ਗਿਆ। ਇਸ ਸਮੇਂ ਜਸਵੰਤ ਜੀਰਖ ਨੇ ਪੰਜਾਬ ਵਿੱਚ ਚੱਲ ਰਹੀ ਤਰਕਸ਼ੀਲ ਲਹਿਰ ਬਾਰੇ ਜਾਣਕਾਰੀ ਦਿੱਤੀ। ਰਾਮ ਕੁਮਾਰ ਪਟਿਆਲਾ ਨੇ ਬਹੁਤ ਸਾਰੇ ਹੱਥ ਦੀ ਸਫਾਈ ਵਾਲੇ ਜਾਦੂ ਦੇ ਟ੍ਰਿਕਾਂ ਰਾਹੀਂ ਸਪੱਸ਼ਟ ਕੀਤਾ ਕਿ ਕੋਈ ਵੀ ਅਜਿਹੀ ਗ਼ੈਬੀ ਸ਼ਕਤੀ ਜਾਂ ਜਾਦੂ-ਮੰਤਰ ਆਦਿ ਨਹੀਂ ਹੁੰਦਾ ਜਿਸ ਰਾਹੀਂ ਕਿਸੇ ਦਾ ਕੋਈ ਵਿਗੜਿਆ ਕੰਮ ਠੀਕ ਕੀਤਾ ਜਾ ਸਕਦਾ ਹੋਵੇ। ਇਸ ਪ੍ਰੋਗਰਾਮ ਵਿੱਚ ਉੱਥੋਂ ਦੇ ਬੱਚਿਆਂ ਮਨੀਸ਼ਾ, ਦੀਕਸ਼ਾ ਅਤੇ ਨੌਜਵਾਨ ਸੰਜੇ ਨੇ ਕ੍ਰਮਵਾਰ "ਉੱਠ ਮਜ਼ਦੂਰਾ ਜਾਗ ਕਿਸਾਨਾ, ਤੇਰਾ ਵੇਲਾ ਆਇਆ ਹੈ", "ਹਮ ਸਮਾਜ ਬਨਾਵੇਗੇ, ਆਦਮੀ ਕੋ ਜੋੜਤੇ ਹੁਏ", "ਮੈਂ ਕੀ ਝੂਠ ਬੋਲਿਆ ?" ਆਦਿ ਆਪਣੇ ਹੀ ਅੰਦਾਜ਼ਾਂ ਵਿੱਚ ਗੀਤ ਗਾ ਕੇ ਇਨਕਲਾਬੀ ਰੰਗ ਬੰਨ੍ਹਿਆ। ਹਰਚੰਦ ਭਿੰਡਰ ਨੇ ਇਸ ਪ੍ਰੋਗਰਾਮ ਦਾ ਪ੍ਰਬੰਧ ਕਰਨ ਵਾਲੇ ਨੌਜਵਾਨਾਂ ਦੀ ਸਮੁੱਚੀ ਟੀਮ ਅਤੇ ਦਰਸ਼ਕਾਂ ਦਾ ਵਿਸ਼ੇਸ ਧੰਨਵਾਦ ਕਰਦਿਆਂ ਇੱਥੇ ਤਰਕਸ਼ੀਲ ਵਿਚਾਰਾਂ ਨੂੰ ਜੱਥੇਬੰਦ ਹੋ ਕੇ ਪ੍ਰਚਾਰਨ ਦਾ ਸੰਦੇਸ਼ ਦਿੱਤਾ। ਇਸ ਨਾਲ ਹੀ ਉਹਨਾਂ ਨੇ ਪ੍ਰੋਗਰਾਮ ਵਿੱਚ ਉੱਠੇ ਸਵਾਲਾਂ ਦੇ ਜਵਾਬ ਦਿੱਤੇ। ਅਗਾਂਹਵਧੂ ਵਿਚਾਰਾਂ ਦੇ ਧਾਰਨੀ ਮਾ. ਕੁਲਬੀਰ ਨੇ ਸਟੇਜ ਸੰਚਾਲਨ ਦੀ ਜ਼ੁੰਮੇਵਾਰੀ ਬਾਖੂਬੀ ਨਿਭਾਈ। ਜ਼ਿਲ੍ਹਾ ਕਠੂਆ ਦੇ ਨੌਜਵਾਨ ਪ੍ਰਬੰਧਕਾਂ ਦੀ ਟੀਮ ਵਿੱਚ ਐਡਵੋਕੇਟ ਧੀਰਜ, ਰਾਜੂ ਅਤੇ ਉਹਨਾਂ ਦੀ ਪਤਨੀ ਸੁਲਤਾਨਾ, ਗਿੰਨੀ, ਬਲਵੀਰ, ਸੰਜੇ ਰਜੇਸ ਆਦਿ ਨੇ ਇਸ ਪ੍ਰੋਗਰਾਮ ਨੂੰ ਉਲੀਕਣ ਅਤੇ ਸਫ਼ਲ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਸਮੁੱਚੇ ਲੋਕਾਂ ਨੇ ਇਸ ਪ੍ਰੋਗਰਾਮ ਦੀ ਪੇਸ਼ਕਾਰੀ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਤਰਕਸ਼ੀਲ ਵਿਚਾਰਾਂ ਨੂੰ ਆਪਣੇ ਇਲਾਕੇ ਵਿੱਚ ਪ੍ਰਚਾਰਨ ਲਈ ਹਰ ਤਰ੍ਹਾਂ ਦਾ ਸਹਿਯੋਗ ਦੇਣ ਲਈ ਉਤਸੁਕਤਾ ਵਿਖਾਈ ਤੇ ਪ੍ਰਬੰਧਕਾਂ ਵੱਲੋਂ ਛੇਤੀ ਹੀ ਇਸ ਨੂੰ ਜੱਥੇਬੰਦਕ ਰੂਪ ਦੇ ਕੇ ਅੱਗੇ ਵਧਣ ਦਾ ਫੈਸਲਾ ਲਿਆ ਗਿਆ।

**- ਹਰਚੰਦ ਭਿੰਡਰ**

**ਇਕਾਈ ਰਾਜਪੁਰਾ ਦੀ ਚੋਣ :**

ਜ਼ੋਨ ਪਟਿਆਲਾ ਦੇ ਯਤਨਾਂ ਨਾਲ ਇਕਾਈ ਰਾਜਪੁਰਾ ਨੂੰ ਮੁੜ ਗਠਿਤ ਕੀਤਾ ਗਿਆ। ਇਹ ਮੀਟਿੰਗ ਜ਼ੋਨ ਆਗੂ ਰਾਮ ਕੁਮਾਰ ਦੀ ਪ੍ਰਧਾਨਗੀ ਹੇਠ ਰਾਜਪੁਰਾ ਦੇ ਬੁੱਕ ਡਿੱਪੂ ਵਿਖੇ ਹੋਈ ਜਿਸ ਵਿੱਚ ਤਕਰੀਬਨ ਨਵੇਂ-ਪੁਰਾਣੇ 14 ਕੁ ਸਾਥੀਆਂ ਨੇ ਭਾਗ ਲਿਆ। ਸਟੇਟ ਆਗੂ ਹਰਚੰਦ ਭਿੰਡਰ ਨੇ ਸੰਬੋਧਨ ਕੀਤਾ। ਇਸ ਉਪਰੰਤ ਸਾਥੀਆਂ ਨੇ ਮੈਂਬਰਸ਼ਿਪ ਲੈ ਕੇ ਇਕਾਈ ਦੇ ਆਹੁਦੇਦਾਰਾਂ ਦੀ ਚੋਣ ਕੀਤੀ ਜਿਸ ਵਿੱਚ ਜਥੇਬੰਦਕ ਮੁਖੀ ਬਲਵਿੰਦਰ ਉਗਾਣੀ, ਵਿੱਤ ਮੁਖੀ ਕ੍ਰਿਸ਼ਨ ਕੁਮਾਰ, ਮੀਡੀਆ ਮੁਖੀ ਗੁਰਪ੍ਰੀਤ ਸਿੰਘ, ਸੱਭਿਆਚਾਰਕ ਮੁਖੀ ਬਲਜੀਤ ਸਿੰਘ ਅਤੇ ਮਾਨਸਿਕ ਸਲਾਹ-ਮਸਵਰਾ ਮੁਖੀ ਸੁਖਵਿੰਦਰ ਸਿੰਘ ਚੁਣੇ ਗਏ। ਇਸ ਸਮੇਂ ਮਾਨਵਤਾਵਾਦੀ ਮਨੋਜ ਕੁਮਾਰ ਵੀ ਆਪਣੇ ਬੱਚਿਆਂ ਨਾਲ ਮੀਟਿੰਗ ਵਿੱਚ ਹਾਜ਼ਰ ਹੋਏ ਅਤੇ ਮਾਨਵਤਾਵਾਦ ਬਾਰੇ ਵੀ ਚਰਚਾ ਕੀਤੀ। ਅੰਤ ਵਿੱਚ ਬਲਵਿੰਦਰ ਉਗਾਣੀ ਨੇ ਸਭਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਰਾਜਪੁਰਾ ਇਕਾਈ ਦੇ ਮੈਂਬਰ ਆਪਣੀ ਸਰਗਰਮੀ ਦਿਖਾਉਂਦੇ ਹੋਏ ਸਮਾਜ ਵਿੱਚੋਂ ਅੰਧ-ਵਿਸ਼ਵਾਸ ਖਤਮ ਕਰਕੇ ਵਿਗਿਆਨਕ ਚੇਤਨਾ ਦਾ ਸੁਨੇਹਾ ਦੇਣਗੇ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸੰਜੀਵ ਕੁਮਾਰ, ਉੱਤਮਜੋਤ ਸਿੰਘ, ਮਨਜੀਤ ਸਿੰਘ, ਜਸਵੀਰ ਸਿੰਘ, ਅੰਜਨਪ੍ਰੀਤ ਅਤੇ ਭੁਪਿੰਦਰ ਸਿੰਘ ਆਦਿ ਵੀ ਹਾਜ਼ਰ ਸਨ।

**- ਹਰਚੰਦ ਭਿੰਡਰ**

**ਇਕਾਈ ਬਠਿੰਡਾ :**

1. ਤੀਸਰੀ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿਚਲੇ 11 ਸੈਂਟਰਾਂ ਵਿੱਚ 700 ਤੋਂ ਉੱਪਰ ਵਿਦਿਆਰਥੀਆਂ ਦੀ ਸ਼ਮੂਲੀਅਤ ਤੋਂ ਇਲਾਵਾ 20 ਸਕੂਲਾਂ ਵਿੱਚ ਪਹੁੰਚ ਕੀਤੀ ਗਈ। ਸਾਰੇ ਸੈਂਟਰਾਂ ਵਿੱਚ ਇਨਾਮ ਵੰਡ ਸਮਾਗਮ ਕੀਤੇ।
2. ਬਠਿੰਡਾ ਵਿਖੇ ਲਗਦੇ ਛਿਮਾਹੀ ਕਿਸਾਨ ਮੇਲੇ ਵਿੱਚ ਪੁਸਤਕ ਪ੍ਰਦਰਸ਼ਨੀ ਲਾਈ। ਮੈਗਜ਼ੀਨ ਦੇ ਨਵੇਂ ਚੰਦੇ ਕੱਟੇ ਗਏ ਅਤੇ ਸਾਹਿਤ ਵਿਕਰੀ ਪ੍ਰਦਰਸ਼ਨੀ ਲਾਈ। ਜੋਗਿੰਦਰ ਸਿੰਘ ਜ਼ਿਲ੍ਹੇਦਾਰ, ਕੁਲਵੰਤ ਸਿੰਘ, ਰਾਜਪਾਲ ਸਿੰਘ ਸਾਬਕਾ ਸੰਪਾਦਕ 'ਤਰਕਸ਼ੀਲ', ਵਿਜੈ ਕੁਮਾਰ, ਸੁਖਵਿੰਦਰ ਵਿਰਕ, ਰਾਜ ਸਿੰਘ ਤੇ ਹੋਰ ਹਮਦਰਦ ਸਾਥੀਆਂ ਨੇ ਪੂਰਾ ਸਹਿਯੋਗ ਦਿੱਤਾ।
3. ਮਹਿਮਾ ਭਗਵਾਨਾ ਵਿਖੇ ਤਰਕਸ਼ੀਲ ਮੇਲੇ ਵਿੱਚ ਭੂਰਾ ਸਿੰਘ ਮਹਿਮਾ ਸਰਜਾ ਮੁੱਖ ਬੁਲਾਰੇ ਸਨ। ਕਿਤਾਬਾਂ ਦੀ ਸਟਾਲ 'ਤੇ ਸੁਖਵਿੰਦਰ ਵਿਰਕ, ਕੁਲਵੰਤ ਸਿੰਘ, ਕੇਵਲ ਕ੍ਰਿਸ਼ਨ (ਬੱਬੂ) ਨੇ ਹਾਜ਼ਰੀ ਦਿੱਤੀ। ਸਾਹਿਤ ਪਿੰਡ ਵਾਸੀਆਂ ਨੇ ਖਰੀਦਿਆ। ਇਹ

ਮੇਲਾ ਦੋ ਕਲੱਬਾਂ ਦੇ ਆਪਸੀ ਸਹਿਯੋਗ ਨਾਲ ਕੀਤਾ ਗਿਆ। ਰਾਮ ਸਿੰਘ ਨਿਰਮਾਣ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ। ਸੁਖਦੇਵ ਮਲੂਕਪੁਰੀ ਦੇ ਜਾਦੂ ਸ਼ੋਅ ਅਤੇ ਰੈੱਡ ਆਰਟਸ ਦੀ ਟੀਮ ਦੇ ਨਾਟਕਾਂ ਨੇ ਰੰਗ ਬੰਨ੍ਹਿਆਂ। ਇਸ ਮੌਕੇ ਤਰਕਸ਼ੀਲ ਪ੍ਰਦਰਸ਼ਨੀ ਵੀ ਲਾਈ ਗਈ।

**- ਗਿਆਨ ਸਿੰਘ**

**ਇਕਾਈ ਪਟਿਆਲਾ : ਵਿਦਿਆਰਥੀ ਸਨਮਾਨ ਸਮਾਰੋਹ :**

ਇਕਾਈ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਫੀਲਖਾਨਾ, ਪਟਿਆਲਾ ਵਿਖੇ ਸੁਸਾਇਟੀ ਵੱਲੋਂ ਕਰਵਾਈ ਗਈ ਜਲ੍ਹਿਆਂਵਾਲਾ ਬਾਗ਼ ਦੇ ਸ਼ਹੀਦਾਂ ਨੂੰ ਸਮਰਪਿਤ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਸੈਂਟਰ ਅਤੇ ਮੈਰਿਟ ਵਿੱਚ ਆਏ ਵਿਦਿਆਰਥੀਆਂ ਦਾ ਸਨਮਾਨ ਸਮਾਰੋਹ ਕੀਤਾ ਗਿਆ। ਸ਼ੁਰੂਆਤ ਅਕਸ਼ੈ ਖਨੌਰੀ ਨੇ ਵਿਦਿਆਰਥੀਆਂ ਨੂੰ ਤਰਕਸ਼ੀਲ ਸੁਸਾਇਟੀ ਦੇ ਇਤਿਹਾਸ ਅਤੇ ਪ੍ਰੀਖਿਆ ਦੇ ਉਦੇਸ਼ਾਂ ਬਾਰੇ ਦੱਸ ਕੇ ਕੀਤੀ। ਜ਼ੋਨ ਮੁਖੀ ਪਟਿਆਲਾ ਰਾਮ ਕੁਮਾਰ ਨੇ ਵਿਚਾਰ ਸਾਂਝੇ ਕੀਤੇ ਅਤੇ ਵਿਦਿਆਰਥੀਆਂ ਨੂੰ ਜਾਦੂ ਟ੍ਰਿਕਾਂ ਦੇ ਨਾਲ ਵਿਗਿਆਨਕ ਸੋਚ ਅਪਨਾਉਣ ਦਾ ਸੱਦਾ ਦਿੱਤਾ ਗਿਆ। ਇਸ ਮੌਕੇ 'ਤੇ ਨਕਦ ਰਾਸ਼ੀ ਸਮੇਤ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ। ਵਿਸ਼ੇਸ ਤੌਰ 'ਤੇ ਸਕੂਲ ਪ੍ਰਿੰਸੀਪਲ ਕਰਮਜੀਤ ਸਿੰਘ ਅਤੇ ਹਿਸਟਰੀ ਲੈਕਚਰਾਰ ਕੰਵਰਜੀਤ ਸਿੰਘ ਧਾਲੀਵਾਲ ਦਾ ਸਨਮਾਨ ਕੀਤਾ ਗਿਆ। ਤਰਕਸ਼ੀਲ ਸੁਸਾਇਟੀ ਦੇ ਪਟਿਆਲਾ ਇਕਾਈ ਦੇ ਜਥੇਬੰਦਕ ਮੁਖੀ ਸੁਰਿੰਦਰਪਾਲ, ਤਰਕਸ਼ੀਲ ਆਗੂ ਪ੍ਰੋ. ਪੂਰਨ ਸਿੰਘ, ਡਾ. ਅਨਿਲ ਅਤੇ ਵਾਈਸ ਪ੍ਰਿੰਸੀਪਲ ਮੈਡਮ ਕਰਮਜੀਤ ਕੌਰ ਨੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ। ਇਸ ਮੌਕੇ 'ਤੇ ਪ੍ਰੀਖਿਆ ਵਿੱਚ ਸਾਥ ਦੇਣ ਵਾਲੇ ਸਕੂਲ ਸਟਾਫ ਦੇ ਮੈਂਬਰਾਂ ਨੂੰ ਵੀ ਸਨਮਾਨਤ ਕੀਤਾ ਗਿਆ। ਪ੍ਰੋਗਰਾਮ ਤੋਂ ਬਾਅਦ ਸਕੂਲ ਵਿਖੇ ਤਰਕਸ਼ੀਲ ਸਾਹਿਤ ਦੀ ਪ੍ਰਦਰਸ਼ਨੀ ਵੀ ਲਗਾਈ ਗਈ। **- ਅਕਸ਼ੈ ਖਨੌਰੀ**

**ਇਕਾਈ ਫਗਵਾੜਾ : ਭਗਤ ਸਿੰਘ ਨੂੰ ਸਮਰਪਿਤ ਵਿਚਾਰ-ਚਰਚਾ** : ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ ਨੂੰ ਸਮਰਪਿਤ ਇਹ ਵਿਚਾਰ-ਚਰਚਾ ਕਮਲਾ ਨਹਿਰੂ ਕਾਲਜ, ਫਗਵਾੜਾ ਵਿਖੇ ਕਰਵਾਈ ਗਈ ਜਿਸ ਦਾ ਵਿਸ਼ਾ ਸੀ "ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਅਤੇ ਉਦੇਸ਼।" ਇਸ ਵਿਚਾਰ-ਚਰਚਾ ਦੇ ਮੁੱਖ ਬੁਲਾਰੇ ਸਨ - ਜਸਵਿੰਦਰ ਫਗਵਾੜਾ। ਉਨ੍ਹਾਂ ਦੱਸਿਆ ਕਿ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਕਿਰਤੀਆਂ ਦੇ ਦੁੱਖਾਂ ਤੇ ਮੁਸ਼ਕਿਲਾਂ ਦੇ ਕਾਰਣ ਜਾਨਣ ਵਾਲੀ ਵਿਗਿਆਨਕ ਦ੍ਰਿਸ਼ਟੀਕੋਣ ਵਾਲੀ ਲੋਕ-ਪੱਖੀ ਵਿਚਾਰਧਾਰਾ ਹੈ। ਉਨ੍ਹਾਂ ਨੇ ਭਗਤ ਸਿੰਘ ਦੇ ਲੇਖ 'ਅਛੂਤ ਦਾ ਸਵਾਲ' 'ਤੇ ਵਿਸ਼ੇਸ ਵਿਸਥਾਰਤ ਗੱਲ ਕੀਤੀ। ਪ੍ਰੋਗਰਾਮ ਦੇ ਆਖਰ ਵਿੱਚ ਵਿਦਿਆਰਥੀਆਂ ਨੇ ਕਈ ਸਵਾਲ ਵੀ ਪੁੱਛੇ। ਇਸ ਸਮਾਗਮ ਦੀ ਰੂਪ-ਰੇਖਾ ਕਾਲਜ ਦੀ ਉਸਾਰੂ ਵਿਚਾਰਾਂ ਦੀ ਧਾਰਨੀ ਲੈਕਚਰਾਰ ਮੈਡਮ ਕਮਲੇਸ਼ ਕੌਰ ਨੇ ਕੀਤੀ ਜਿਹੜੇ ਕਿ ਇਤਿਹਾਸ ਵਿਸ਼ੇ ਦੇ ਮਾਹਿਰ ਹਨ। ਇਸ ਪ੍ਰੋਗਰਾਮ ਦੀ ਸਫਲਤਾ ਲਈ ਮੈਡਮ ਕਮਲੇਸ਼ ਕੌਰ ਦਾ ਸੁਸਾਇਟੀ ਆਗੂ ਸੁਖਦੇਵ ਫਗਵਾੜਾ ਨੇ ਸਮਾਪਤੀ ਸਮੇਂ ਧੰਨਵਾਦ ਕੀਤਾ।

**- ਸੁਖਦੇਵ ਫਗਵਾੜਾ**

**ਇਕਾਈ ਧੂਰੀ : ਸ਼ਹੀਦ ਭਗਤ ਸਿੰਘ ਨੂੰ ਸਮਰਪਿਤ ਸੈਮੀਨਾਰ :**

"ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਅਤੇ ਮੌਜੂਦਾ ਦੌਰ ਵਿੱਚ ਉਸ ਦੀ ਸਾਰਥਿਕਤਾ" ਵਿਸ਼ੇ 'ਤੇ ਸੈਮੀਨਾਰ ਸਥਾਨਕ ਗਰਲਜ਼ ਸਕੂਲ ਵਿਖੇ ਕਰਵਾਇਆ ਗਿਆ। ਸੈਮੀਨਾਰ ਦੇ ਪ੍ਰਧਾਨਗੀ ਮੰਡਲ ਵਿੱਚ ਤਰਸੇਮ ਧੂਰੀ, ਵਰਿੰਦਰ ਕੁਮਾਰ, ਡਾਕਟਰ ਕਮਲਜੀਤ ਟਿੱਬਾ, ਜਸਵਿੰਦਰ ਸਿੰਘ ਅਤੇ ਪ੍ਰੀਤਪਾਲ ਸਿੰਘ ਸ਼ਾਮਲ ਹੋਏ। ਸੈਮੀਨਾਰ ਵਿੱਚ ਮੁੱਖ ਬੁਲਾਰੇ ਵਜੋਂ 'ਤਰਕਸ਼ੀਲ' ਮੈਗਜ਼ੀਨ ਦੇ ਸੰਪਾਦਕ ਬਲਬੀਰ ਲੌਂਗੋਵਾਲ ਨੇ ਸ਼ਹੀਦ ਭਗਤ ਸਿੰਘ ਦੇ ਜੀਵਨ ਦੇ ਹਰ ਪੱਖ 'ਤੇ ਰੌਸ਼ਨੀ ਪਾਈ। ਇਸ ਉਪਰੰਤ ਚੇਤਨਾ ਪਰਖ ਪ੍ਰੀਖਿਆ 2019 ਦੇ ਜੇਤੂ 22 ਵਿਦਿਆਰਥੀਆਂ ਦਾ ਵਿਸ਼ੇਸ ਸਨਮਾਨ ਕੀਤਾ ਗਿਆ ਜਿਨ੍ਹਾਂ ਵਿੱਚ ਮਿਡਲ ਵਿਭਾਗ ਵਿੱਚੋਂ ਰੋਬਿਨ ਮਾਡਲ ਸਕੂਲ ਦੇ ਕੇਸ਼ਵ ਕਾਂਸਲ ਜਿਸ ਨੇ ਪੰਜਾਬ ਭਰ ਵਿੱਚੋਂ ਤੀਜਾ ਸਥਾਨ ਅਤੇ ਗੁਰੂਕੁਲ ਮਾਡਲ ਸਕੂਲ ਦੇ ਬਲਵਿੰਦਰ ਸਿੰਘ ਜਿਸ ਨੇ ਜ਼ੋਨ ਵਿੱਚੋਂ ਦੂਜਾ ਸਥਾਨ ਹਾਸਲ ਕੀਤਾ ਵਰਨਣਯੋਗ ਹਨ। ਪ੍ਰੋਗਰਾਮ ਦੌਰਾਨ ਰਜਿੰਦਰ ਰਾਜੂ ਨੇ ਆਪਣੀ ਕਵਿਤਾ 'ਨਾਸਤਕ ਹੋਣ ਤੋਂ ਬਾਅਦ' ਪੇਸ਼ ਕੀਤੀ। ਅਸ਼ਵਨੀ ਕੁਮਾਰ ਅਤੇ ਕੁਲਵਿੰਦਰ ਬੰਟੀ ਨੇ ਵੀ ਉਸਾਰੂ ਗੀਤ ਗਾਏ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬੇਨੜਾ ਅਤੇ ਰੋਬਿਨ ਮਾਡਲ ਸਕੂਲ ਦੇ ਵਿਦਿਆਰਥੀਆਂ ਨੇ ਇਨਕਲਾਬੀ ਗੀਤ ਗਾ ਕੇ ਮਾਹੌਲ ਨੂੰ ਜੋਸ਼ ਭਰਪੂਰ ਬਣਾਈ ਰੱਖਿਆ। ਪ੍ਰੋਗਰਾਮ ਵਿੱਚ ਹੋਰਨਾਂ ਤੋਂ ਇਲਾਵਾ ਯਾਦਵਿੰਦਰ ਪਾਲ, ਬਾਬੂ ਸਿੰਘ ਮੋਮੀ, ਰਤਨ ਭੰਡਾਰੀ, ਸੁਖਪਾਲ ਸਿੰਘ, ਬਿਕਰਮਜੀਤ ਸਿੰਘ, ਜਸ਼ਨਦੀਪ ਭੜੀ, ਰਾਜ ਸਿੰਘ, ਬਹਾਲ ਸਿੰਘ ਬੇਨੜਾ, ਅਮਰਜੀਤ ਸਿੰਘ, ਸੰਤ ਸਿੰਘ, ਅਮਰਿੰਦਰ ਸਿੰਘ, ਸੁਖਦੀਪ ਸਿੰਘ ਸੋਢੀ ਆਦਿ ਮੈਂਬਰ ਹਾਜ਼ਰ ਸਨ। ਪ੍ਰੋਗਰਾਮ ਦੌਰਾਨ ਸਟੇਜ ਦੀ ਕਾਰਵਾਈ ਤਰਕਸ਼ੀਲ ਆਗੂ ਮਾਸਟਰ ਸੁਖਦੇਵ ਧੂਰੀ ਨੇ ਨਿਭਾਈ।

**ਯੂਨੀਵਰਸਿਟੀ ਕਾਲਜ ਬੇਨੜਾ ਵਿਖੇ ਨਾਟਕ "ਸਿਰ, ਜੋ ਝੁਕੇ ਨਹੀਂ" ਦਾ ਸਫ਼ਲ ਮੰਚਨ :**

ਇਕਾਈ ਧੂਰੀ ਵੱਲੋਂ ਪੰਜਾਬ ਸੰਗੀਤ ਨਾਟਕ

ਅਕਾਦਮੀ ਦੇ ਸਹਿਯੋਗ ਨਾਲ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੀ ਟੀਮ ਵੱਲੋਂ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ ਹੇਠ, ਜਲ੍ਹਿਆਂ ਵਾਲੇ ਬਾਗ਼ ਕਾਂਡ ਦੀ ਸ਼ਤਾਬਦੀ ਵਰ੍ਹੇਗੰਢ ਨੂੰ ਸਮਰਪਤ ਇੱਕ ਨਾਟਕ "ਸਿਰ ਜੋ ਝੁਕੇ ਨਹੀਂ" ਦਾ ਮੰਚਨ ਕਰਵਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਮੌਕੇ ਪ੍ਰੋਫੈਸਰ ਹਰਪ੍ਰੀਤ ਸਿੰਘ (ਬਾਬਾ ਬੇਲੀ) ਨੇ ਸਵਾਗਤੀ ਸ਼ਬਦ ਕਹੇ। ਜਗਜੀਵਨ ਜੁਗਨੂੰ ਅਤੇ ਕੁਲਵਿੰਦਰ ਬੰਟੀ ਨੇ ਇਨਕਲਾਬੀ ਗੀਤ ਪੇਸ਼ ਕੀਤੇ। ਸੂਬਾ ਆਗੂ ਬਲਬੀਰ ਲੌਂਗੋਵਾਲ (ਸੰਪਾਦਕ 'ਤਰਕਸ਼ੀਲ') ਨੇ ਸੰਬੋਧਨ ਕੀਤਾ। ਪੇਸ਼ ਕੀਤੇ ਗਏ ਨਾਟਕ ਦੀ ਪੇਸ਼ਕਾਰੀ ਦੌਰਾਨ ਹਰ ਸੀਨ 'ਤੇ ਦਰਸ਼ਕਾਂ ਨੇ ਭਰਪੂਰ ਦਾਦ ਦੇ ਕੇ ਨਾਟਕ ਟੀਮ ਦਾ ਹੌਸਲਾ ਵਧਾਇਆ। ਨਾਟਕ ਦੌਰਾਨ ਸੁਰਿੰਦਰ ਸ਼ਰਮਾਂ ਦੇ ਪਾਗਲ ਵਿਅਕਤੀ ਦੇ ਰੋਲ ਨੇ ਦਰਸ਼ਕਾਂ ਨੂੰ ਅਨੇਕ ਮੌਕਿਆਂ 'ਤੇ ਭਾਵੁਕ ਕੀਤਾ। ਕਾਲਜ ਪ੍ਰਿੰਸੀਪਲ ਡਾ. ਅਸ਼ੋਕ ਕੁਮਾਰ ਨੇ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਦਾ ਵਿਸ਼ੇਸ ਧੰਨਵਾਦ ਕੀਤਾ। ਸਟੇਜ ਤੋਂ ਯੂਨੀਵਰਸਿਟੀ ਕਾਲਜ ਵੱਲੋਂ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੀ ਸਮੁੱਚੀ ਟੀਮ ਦਾ ਵਿਸ਼ੇਸ ਸਨਮਾਨ ਕੀਤਾ ਗਿਆ। ਸਟੇਜ ਸਕੱਤਰ ਦੀ ਡਿਊਟੀ ਸੁਖਦੇਵ ਧੂਰੀ ਨੇ ਨਿਭਾਈ। ਇਸ ਮੌਕੇ ਪ੍ਰੋਫੈਸਰ ਜਗਤਾਰ ਸਿੰਘ, ਰਜਿੰਦਰ ਰਾਜੂ, ਰਤਨ ਭੰਡਾਰੀ, ਬਾਬੂ ਸਿੰਘ ਮੋਮੀ, ਡਾ. ਅਵਤਾਰ ਸਿੰਘ ਢੀਂਡਸਾ, ਅਕਵਿੰਦਰ ਕੌਰ, ਪਰਮਵੇਦ ਸੰਗਰੂਰ, ਯਾਦਵਿੰਦਰ ਪਾਲ, ਬਿਕਰਮਜੀਤ ਸਿੰਘ ਵਿੱਕੀ, ਰਾਜ ਸਿੰਘ ਬੇਨੜਾ, ਕੁਲਵੰਤ ਸਿੰਘ ਕਾਲਾ ਤੇ ਅਵਕਰਨ ਸਿੰਘ ਅਵੀ ਆਦਿ ਨੇ ਨਾਟਕ ਮੇਲੇ ਦੀ ਸਫ਼ਲਤਾ ਲਈ ਪੂਰਾ ਸਹਿਯੋਗ ਦਿੱਤਾ।

**- ਰਜਿੰਦਰ ਰਾਜੂ ਧੂਰੀ**

**ਇਕਾਈ ਲੌਂਗੋਵਾਲ : 'ਜੀਵ ਉਤਪਤੀ' ਵਿਸ਼ੇ 'ਤੇ ਸੈਮੀਨਾਰ :** ਸਥਾਨਕ ਸ਼ਹੀਦ ਭਾਈ ਮਤੀ ਦਾਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਇਹ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਵਿੱਚ ਜੋਧਾ ਸਿੰਘ (ਰਿਸਰਚ ਸਕਾਲਰ ਪੰਜਾਬੀ ਯੂਨੀਵਰਸਿਟੀ, ਪਟਿਆਲਾ) ਨੇ ਮੁੱਖ ਬੁਲਾਰੇ ਦੇ ਤੌਰ 'ਤੇ ਸ਼ਿਰਕਤ ਕੀਤੀ। ਸੂਬਾਈ ਆਗੂ ਬਲਬੀਰ ਲੌਂਗੋਵਾਲ ਨੇ ਸੰਬੋਧਨ ਕੀਤਾ। ਸੈਮੀਨਾਰ ਉਪਰੰਤ 'ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ 2019' ਦੇ ਇਕਾਈ ਲੌਂਗੋਵਾਲ ਦੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਜ਼ੋਨ ਆਗੂ ਜੁਝਾਰ ਲੌਂਗੋਵਾਲ ਅਤੇ ਡਾ. ਅਵਤਾਰ ਸਿੰਘ ਢੀਂਡਸਾ ਨੇ ਵਿਦਿਆਰਥੀਆਂ ਨੂੰ 'ਤਰਕ ਆਧਾਰਿਤ ਜੀਵਨ ਜਾਂਚ' ਅਪਣਾਉਣ ਦਾ ਸੁਝਾਅ ਦਿੱਤਾ। ਇਕਾਈ ਮੁਖੀ ਪਰਵਿੰਦਰ ਉੱਭਾਵਾਲ ਵੱਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਗਗਨਦੀਪ ਐਡਵੋਕੇਟ, ਗੋਬਿੰਦ ਸਿੰਘ, ਬੀਰਬਲ ਸਿੰਘ, ਅਮਨਦੀਪ ਲੌਂਗੋਵਾਲ, ਦਾਤਾ ਸਿੰਘ ਨਮੋਲ, ਗੁਰਪ੍ਰੀਤ ਸਿੰਘ (ਲਲਕਾਰ), ਸਤਨਾਮ ਉੱਭਾਵਾਲ, ਸਰਬਜੀਤ ਨਮੋਲ, ਗੁਰਜੀਤ ਲੌਂਗੋਵਾਲ, ਪ੍ਰਿੰਸੀਪਲ ਵਰਿੰਦਰ ਚੀਮਾ, ਜੋਰਾ ਸਿੰਘ, ਜਗਸੀਰ ਸਿੰਘ ਝਾੜੋਂ ਆਦਿ ਹਾਜ਼ਰ ਸਨ।

**- ਸਤਨਾਮ ਉੱਭਾਵਾਲ**

**ਇਕਾਈ ਸੰਗਰੂਰ : ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ ਵਿਚਾਰ ਗੋਸ਼ਟੀ :** 28 ਸਤੰਬਰ ਨੂੰ 'ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਤੇ ਤਰਕਸ਼ੀਲਤਾ' ਵਿਸ਼ੇ 'ਤੇ ਵਿਚਾਰ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਗੋਸ਼ਟੀ ਦੇ ਮੁੱਖ ਬੁਲਾਰੇ 'ਤਰਕਸ਼ੀਲ' ਮੈਗਜ਼ੀਨ ਦੇ ਮੁੱਖ ਸੰਪਾਦਕ ਬਲਬੀਰ ਲੌਂਗੋਵਾਲ ਸਨ। ਇਕਾਈ ਦੇ ਜਥੇਬੰਦਕ ਮੁਖੀ ਮਾਸਟਰ ਪਰਮ ਵੇਦ ਨੇ ਵਿਚਾਰ ਗੋਸ਼ਟੀ ਵਿੱਚ ਸ਼ਮੂਲੀਅਤ ਕਰਨ ਵਾਲੇ ਸਾਰੇ ਸਾਥੀਆਂ ਦਾ ਸਵਾਗਤ ਕੀਤਾ। ਇਸ ਮੌਕੇ ਸਵਰਨਜੀਤ ਸਿੰਘ ਨੇ ਵੀ ਸੰਬੋਧਨ ਕੀਤਾ। ਸਵਾਲ-ਜਵਾਬ ਸੈਸ਼ਨ ਵਿੱਚ ਸਾਥੀ ਨਿਰਮਲ ਸਿੰਘ ਦੁੱਗਾਂ, ਚਮਕੌਰ ਸਿੰਘ ਮਹਿਲਾਂ, ਰਾਮਸਰੂਪ ਭਵਾਨੀਗੜ੍ਹ, ਕ੍ਰਿਸ਼ਨ ਸਿੰਘ, ਸੀਤਾ ਰਾਮ ਸ਼ਰਮਾਂ, ਸੁਰਿੰਦਰ ਸ਼ਰਮਾਂ, ਸੁਖਦੇਵ ਸਿੰਘ ਕਿਸ਼ਨਗੜ੍ਹ, ਜਗਜੀਤ ਸਿੰਘ ਲੱਡਾ, ਲੈਕਚਰਾਰ ਸਮਸ਼ੇਰ ਸਿੰਘ, ਮਾਸਟਰ ਪਰਮਜੀਤ ਸਿੰਘ, ਮਾਸਟਰ ਚਰਨ ਕਮਲ ਸਿੰਘ, ਸੰਤੋਸ਼ ਕੁਮਾਰ ਪਟਵਾਰੀ ਆਦਿ ਨੇ ਭਾਗ ਲਿਆ। ਤਰਕਸ਼ੀਲ ਆਗੂ ਕ੍ਰਿਸ਼ਨ ਸਿੰਘ ਦੁੱਗਾਂ ਨੇ ਸਾਰਿਆਂ ਦਾ ਧੰਨਵਾਦ ਕੀਤਾ।

**ਸ਼ਹੀਦ ਊਧਮ ਸਿੰਘ ਗਰੁੱਪ ਆਫ ਇੰਸਟੀਚਿਊਟ, ਮਹਿਲਾਂ ਚੌਂਕ ਵਿਖੇ ਤਰਕਸ਼ੀਲ ਸੋਚ 'ਤੇ ਵਿਚਾਰ ਗੋਸ਼ਟੀ :** ਐੱਸ.ਯੂ.ਐੱਸ. ਗਰੁੱਪ ਆਫ ਇੰਸਟੀਚਿਊਟ ਮਹਿਲਾਂ ਚੌਂਕ ਵਿਖੇ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਲਈ ਇੰਸਟੀਚਿਊਟ ਦੇ ਵਾਈਸ ਚੇਅਰਮੈਨ ਕੌਰ ਸਿੰਘ ਦੀ ਅਗਵਾਈ ਵਿੱਚ 'ਤਰਕਸ਼ੀਲ ਸੋਚ' ਵਿਸ਼ੇ 'ਤੇ ਵਿਚਾਰ ਗੋਸ਼ਟੀ ਆਯੋਜਿਤ ਕੀਤੀ ਗਈ। ਮੁੱਖ ਬੁਲਾਰੇ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੇ ਪ੍ਰਧਾਨ ਮਾਸਟਰ ਪਰਮ ਵੇਦ ਸਨ। ਪ੍ਰਿੰਸੀਪਲ ਸੰਦੀਪ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਗੋਸ਼ਟੀ ਵਿੱਚ ਹਾਜ਼ਰੀਨ ਦਾ ਸਵਾਗਤ ਅਧਿਆਪਕਾ ਕਰਮਜੀਤ ਕੌਰ ਨੇ ਕੀਤਾ। ਪ੍ਰਬੰਧਕਾਂ ਵੱਲੋਂ ਮੁੱਖ ਬੁਲਾਰੇ ਮਾਸਟਰ ਪਰਮ ਵੇਦ ਦਾ ਸਨਮਾਨ ਵੀ ਕੀਤਾ ਗਿਆ। ਸਵਾਲ-ਜਵਾਬ ਸੈਸ਼ਨ ਵਿੱਚ ਅਧਿਆਪਕਾਂ ਸਰਵਜੀਤ ਕੌਰ, ਸਰਵਪਾਲ ਸਿੰਘ, ਦਿਨੇਸ਼ ਕੁਮਾਰ, ਰਾਜਪਾਲ ਖਾਂ, ਲਖਵੀਰ ਕੌਰ, ਕਰਮਜੀਤ ਕੌਰ, ਗਗਨਦੀਪ ਕੌਰ, ਸੰਦੀਪ ਕੌਰ, ਸਿਮਰਨਜੀਤ ਕੌਰ, ਅਮਨਿੰਦਰ ਕੌਰ ਤੇ ਪ੍ਰਦੀਪ ਕੌਰ ਨੇ ਭਾਗ ਲਿਆ। ਅੰਤ ਵਿੱਚ ਪ੍ਰਿੰਸੀਪਲ ਸੰਦੀਪ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ।

**ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਦੇ ਪ੍ਰਤੀਯੋਗੀਆਂ ਦਾ ਸਕੂਲਾਂ ਵਿੱਚ ਜਾ ਕੇ ਕੀਤਾ ਗਿਆ ਸਨਮਾਨ** : ਹੇਠ ਲਿਖੇ ਸਕੂਲਾਂ ਵਿੱਚ ਜਾ ਕੇ ਜਿੱਥੇ ਇਹ ਸਨਮਾਨ ਕੀਤਾ ਗਿਆ, ਉੱਥੇ ਤਰਕਸ਼ੀਲ ਸੋਚ ਬਾਰੇ ਵੀ ਵਿਚਾਰ ਪ੍ਰਗਟਾਏ ਗਏ :

1. ਸ.ਹ.ਸ., ਬਲਿਆਲ, 2. ਪ੍ਰੇਮ ਸਭਾ ਨੈਸ਼ਨਲ ਸਕੂਲ, ਸੰਗਰੂਰ, 3. ਸ.ਸ.ਸ.ਸ., ਥਲੇਸ, 4. ਆਦਰਸ਼ ਮਾਡਲ ਸ.ਸ.ਸ., ਸੰਗਰੂਰ, 5. ਸ.ਸ.ਸ.ਸ., ਭਲਵਾਨ, 6. ਸ.ਸ.ਸ.ਸ., ਸਾਰੋਂ 7. ਸ.ਹ.ਸ., ਭਿੰਡਰਾਂ, ਬਲਿਆਲ ਵਿਖੇ ਮੁੱਖ ਅਧਿਆਪਕ ਹਰਦੇਵ ਕੁਮਾਰ ਨੇ ਤਰਕਸ਼ੀਲ ਟੀਮ ਦਾ ਸਵਾਗਤ ਕੀਤਾ। ਜੇਤੂ ਵਿਦਿਆਰਥੀਆਂ ਮਹਿਕਦੀਪ ਕੌਰ, ਅਮਨਪ੍ਰੀਤ ਕੌਰ, ਅਰਸ਼ਦੀਪ ਕੌਰ, ਹੁਸਨਪ੍ਰੀਤ ਕੌਰ, ਲਵਪ੍ਰੀਤ ਕੌਰ, ਹਰਜੀਤ ਕੌਰ, ਪੂਜਾ ਰਾਣੀ ਦਾ ਸਨਮਾਨ ਕੀਤਾ। ਸਭ ਤੋਂ ਵੱਧ ਇਸ ਸਕੂਲ ਦੇ ਵਿਦਿਆਰਥੀ ਇਕਾਈ ਪੱਧਰੀ ਮੈਰਿਟ ਸੂਚੀ ਵਿੱਚ ਆਏ ਹਨ। ਪ੍ਰੇਮ ਸਭਾ ਨੈਸ਼ਨਲ ਸਕੂਲ ਵਿਖੇ ਹੈੱਡ ਮਿਸਟ੍ਰੈਸ ਤਰਨਜੀਤ ਕੌਰ ਨੇ ਤਰਕਸ਼ੀਲ ਟੀਮ ਦਾ ਸਵਾਗਤ ਕੀਤਾ। ਥਲੇਸ ਵਿਖੇ ਪ੍ਰਿੰਸੀਪਲ ਪ੍ਰਵੀਨ ਕੁਮਾਰ ਮਨਚੰਦਾ ਨੇ ਟੀਮ ਦਾ ਸਵਾਗਤ ਕੀਤਾ ਅਤੇ ਗਣਿਤ ਅਧਿਆਪਕਾ ਸੁਖਵਿੰਦਰ ਕੌਰ (ਪ੍ਰਸਿੱਧ ਲੇਖਿਕਾ) ਨੇ ਟੀਮ ਦਾ ਧੰਨਵਾਦ ਕੀਤਾ। ਆਦਰਸ਼ ਸਕੂਲ ਵਿਖੇ ਪ੍ਰਿੰਸੀਪਲ ਜੋਗਾ ਸਿੰਘ ਨੇ ਟੀਮ ਦਾ ਸਵਾਗਤ ਕੀਤਾ। ਇਸ ਸਕੂਲ ਦੇ ਚਾਰ ਵਿਦਿਆਰਥੀ ਰਾਖੀ ਯਾਦਵ, ਰਮਨ ਗਿੱਲ, ਜਸ਼ਨਪ੍ਰੀਤ ਕੌਰ, ਸਨੇਹਾ ਦਾ ਮੈਰਿਟ ਸੂਚੀ ਵਿੱਚ ਆਉਣ 'ਤੇ ਵਿਸ਼ੇਸ ਸਨਮਾਨ ਕੀਤਾ ਗਿਆ। ਅਧਿਆਪਕਾ ਗੁਰਪ੍ਰੀਤ ਕੌਰ ਨੇ ਵੀ ਸੰਬੋਧਨ ਕੀਤਾ। ਭਲਵਾਨ ਵਿਖੇ ਲੈਕਚਰਾਰ ਬਲਜਿੰਦਰ ਸਿੰਘ ਨੇ ਟੀਮ ਦਾ ਸਵਾਗਤ ਕੀਤਾ। ਸਾਰੋਂ ਵਿਖੇ ਪ੍ਰਿੰਸੀਪਲ ਯਾਦਵਿੰਦਰ ਸਿੰਘ ਨੇ ਟੀਮ ਦਾ ਧੰਨਵਾਦ ਕੀਤਾ। ਲੈਕਚਰਾਰ ਕਰਮਜੀਤ ਸਿੰਘ ਅਤੇ ਗਣਿਤ ਮਾਸਟਰ ਕੁਲਦੀਪ ਸਿੰਘ ਨੇ ਵਿਚਾਰ ਸਾਂਝੇ ਕੀਤੇ। ਭਿੰਡਰਾਂ ਵਿਖੇ ਮੁੱਖ ਅਧਿਆਪਕ ਰਜਨੀਸ਼ ਕੁਮਾਰ ਨੇ ਟੀਮ ਦਾ ਸਵਾਗਤ ਕੀਤਾ। ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀ ਦੇਵਿੰਦਰ ਸਿੰਘ ਤੇ ਮਨਜੋਤ ਕੌਰ ਦਾ ਸਨਮਾਨ ਕੀਤਾ ਗਿਆ। ਮਾਸਟਰ ਗੁਰਮੀਤ ਸਿੰਘ ਅਤੇ ਕੈਪਟਨ ਹਰਜੀਤ ਸਿੰਘ ਯਾਦਗਾਰੀ ਟਰੱਸਟ ਸੰਗਰੂਰ ਦੇ ਚੇਅਰਮੈਨ ਜਗਮੇਲ ਸਿੱਧੂ ਨੇ ਵਿਚਾਰ ਪ੍ਰਗਟਾਏ। 'ਜੀਵਨ ਵਿੱਚ ਤਰਕਸ਼ੀਲਤਾ ਕਿਉਂ ਜ਼ਰੂਰੀ' ਵਿਸ਼ੇ 'ਤੇ ਵਧੀਆ ਵਿਚਾਰ ਪ੍ਰਗਟਾਉਣ ਵਾਲੇ 5 ਵਿਦਿਆਰਥੀਆਂ ਰੋਹਿਤ ਕੁਮਾਰ, ਖੁਸ਼ਦੀਪ ਕੌਰ, ਜਸ਼ਨਦੀਪ ਕੌਰ, ਰਾਜਪ੍ਰੀਤ ਕੌਰ, ਗੁਰਦੀਪ ਕੌਰ ਦਾ ਉਸਾਰੂ ਪੁਸਤਕਾਂ ਨਾਲ ਸਨਮਾਨ ਕੀਤਾ ਗਿਆ। ਇਹਨਾਂ ਸਾਰੇ ਸਕੂਲਾਂ ਵਿੱਚ ਇਕਾਈ ਮੁਖੀ ਪਰਮ ਵੇਦ ਅਤੇ ਇਕਾਈ ਆਗੂਆਂ ਗੁਰਦੀਪ ਸਿੰਘ ਲਹਿਰਾ, ਪ੍ਰਹਿਲਾਦ ਸਿੰਘ, ਧਰਮਵੀਰ ਸਿੰਘ, ਨਿਰਮਲ ਸਿੰਘ ਦੁੱਗਾਂ, ਰਾਮ ਸਰੂਪ ਭਵਾਨੀਗੜ੍ਹ, ਸੰਤੋਸ਼ ਕੁਮਾਰ ਪਟਵਾਰੀ ਆਦਿ ਨੇ ਵੀ ਵਿਚਾਰ ਪੇਸ਼ ਕੀਤੇ।

**- ਪਰਮ ਵੇਦ**

**ਇਕਾਈ ਅੰਮ੍ਰਿਤਸਰ : ਵਿਸ਼ੇਸ ਇਕੱਤਰਤਾ ਦੌਰਾਨ ਨਤੀਜੇ ਦਾ ਐਲਾਨ :**

ਇਕਾਈ ਦੇ ਆਗੂਆਂ ਸੁਮੀਤ ਸਿੰਘ, ਜਸਪਾਲ ਬਾਸਰਕਾ, ਮੇਜਰ ਸਿੰਘ ਅਤੇ ਸੁਖਮੀਤ ਸਿੰਘ ਨੇ ਐਲਾਨਿਆ ਕਿ ਮਾਝਾ ਜ਼ੋਨ ਪੱਧਰ ਉੱਤੇ ਸੈਕੰਡਰੀ ਗਰੁੱਪ ਵਿੱਚੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਛੇਹਰਟਾ ਦੀ ਵਿਦਿਆਰਥਣ ਮਨਿੰਦਰ ਕੌਰ ਨੇ ਪਹਿਲਾ ਸਥਾਨ ਅਤੇ ਅਸ਼ੋਕਾ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਚੰਨਪ੍ਰੀਤ ਕੌਰ ਅਤੇ ਬਿਕਰਮਪ੍ਰੀਤ ਸਿੰਘ ਨੇ ਸਾਂਝੇ ਤੌਰ 'ਤੇ ਪੰਜਵਾਂ ਸਥਾਨ ਹਾਸਲ ਕੀਤਾ, ਜਦਕਿ ਐਲ.ਡੀ. ਪੈਰਾਮਾਊਂਟ ਸਕੂਲ ਨਰਾਇਣਗੜ੍ਹ ਛੇਹਰਟਾ ਦੀ ਵਿਦਿਆਰਥਣ ਸੁਨੇਹਾ ਨੇ ਮਿਡਲ ਗਰੁੱਪ ਵਿੱਚੋਂ ਦੂਜਾ ਸਥਾਨ ਹਾਸਲ ਕੀਤਾ। ਸਥਾਨਕ ਇਕਾਈ ਦੇ ਨਤੀਜੇ ਵਿੱਚ ਸੈਕੰਡਰੀ ਗਰੁੱਪ ਵਿੱਚੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਛੇਹਰਟਾ ਦੇ ਪ੍ਰਿੰਸ ਕੁਮਾਰ ਅਤੇ ਅਮਰਦੀਪ, ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਨਵਾਂ ਕੋਟ ਦੇ ਮਨਕੀਰਤ ਸਿੰਘ ਨੇ ਸਾਂਝੇ ਤੌਰ 'ਤੇ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਮਨਮੋਹਿਤ ਸਿੰਘ ਨੇ ਦੂਜਾ ਅਤੇ ਅਸ਼ੋਕਾ ਸੀਨੀਅਰ ਸੈਕੰਡਰੀ ਸਕੂਲ ਅਜੀਤ ਨਗਰ ਦੀ ਰਾਜ ਨੰਦਿਨੀ ਨੇ ਤੀਜਾ ਸਥਾਨ ਹਾਸਲ ਕੀਤਾ। ਮਿਡਲ ਗਰੁੱਪ ਵਿੱਚੋਂ ਅਮਰਦੀਪ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਰੁਪਿੰਦਰ ਕੌਰ ਅਤੇ ਅਭਯ ਮੋਰਿਆ ਨੇ ਪਹਿਲਾ ਅਤੇ ਦੂਜਾ ਸਥਾਨ ਅਤੇ ਅਸ਼ੋਕਾ ਸੀਨੀਅਰ ਸੈਕੰਡਰੀ ਸਕੂਲ ਦੀ ਸਿਮਰਪ੍ਰੀਤ ਕੌਰ ਨੇ ਤੀਜਾ ਸਕਾਨ ਹਾਸਲ ਕੀਤਾ। ਅਪੈਕਸ ਇੰਟਰਨੈਸ਼ਨਲ ਸਕੂਲ ਮੋਹਨੀ ਪਾਰਕ, ਡੀ.ਆਰ. ਮਾਡਰਨ ਸਕੂਲ ਛੇਹਰਟਾ, ਪ੍ਰਭਾਕਰ ਸੀ.ਸੈ. ਸਕੂਲ ਛੇਹਰਟਾ ਅਤੇ ਰਾਸ਼ਟਰੀ ਬਾਲ ਸਿਕਸ਼ਾ ਕੇਂਦਰ ਅਤੇ ਸੈ. ਸਕੂਲ ਇਸਲਾਮਾਬਾਦ ਦੇ ਵਿਦਿਆਰਥੀਆਂ ਨੇ ਵੀ ਵਧੀਆ ਕਾਰਗੁਜ਼ਾਰੀ ਵਿਖਾਈ। ਇਕਾਈ ਵੱਲੋਂ ਉਪਰੋਕਤ ਸਾਰੇ ਸਕੂਲਾਂ ਵਿੱਚ ਵੱਖੋ-ਵੱਖ ਸਮਾਗਮ ਕਰਕੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਸਮੁੱਚੀ ਪ੍ਰੀਖਿਆ ਲਈ ਤਰਕਸ਼ੀਲ ਆਗੂਆਂ ਸੁਖਬੀਰ ਸਿੰਘ, ਮਨਜੀਤ ਬਾਸਰਕੇ, ਬਲਦੇਵ ਰਾਜ ਵੇਰਕਾ, ਕਾ. ਬਲਵਿੰਦਰ ਦੁਧਾਲਾ, ਕੁਲਜੀਤ ਵੇਰਕਾ, ਕਾ. ਅਜੀਤ ਸਿੰਘ, ਅਸ਼ਵਨੀ ਕੁਮਾਰ, ਧਰਵਿੰਦਰ ਕੋਹਾਲੀ, ਰਾਜ ਕੁਮਾਰ ਵੇਰਕਾ, ਰਮੇਸ਼ ਕੁਮਾਰ, ਕੀਰਤ ਸਿੰਘ ਅਤੇ ਸੁਮਨਪ੍ਰੀਤ ਕੌਰ ਨੇ ਆਪਣੀ ਜ਼ਿੰਮੇਵਾਰੀ ਬਾਖੂਬੀ ਨਿਭਾਈ।

**- ਸੁਮੀਤ ਸਿੰਘ**

# ਤਰਕਸ਼ੀਲ ਅਤੇ ਕਿਰਤੀ ਲਹਿਰ ਨੂੰ ਸਮਰਪਿਤ ਸੀ - ਕਾਮਰੇਡ ਅਜੀਤ ਸਿੰਘ (ਸਰੀਰ ਪ੍ਰਦਾਨੀ)

ਤਰਕਸ਼ੀਲ ਸੋਚ ਨੂੰ ਸਮਰਪਿਤ ਅੰਮ੍ਰਿਤਸਰ ਦੇ ਨਜਦੀਕ ਪਿੰਡ ਫਤਿਹਪੁਰ ਵਿਖੇ ਜਨਮੇ ਕਾਮਰੇਡ ਅਜੀਤ ਸਿੰਘ (72) ਤਰਕਸ਼ੀਲ ਸੁਸਾਇਟੀ ਪੰਜਾਬ, ਜਮਹੂਰੀ ਅਧਿਕਾਰ ਸਭਾ ਅਤੇ ਲੋਕ ਮੋਰਚਾ ਵਰਗੀਆਂ ਜੁਝਾਰੂ ਜਥੇਬੰਦੀਆਂ ਵਿੱਚ ਤਰਕਸ਼ੀਲ ਅਤੇ ਕਿਰਤੀ ਆਗੂ ਦੇ ਤੌਰ 'ਤੇ ਪੂਰੀ ਪ੍ਰਤੀਬੱਧਤਾ ਨਾਲ ਆਪਣੇ ਅੰਤਿਮ ਸਮੇਂ ਤੱਕ ਸਰਗਰਮ ਜ਼ਿੰਮੇਵਾਰੀ ਨਿਭਾਉਂਦੇ ਰਹੇ। ਸਕੂਲੀ ਪੜ੍ਹਾਈ ਤੋਂ ਬਾਅਦ ਸਾਥੀ ਅਜੀਤ ਸਿੰਘ ਨੇ ਇਲਾਕੇ ਵਿੱਚ ਨੌਜਵਾਨ ਭਾਰਤ ਸਭਾ ਦੀਆਂ ਇਕਾਈਆਂ ਦਾ ਗਠਨ ਕੀਤਾ। ਉਨ੍ਹਾਂ ਨੇ ਸੱਤਰਵਿਆਂ ਵਿੱਚ ਕਮਿਊਨਿਸਟ ਇਨਕਲਾਬੀਆਂ ਦੇ ਝੂਠੇ ਪੁਲਿਸ ਮੁਕਾਬਲਿਆਂ ਅਤੇ 1975 ਦੀ ਐਮਰਜੈਂਸੀ ਵਿੱਚ ਜਮਹੂਰੀ ਹੱਕਾਂ ਉੱਤੇ ਹਮਲਿਆਂ ਖਿਲਾਫ਼ ਹੋਏ ਡਟਵੇਂ ਜਨਤਕ ਸੰਘਰਸ਼ਾਂ ਵਿੱਚ ਵਧ-ਚੜ੍ਹ ਕੇ ਹਿੱਸਾ ਲਿਆ। ਪਿਛਲੇ ਵੀਹ ਸਾਲਾਂ ਤੋਂ ਉਨ੍ਹਾਂ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਅੰਮ੍ਰਿਤਸਰ ਇਕਾਈ ਵਿੱਚ ਵੱਖ-ਵੱਖ ਅਹੁਦਿਆਂ ਉੱਤੇ ਪੂਰੀ ਤਨਦੇਹੀ ਨਾਲ ਜ਼ਿੰਮੇਵਾਰੀ ਨਿਭਾਈ। ਵਿਦਿਆਰਥੀ ਚੇਤਨਾ ਪ੍ਰੀਖਿਆ, ਤਰਕਸ਼ੀਲ ਸਾਹਿਤ ਵੈਨ ਅਤੇ ਮਾਨਸਿਕ ਰੋਗਾਂ, ਪਾਖੰਡੀ ਬਾਬਿਆਂ ਦੇ ਕੇਸਾਂ ਦੀ ਸਰਗਰਮੀ ਤੋਂ ਇਲਾਵਾ ਇਕਾਈ ਅਤੇ ਜ਼ੋਨ ਵੱਲੋਂ ਭਖਵੇਂ ਮੁੱਦਿਆਂ ਉੱਤੇ ਕਰਵਾਏ ਜਾਂਦੇ ਸੈਮੀਨਾਰਾਂ, ਵਰਕਸ਼ਾਪਾਂ ਅਤੇ ਰੋਸ ਮਾਰਚਾਂ ਵਿੱਚ ਉਨ੍ਹਾਂ ਦੀ ਸ਼ਮੂਲੀਅਤ ਯਕੀਨੀ ਹੁੰਦੀ ਸੀ। ਉਹ ਸਾਹਿਤ ਦੇ ਗੰਭੀਰ ਪਾਠਕ ਸਨ। ਉਨ੍ਹਾਂ ਨੇ ਆਪਣੇ ਨਿੱਜੀ ਕੰਮਕਾਰ, ਆਰਥਿਕ ਤੰਗੀ ਅਤੇ ਪਰਿਵਾਰਕ ਮੁਸ਼ਕਿਲਾਂ ਨੂੰ ਆਪਣੇ ਇਨਕਲਾਬੀ ਸੰਘਰਸ਼ਾਂ ਵਿੱਚ ਕਦੇ ਵੀ ਰੁਕਾਵਟ ਨਹੀਂ ਬਣਨ ਦਿੱਤਾ। ਪੰਜਾਬ ਦੀਆਂ ਸਮੂਹ ਇਨਕਲਾਬੀ ਜਥੇਬੰਦੀਆਂ ਵੱਲੋਂ 13 ਅਪ੍ਰੈਲ ਨੂੰ ਅੰਮ੍ਰਿਤਸਰ ਵਿਖੇ ਕਰਵਾਈ ਗਈ ਜਲ੍ਹਿਆਂ ਵਾਲਾ ਬਾਗ਼ ਸ਼ਤਾਬਦੀ ਕਨਵੈਨਸ਼ਨ ਦੇ ਪ੍ਰਬੰਧਾਂ ਵਿੱਚ ਕਾਮਰੇਡ ਅਜੀਤ ਸਿੰਘ ਨੇ ਵਿਸ਼ੇਸ਼ ਭੂਮਿਕਾ ਨਿਭਾਈ।



ਸੰਨ 2007 ਵਿੱਚ ਮਾਝਾ ਜ਼ੋਨ ਵੱਲੋਂ ਸ਼ਹੀਦ ਭਗਤ ਸਿੰਘ ਦੀ ਜਨਮ ਸ਼ਤਾਬਦੀ ਮੌਕੇ ਸਰਕਾਰੀ ਮੈਡੀਕਲ ਕਾਲਜ ਵਿਖੇ ਕਰਵਾਏ ਗਏ ਸਰੀਰ ਪ੍ਰਦਾਨ ਸਮਾਗਮ ਮੌਕੇ 30 ਤਰਕਸ਼ੀਲ ਮੈਂਬਰਾਂ ਵੱਲੋਂ ਦਿੱਤੇ ਗਏ ਹਲਫਨਾਮੇ ਵਿੱਚ ਕਾਮਰੇਡ ਅਜੀਤ ਸਿੰਘ ਮੋਹਰੀ ਸਫਾਂ ਵਿੱਚ ਸਨ। 30 ਅਗਸਤ 2019 ਨੂੰ ਸਵੇਰੇ ਉਨ੍ਹਾਂ ਦੀ ਅਚਾਨਕ ਮੌਤ ਤੋਂ ਬਾਅਦ ਕਾਮਰੇਡ ਅਜੀਤ ਸਿੰਘ ਦੀ ਇੱਛਾ ਮੁਤਾਬਕ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਉਨ੍ਹਾਂ ਦਾ ਮ੍ਰਿਤਕ ਸਰੀਰ ਗੁਰੂ ਰਾਮ ਦਾਸ ਮੈਡੀਕਲ ਕਾਲਜ ਵੱਲਾ, ਅੰਮ੍ਰਿਤਸਰ ਨੂੰ ਮੈਡੀਕਲ ਖੋਜ ਕਾਰਜਾਂ ਲਈ ਪ੍ਰਦਾਨ ਕਰਨ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਜਮਹੂਰੀ ਅਧਿਕਾਰ ਸਭਾ ਦੇ ਡਾ. ਪਰਮਿੰਦਰ ਸਿੰਘ ਅਤੇ ਤਰਕਸ਼ੀਲ ਆਗੂਆਂ ਸੁਮੀਤ ਸਿੰਘ, ਰਾਜਵੰਤ ਬਾਗੜੀਆਂ ਨੇ ਕਾਮਰੇਡ ਅਜੀਤ ਸਿੰਘ ਦੇ ਇਨਕਲਾਬੀ ਯੋਗਦਾਨ ਨੂੰ ਯਾਦ ਕੀਤਾ ਅਤੇ ਉਨ੍ਹਾਂ ਦੀ ਮੌਤ ਨੂੰ ਪਰਿਵਾਰ, ਸਮਾਜ ਅਤੇ ਜਥੇਬੰਦੀਆਂ ਲਈ ਬੇਹੱਦ ਦੁੱਖਦਾਈ ਅਤੇ ਵੱਡਾ ਘਾਟਾ ਦੱਸਿਆ। ਤਰਕਸ਼ੀਲ ਸੁਸਾਇਟੀ ਵੱਲੋਂ ਮ੍ਰਿਤਕ ਆਗੂ ਉੱਤੇ ਲਾਲ ਝੰਡਾ ਪਾ ਕੇ ਸਤਿਕਾਰ ਭੇਂਟ ਕੀਤਾ ਗਿਆ ਅਤੇ ਜ਼ੋਨ ਦੀਆਂ ਸਮੂਹ ਇਕਾਈਆਂ ਦੇ ਮੈਂਬਰਾਂ ਸਮੇਤ ਹੋਰਨਾਂ ਜਮਹੂਰੀ ਜਕੇਬੰਦੀਆਂ ਵੱਲੋਂ ਚੌਕ ਚਬੂਤਰਾ ਦੇ ਬਾਜ਼ਾਰ ਵਿੱਚੋਂ ਕਾਮਰੇਡ ਅਜੀਤ ਸਿੰਘ ਦੇ ਮ੍ਰਿਤਕ ਸਰੀਰ ਨੂੰ ਇਨਕਲਾਬੀ ਨਾਅਰਿਆਂ ਨਾਲ ਰਵਾਨਾ ਕੀਤਾ ਗਿਆ। ਇਸ ਮੌਕੇ ਕੋਈ ਵੀ ਧਾਰਮਿਕ ਜਾਂ ਰੂੜੀਵਾਦੀ ਰਸਮ ਨਹੀਂ ਕੀਤੀ ਗਈ।

ਮੈਡੀਕਲ ਕਾਲਜ ਪਹੁੰਚਣ ਮੌਕੇ ਅਨਾਟਮੀ ਵਿਭਾਗ ਦੀ ਮੁਖੀ ਡਾ. ਅਨੁਪਮਾ ਮਹਾਜਨ ਨੇ ਇਸ ਵੱਡਮੁੱਲੇ ਕਾਰਜ ਲਈ ਜਿੱਥੇ ਕਾਮਰੇਡ ਅਜੀਤ ਸਿੰਘ ਨੂੰ ਪ੍ਰਸ਼ੰਸਾ ਅਤੇ ਸਤਿਕਾਰ ਭੇਂਟ ਕੀਤਾ, ਉੱਥੇ ਹੀ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਅਤੇ ਤਰਕਸ਼ੀਲ ਸੁਸਾਇਟੀ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਕਾਮਰੇਡ ਅਜੀਤ ਸਿੰਘ ਦੀ ਜੀਵਨ ਸਾਥਣ ਕਮਲਜੀਤ ਕੌਰ, ਉਨ੍ਹਾਂ ਦੇ ਦੋਵੇਂ ਬੇਟੇ ਗੁਰਦੀਪ ਸਿੰਘ, ਪ੍ਰਦੀਪ ਸਿੰਘ, ਦੋਵੇਂ ਬੇਟੀਆਂ ਡਾ. ਨਵਦੀਪ ਕੌਰ, ਸੰਦੀਪ ਕੌਰ ਅਤੇ ਉਨ੍ਹਾਂ ਦੇ ਪਤੀ ਬਲਜਿੰਦਰ ਕੁਮਾਰ ਅਤੇ ਬਲਜੀਤ ਸਿੰਘ ਤੋਂ ਇਲਾਵਾ ਜ਼ੋਨ ਆਗੂ ਮੁਖਤਿਆਰ ਗੁਪਾਲਪੁਰਾ, ਗੁਰਬਚਨ ਸਿੰਘ, ਯਸ਼ਪਾਲ ਝਬਾਲ, ਜਸਪਾਲ ਬਾਸਰਕਾ, ਮੇਜਰ ਸਿੰਘ, ਸੁਖਮੀਤ ਸਿੰਘ, ਧਰਵਿੰਦਰ ਕੋਹਾਲੀ, ਕੁਲਜੀਤ ਵੇਰਕਾ, ਅਸ਼ਵਨੀ ਕੁਮਾਰ, ਮਨਜੀਤ ਬਾਸਰਕੇ, ਬਲਦੇਵ ਰਾਜ ਵੇਰਕਾ, ਰਾਜ ਕੁਮਾਰ ਵੇਰਕਾ, ਅਮਨ ਰਣਜੀਤ ਗਗੋਮਾਹਲ, ਸੁਖਬੀਰ ਸਿੰਘ, ਸਮਸ਼ੇਰ ਹੇਰ, ਬਲਦੇਵ ਸਿੰਘ, ਰਮੇਸ਼ ਕੁਮਾਰ, ਕਰਨਰਾਜ ਸਿੰਘ, ਜਨਕ ਰਾਜ, ਹਰਭਜਨ ਸਿੰਘ, ਕਾਮਰੇਡ ਸੁਰਜੀਤ ਸਿੰਘ, ਕਾਮਰੇਡ ਅਜੀਤ ਸਿੰਘ ਦੇ ਰਿਸ਼ਤੇਦਾਰ, ਮੁਹੱਲਾ ਨਿਵਾਸੀ ਅਤੇ ਵੱਖ-ਵੱਖ ਜਥੇਬੰਦੀਆਂ ਦੇ ਕਾਰਕੁੰਨ ਵੱਡੀ ਗਿਣਤੀ ਵਿੱਚ ਮੌਜੂਦ ਸਨ।

**- ਸੁਮੀਤ ਸਿੰਘ**

# ਤਰਕਸ਼ੀਲ ਸਾਹਿਤ ਵੈਨ ਦਾ ਸਫ਼ਰ

**ਇਕਾਈ ਖੀਵਾ ਖੁਰਦ** : (17 **ਅਗਸਤ**) - ਸੱਤਪਾਲ ਕੌਰ, ਜੁਗਰਾਜ ਸਿੰਘ, ਕੁਲਦੀਪ ਸ਼ਰਮਾਂ ਆਦਿ ਇਕਾਈ ਮੈਂਬਰਾਂ ਦੀ ਅਗਵਾਈ ਹੇਠ ਵੈਨ ਪਿੰਡ ਢੈਪਈ ਵਿਖੇ ਪ੍ਰਦਰਸ਼ਿਤ ਹੋਈ।

**ਇਕਾਈ ਭੀਖੀ** : (18 **ਅਗਸਤ**)-ਲਾਇਬਰੇਰੀ ਭੀਖੀ ਵਿਖੇ ਸਾਹਿਤ ਪ੍ਰਦਰਸ਼ਨੀ ਲਾਈ। ਅਗਵਾਈ : ਭੁਪਿੰਦਰ ਫੌਜੀ, ਸੁਖਪਾਲ ਸਿੰਘ।

**19 ਅਗਸਤ** : ਸ.ਸ.ਸ.ਸ. ਭੀਖੀ, ਹੈਰੀਟੇਜ ਇੰਟਰਨੈਸ਼ਨਲ ਸਕੂਲ, ਭੀਖੀ। ਅਗਵਾਈ : ਭੁਪਿੰਦਰ ਫੌਜੀ, ਰਾਮ ਅਕਲੀਆ, ਬਲਕਾਰ ਅਤਲਾ।

**ਇਕਾਈ ਮੋਹਰ ਸਿੰਘ ਵਾਲਾ** : (20 **ਅਗਸਤ**) - ਸ.ਸ.ਸ.ਸ. ਬੀਰ ਹੋਡਲਾ, ਪਿੰਡ ਮੋਹਰ ਸਿੰਘ ਵਾਲਾ ਵਿਖੇ ਮੇਲੇ ਵਿੱਚ। ਅਗਵਾਈ : ਬੂਟਾ ਸਿੰਘ, ਬਲਕਾਰ ਸਿੰਘ।

**21 ਅਗਸਤ** : ਸ.ਸ.ਸ.ਸ. ਬੀਰੋਕੇ ਕਲਾਂ, ਸ.ਹ.ਸ. ਬੋੜਾਵਾਲ, ਧਲੇਵਾ। ਅਗਵਾਈ : ਬੂਟਾ ਸਿੰਘ, ਕੁਲਵਿੰਦਰ ਸਿੰਘ।

**ਇਕਾਈ ਭੀਖੀ** : (22 **ਅਗਸਤ**) - ਮਾਡਰਨ ਸੈਕੂਲਰ ਸ.ਸ.ਸ. ਭੀਖੀ, ਸ.ਹ.ਸ. ਢੈਪਈ, (23 **ਅਗਸਤ**) ਗੁਰੂ ਨਾਨਕ ਸ.ਸ. ਸਮਾਅ, (24 **ਅਗਸਤ**) ਜਵਾਹਰ ਨਵੋਦਿਆ ਵਿਦਿਆਲਿਆ, ਫਫੜੇ ਭਾਈ ਕੇ, ਸ.ਸ.ਸ.ਸ. ਅਤਲਾ ਖੁਰਦ। ਅਗਵਾਈ : ਬਲਕਾਰ ਅਤਲਾ, ਜਸਪਾਲ ਅਤਲਾ, ਭੁਪਿੰਦਰ ਫੌਜੀ, ਭਰਪੂਰ ਮੰਨਣ, ਧਰਮਵੀਰ।

**26 ਅਗਸਤ** : ਸ.ਸ.ਸ.ਸ. ਹੀਰੋਂ ਕਲਾਂ। ਅਗਵਾਈ ਸੱਤਪਾਲ ਕੌਰ ਖੀਵਾ ਕਲਾਂ।

**ਇਕਾਈ ਝੁਨੀਰ** : (27 **ਅਗਸਤ**) - ਸ.ਹ.ਸ. ਲਾਲਿਆਂ ਵਾਲੀ, ਸ.ਮਿ.ਸ. ਝੁਨੇਰ, ਗੁਰੂ ਤੇਗ ਬਹਾਦਰ ਐਜੂਕੇਸ਼ਨਲ ਕਾਲਜ ਦਲੇਲ ਸਿੰਘ ਵਾਲਾ, ਸ.ਸ. ਮੰਦਰਾ। ਅਗਵਾਈ : ਲੱਖਾ ਸਿੰਘ, ਗੁਰਦੀਪ ਸਿੰਘ, ਨਿਰਭੈ ਸਿੰਘ।

**28 ਅਗਸਤ** : ਸ. ਸਮਾਰਟ ਸਕੂਲ, ਝੁਨੀਰ, ਕਾਲਜ ਝੁਨੀਰ, ਨੇਬਰਹੁੱਡ ਕੈਂਪਸ ਝੁਨੀਰ।

**29 ਅਗਸਤ** : ਗੁਰੂ ਹਰਗੋਬਿੰਦ ਪਬਲਿਕ ਸਕੂਲ, ਜੌੜਕੀਆ, ਬਾਬਾ ਫਰੀਦ ਪਬਲਿਕ ਸਕੂਲ, ਝੁਨੀਰ, ਪੰਜਾਬ ਕਾਨਵੈਂਟ ਸਕੂਲ, ਝੁਨੀਰ। ਅਗਵਾਈ : ਮਾਸਟਰ ਲੱਖਾ ਸਿੰਘ, ਹਰਗਿਆਨ ਸਿੰਘ, ਬਲਵੰਤ ਸਿੰਘ, ਜਗਦੇਵ ਸਿੰਘ, ਕੁਲਦੀਪ ਸਿੰਘ।

**30 ਅਗਸਤ** : ਗੁਰੂ ਗੋਬਿੰਦ ਸਿੰਘ ਸਕੂਲ ਅਲਮ, ਸ.ਸ.ਸ.ਸ. ਸਹਾਨੇ ਵਾਲੀ, ਸ.ਸ.ਸ.ਸ. ਜੌੜਕੀਆ, ਕੋਟ ਧਰਮੂ, ਸੂਰੀਆ ਪੈਲੇਸ ਮਾਨਸਾ ਕਿਸਾਨ ਯੂਨੀਅਨ ਨਾਲ। ਅਗਵਾਈ : ਮਾਸਟਰ ਲੱਖਾ ਸਿੰਘ, ਜਗਦੇਵ ਸਿੰਘ ਘੁਰਕਣੀ, ਕੁਲਦੀਪ ਸਿੰਘ।

**2 ਸਤੰਬਰ** : ਸ.ਸ.ਸ.ਸ. ਕੁਲਰੀਆ। ਪ੍ਰਿੰਸੀਪਲ ਦਰਸ਼ਨ ਸਿੰਘ ਅਤੇ ਸਮੂਹ ਅਧਿਆਪਕਾਂ ਦਾ ਪੂਰਾ ਸਹਿਯੋਗ। ਕਲਪਨਾ ਚਾਵਲਾ ਸਕੂਲ, ਧੰਨਪੁਰਾ। ਪ੍ਰਿੰਸੀਪਲ ਮਨੋਜ ਕੁਮਾਰ ਤੇ ਸਟਾਫ ਦਾ ਪੂਰਾ ਸਹਿਯੋਗ। ਭਾਈ ਬਹਿਲੋ ਸਕੂਲ, ਚੱਕ ਅਲੀਸ਼ੇਰ। ਅਗਵਾਈ : ਇਕਾਈ ਮੁਖੀ ਦਰਸ਼ਨ ਆਜ਼ਾਦ, ਪਰਮਜੀਤ ਸਿੰਘ ਵਿਧਾਤੇ।

**3 ਸਤੰਬਰ** : ਸੰਤ ਬਾਬਾ ਅਤਰ ਸਿੰਘ ਸਕੂਲ, ਮੰਡੇਰ। ਸਰਕਾਰੀ ਹ.ਸ. ਖਡਾਲ ਕਲਾਂ। ਅਗਵਾਈ : ਕਾਲਾ ਟੇਲਰ ਕੁਲਰੀਆ।

**4 ਸਤੰਬਰ** : ਸ.ਸ.ਸ. ਬੱਛੋਆਣਾ, ਭਾਦੜਾ। ਅਗਵਾਈ : ਭੁਪਿੰਦਰ ਫੌਜੀ, ਇੰਦਰਜੀਤ ਬੱਛੋਆਣਾ।

**5 ਸਤੰਬਰ** : ਸ.ਸ.ਸ. ਰੰਘੜਿਆਲ, ਸੰਤ ਬਾਬਾ ਅਤਰ ਸਿੰਘ ਪਬਲਿਕ ਸਕੂਲ, ਹਰਿਆਊ। ਅਗਵਾਈ : ਬਲਜੀਤ ਸਿੰਘ ਦਿਆਲਪੁਰਾ।

**6 ਸਤੰਬਰ** : ਸ.ਸ.ਸ. ਫਫੜੇ ਭਾਈ ਕੇ, ਗੁਰਨੇ ਕਲਾਂ। ਲੈਕਚਰਾਰ ਸੁਭਾਸ਼ ਨਾਗਪਾਲ ਅਤੇ ਲੱਖਾ ਸਿੰਘ ਨੇ ਸੰਬੋਧਨ ਕੀਤਾ।

**7 ਸਤੰਬਰ** : ਸ.ਸ.ਸ.ਸ. ਦਾਤੇਵਾਸ, ਡਿਗਰੀ ਕਾਲਜ ਰੱਲੀ, ਸ.ਸ.ਸ.ਸ. ਰੱਲੀ। ਅਗਵਾਈ : ਸੁਭਾਸ਼ ਨਾਗਪਾਲ, ਮਾਸਟਰ ਲੱਖਾ ਸਿੰਘ।

**ਇਕਾਈ ਜੋਗਾ** : (8 **ਸਤੰਬਰ ਤੋਂ** 10 **ਸਤੰਬਰ ਤੱਕ**) ਕਾਮਰੇਡ ਜੰਗੀਰ ਸਿੰਘ ਜੋਗਾ ਦੀ ਸਲਾਨਾ ਬਰਸੀ 'ਤੇ, ਕੁੜੀਆਂ ਦਾ ਸਕੂਲ ਜੋਗਾ, ਗੁਰੂਕੁਲ ਅਕੈਡਮੀ ਉੱਭਾ, ਮਾਈ ਭਾਗੋ ਗਰਲਜ ਕਾਲਜ ਰੱਲਾ। ਅਗਵਾਈ : ਰਜੇਸ਼ ਅਕਲੀਆ, ਅਜੈਬ ਸਿੰਘ ਜੋਗਾ, ਸੁਖਪਾਲ ਸਿੰਘ, ਕਰਮਜੀਤ ਸਿੰਘ, ਸਤਨਾਮ ਸਿੰਘ, ਬਿੰਦਰ ਸਿੰਘ, ਮਨਪ੍ਰੀਤ ਜੋਗਾ, ਸੁਖਪਾਲ ਸਿੰਘ ਜੋਗਾ।

**ਇਕਾਈ ਸੰਗਰੂਰ** : ਸ.ਸ.ਸ.ਸ. ਭਲਵਾਨ। ਲੈਕ. ਨਿਸ਼ਾ, ਬਲਜਿੰਦਰ ਸਿੰਘ, ਸੁਖਜੀਤ ਸਿੰਘ ਨੇ ਟੀਮ ਦਾ ਸਵਾਗਤ ਕੀਤਾ। ਸੰਬੋਧਨ : ਮਾਸਟਰ ਪਰਮ ਵੇਦ। ਅਗਵਾਈ ਲੈਕ. ਕ੍ਰਿਸ਼ਨ ਸਿੰਘ ਦੁੱਗਾਂ, ਸੁਰਿੰਦਰ ਸ਼ਰਮਾਂ, ਧਨੀ ਰਾਮ, ਗੁਰਦੀਪ ਸਿੰਘ, ਸੁਖਦੇਵ ਸਿੰਘ ਕਿਸ਼ਨਗੜ੍ਹ, ਤਰਸੇਮ ਚੰਦ ਕਾਨਗੜ੍ਹ।

**ਇਕਾਈ ਲੌਂਗੋਵਾਲ** : (14 **ਸਤੰਬਰ**) - ਆਸ਼ੀਰਵਾਦ ਡੇ-ਬੋਰਡਿੰਗ ਪ.ਸ. ਝਾੜੋਂ। ਚੇਅਰਮੈਨ ਜਗਸੀਰ ਸਿੰਘ ਵੱਲੋਂ ਪੂਰਾ ਸਹਿਯੋਗ। ਅਗਵਾਈ : ਬੀਰਬਲ ਸਿੰਘ, ਜੁਝਾਰ ਲੌਂਗੋਵਾਲ, ਪਰਵਿੰਦਰ ਉੱਭਾਵਾਲ, ਬਲਬੀਰ ਲੌਂਗੋਵਾਲ।

**ਇਕਾਈ ਸੰਗਰੂਰ** : (15 **ਸਤੰਬਰ**) - ਅਦਾਰਾ 'ਪਰਵਾਜ਼' ਦੇ ਸਾਹਿਤਕ ਸਮਾਰੋਹ ਵਿੱਚ। ਪ੍ਰਬੰਧਕੀ ਕੰਪਲੈਕਸ, ਸੰਗਰੂਰ। ਅਗਵਾਈ : ਪਰਮ ਵੇਦ, ਸੁਰਿੰਦਰ ਸ਼ਰਮਾਂ, ਧਰਮਵੀਰ ਸਿੰਘ।

**ਇਕਾਈ ਲੌਂਗੋਵਾਲ** : (16 **ਸਤੰਬਰ**) - ਸ.ਹ.ਸ. ਤਕੀਪੁਰ। ਸ.ਸ.ਸ.ਸ. (ਲੜਕੇ), ਲੌਂਗੋਵਾਲ। ਸੰਬੋਧਨ : ਜੁਝਾਰ ਲੌਂਗੋਵਾਲ,

ਸਤਨਾਮ ਉੱਭਾਵਾਲ, ਬਲਬੀਰ ਲੌਂਗੋਵਾਲ। ਅਗਵਾਈ : ਬੀਰਬਲ ਸਿੰਘ, ਪਰਵਿੰਦਰ ਉੱਭਾਵਾਲ, ਅਮਨਦੀਪ ਸਿੰਘ।

**ਇਕਾਈ ਸੰਗਰੂਰ : (11 ਸਤੰਬਰ)** - ਸ.ਸ.ਸ.ਸ. ਬਲੇਸ। ਅਗਵਾਈ : ਪਰਮ ਵੇਦ, ਪ੍ਰਹਿਲਾਦ ਸਿੰਘ।

**12 ਸਤੰਬਰ** : ਸ.ਸ.ਸ.ਸ. ਸਾਰੋਂ। ਅਗਵਾਈ : ਪ੍ਰਹਿਲਾਦ ਸਿੰਘ, ਸੰਤੋਸ਼ ਕੁਮਾਰ ਪਟਵਾਰੀ, ਪਰਮ ਵੇਦ।

**ਇਕਾਈ ਧੂਰੀ : (17 ਸਤੰਬਰ)** - ਸ.ਸ.ਸ.ਸ. ਮੂਲੋਵਾਲ, ਡੀ.ਏ.ਵੀ. ਪਬਲਿਕ ਸਕੂਲ, ਧੂਰੀ। ਪ੍ਰਿੰਸੀਪਲ ਸੁਭਾਸ਼ ਚੰਦਰ (ਸ.ਸ.ਸ.ਸ. ਮੂਲੋਵਾਲ) ਅਤੇ ਸਮੁੱਚੇ ਸਟਾਫ ਨੇ ਪੂਰਾ ਸਹਿਯੋਗ ਦਿੱਤਾ। ਇਕਾਈ ਆਗੂਆਂ ਸੁਖਦੇਵ ਧੂਰੀ, ਰਜਿੰਦਰ ਰਾਜੂ, ਯਾਦਵਿੰਦਰ ਪਾਲ ਨੇ ਸੰਬੋਧਨ ਕੀਤਾ।

**ਸ.ਸ.ਸ.ਸ. (ਕੁੜੀਆਂ) ਧੂਰੀ** : ਪ੍ਰਿੰਸੀਪਲ ਲਲਿਤਾ ਸ਼ਰਮਾਂ ਅਤੇ ਪੂਰੇ ਸਟਾਫ ਨੇ ਬਹੁਤ ਵਧੀਆ ਸਹਿਯੋਗ ਦਿੱਤਾ। ਸੁਖਦੇਵ ਸ਼ਰਮਾਂ ਅਤੇ ਰਜਿੰਦਰ ਰਾਜੂ (ਇਕਾਈ ਆਗੂਆਂ) ਨੇ ਸੰਬੋਧਨ ਕੀਤਾ। ਚੇਤਨਾ ਪਰਖ ਪ੍ਰੀਖਿਆ ਦੇ ਜੇਤੂ ਵਿਦਿਆਰਥੀਆਂ ਦਾ ਸਨਮਾਨ ਕੀਤਾ। ਵਿਸ਼ੇਸ ਤੌਰ ’ਤੇ ਮੌਜੂਦ : ਲੈਕ. ਰਾਮ ਚੰਦ ਸ਼ਰਮਾਂ, ਚਰਨ ਸਿੰਘ, ਡੀ.ਪੀ.ਈ. ਸੁਰਿੰਦਰ ਮੋਹਨ।

**ਇਕਾਈ ਸੁਨਾਮ : (18 ਅਤੇ 19 ਸਤੰਬਰ)** - ਸ.ਸ.ਸ.ਸ. (ਲੜਕੇ) ਸੁਨਾਮ, ਸ.ਸ.ਸ.ਸ. (ਲੜਕੀਆਂ) ਸੁਨਾਮ, ਸ.ਸ.ਸ.ਸ. ਚੱਠਾ ਨਨਹੇੜਾ, ਸ.ਪ੍ਰ.ਸ. ਚੱਠਾ ਨਨਹੇੜਾ, ਸ.ਸ.ਸ.ਸ. ਛਾਹੜ। ਸੰਬੋਧਨ : ਜ਼ੋਨ ਆਗੂ ਜੁਝਾਰ ਲੌਂਗੋਵਾਲ। ਅਗਵਾਈ : ਸੰਜੀਵ ਸੁਨਾਮ, ਜੁਗਰਾਜ, ਸਮੀਰ ਸੈਮੀ।

**ਇਕਾਈ ਛਾਜਲੀ : (20 ਸਤੰਬਰ)** - ਸ.ਸ.ਸ.ਸ. ਛਾਜਲੀ। ਅਗਵਾਈ : ਇਕਾਈ ਮੁਖੀ ਭੀਮ ਛਾਜਲੀ, ਲਾਭ ਸਿੰਘ ਛਾਜਲਾ, ਜਸਵੀਰ ਲਾਡੀ, ਸਿਕੰਦਰ ਨਾਸਤਿਕ, ਬੀਰਬਲ ਸਿੰਘ।

**ਇਕਾਈ ਭਾਈ ਰੂਪਾ : (24 ਸਤੰਬਰ)** ਸ.ਸ.ਸ.ਸ. ਲੜਕੇ ਅਤੇ ਲੜਕੀਆਂ, ਭਾਈ ਰੂਪਾ। ਅਗਵਾਈ : ਗੁਰਮੀਤ ਸਿੰਘ।

**25 ਸਤੰਬਰ : (ਇਕਾਈ ਬਰਨਾਲਾ)** - ਸ.ਸ.ਸ.ਸ. ਖੁੱਡੀ ਕਲਾਂ।

**26 ਸਤੰਬਰ** : ਸ.ਸ.ਸ. ਸੰਧੂ ਪੱਤੀ, ਬਰਨਾਲਾ। ਅਗਵਾਈ : ਇਕਾਈ ਮੁਖੀ ਜੋਰਾ ਸਿੰਘ ਖਿਆਲੀ।

**27 ਸਤੰਬਰ** : ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ ਸਮਾਰੋਹ ’ਤੇ ਬਰਨਾਲਾ ਵਿਖੇ। ਅਗਵਾਈ : ਰਜਿੰਦਰ ਭਦੌੜ, ਕੁਲਦੀਪ ਨੈਣੇਵਾਲ, ਬਿੰਦਰ ਧੌਲਾ।

**30 ਸਤੰਬਰ** : ਸ.ਹ.ਸ. ਨਾਈਵਾਲਾ, ਆਰ.ਪੀ. ਇੰਟਰਨੈਸ਼ਨਲ, ਸਹਿਣਾ।

**1 ਅਕਤੂਬਰ** : ਸ.ਸ.ਸ.ਸ. ਘੰਡਾ ਬੰਨਾ, ਸ.ਹ.ਸ. ਨੈਣੇਵਾਲ।

**3 ਅਕਤੂਬਰ** : ਐਜੂਕੇਸ਼ਨ ਕਾਲਜ, ਬੀਰ ਕਲਾਂ। ਸੰਬੋਧਨ : ਰਜਿੰਦਰ ਭਦੌੜ, ਜੁਝਾਰ ਲੌਂਗੋਵਾਲ।

**ਇਕਾਈ ਮੂਣਕ : (4 ਅਕਤੂਬਰ)** - ਸ.ਸ.ਸ.ਸ. ਮਨਿਆਣਾ, ਨਵੀਨ ਪਬਲਿਕ ਸਕੂਲ, ਭੂਲਣ, ਸ.ਸ.ਸ.ਸ. ਰਾਏ ਧਰਾਨਾ, ਲਾਰਡ ਸ਼ਿਵਾ ਪਬਲਿਕ ਸਕੂਲ, ਹਮੀਰਗੜ੍ਹ, ਸ.ਸ.ਸ.ਸ. (ਲੜਕੀਆਂ) ਮੂਣਕ। ਅਗਵਾਈ : ਰਤਨ ਮੂਣਕ, ਬਲਵਿੰਦਰ ਮਨਿਆਣਾ, ਬਲਵੀਰ ਰਿੰਕੂ, ਰੌਸ਼ਨ ਮੂਣਕ, ਮਾ. ਦਲਜੀਤ ਸਿੰਘ।

**ਇਕਾਈ ਦਿੜਬਾ : (10 ਸਤੰਬਰ)** - ਕਾਮਰੇਡ ਭੀਮ ਸਿੰਘ ਸ.ਸ.ਸ.ਸ. ਦਿੜਬਾ, ਬਰਾਈਟ ਸਟਾਰ ਸ.ਸ.ਸ. ਦਿੜਬਾ।

**11 ਸਤੰਬਰ** : ਸ.ਸ.ਸ.ਸ. ਕੌਹਰੀਆਂ। ਅਗਵਾਈ : ਹਰਮੇਸ ਮੇਸ਼ੀ, ਨਾਇਬ ਸਿੰਘ ਰਟੋਲ, ਤਰਸੇਮ ਸਿੰਘ।

**14 ਸਤੰਬਰ** : ਮਨਜੀਤ ਧਨੇਰ ਦੀ ਨਿਹੱਕੀ ਉਮਰ ਕੈਦ ਦੀ ਸਜ਼ਾ ਰੱਦ ਕਰਵਾਉਣ ਲਈ ਬਰਨਾਲਾ ਜੇਲ੍ਹ ਅੱਗੇ ਜਨਤਕ/ ਜਮਹੂਰੀ ਜਥੇਬੰਦੀਆਂ ਦੇ ਪੱਕੇ ਮੋਰਚੇ ’ਤੇ। ਅਗਵਾਈ : ਰਜਿੰਦਰ ਭਦੌੜ, ਗੁਰਪ੍ਰੀਤ ਸਹਿਣਾ, ਕੁਲਦੀਪ ਨੈਣੇਵਾਲ।

**17 ਸਤੰਬਰ** : ਸ.ਹ.ਸ. ਕੇਸਰ ਵਾਲਾ। ਸੰਬੋਧਨ : ਰਜਿੰਦਰ ਭਦੌੜ।

**ਵਿਸ਼ੇਸ਼** : ਵੈਨ ਇੰਚਾਰਜ ਪਰਮਜੀਤ ਸਿੰਘ ਅਤੇ ਜਸਵੰਤ ਬੋਪਾਰਾਏ ਜੀ ਨੇ ਸਭ ਥਾਵਾਂ ’ਤੇ ਆਪਣੀਆਂ ਅਣਥੱਕ ਸੇਵਾਵਾਂ ਦਿੱਤੀਆਂ।

***ਸਫਾ 21 ਦਾ ਬਾਕੀ...***

ਹਟਾ ਕੇ ਦੇਖਣਾ ਕਿ ਕਿਤੇ ਉਹ ਖੁਦ ਕੋਈ ਸਾਹ ਲੈਣ ਲਈ ਕੋਸ਼ਿਸ਼ ਕਰਦਾ, ਜਾਂ ਕੋਈ ਹਿਚਕੀ ਵਗੈਰਾ ਲੈਂਦਾ। ਇਹ ਦੋਵੇਂ ਟੀਮਾਂ ਜੇਕਰ ਆਪਣੇ ਟੈਸਟਾਂ ਤੋਂ ਬਾਅਦ ਇਸ ਸਿੱਟੇ ਤੇ ਪਹੁੰਚਦੀਆਂ ਹਨ ਕਿ ਮਰੀਜ਼ ਦਿਮਾਗੀ ਤੌਰ ਤੇ ਖਤਮ ਹੋ ਚੁੱਕਾ ਤਾਂ ਉਸਨੂੰ ਦਿਮਾਗੀ ਮ੍ਰਿਤ ਘੋਸ਼ਿਤ ਕਰ ਦਿੱਤਾ ਜਾਂਦਾ ਹੈ।

**? ਆਮ ਲੋਕਾਂ ਨੂੰ ਅੰਗ ਪ੍ਰਦਾਨ ਕਰਨ ਲਈ ਪ੍ਰੇਰਿਤ ਕਰਨ ਲਈ ਕੀ ਕਰਨਾ ਚਾਹੀਦਾ ?**

**ਡਾ. ਵਿਪਨ** : ਇੱਕ ਤਾਂ ਤੁਸੀਂ ਕਰ ਹੀ ਰਹੇ ਹੋ ਕਿ ਜਿਹੜੇ ਲੋਕ ਪਹਿਲਾਂ ਅੰਗ ਪ੍ਰਦਾਨ ਕਰਨ ਦਾ ਇਹ ਕੰਮ ਕਰ ਚੁੱਕੇ ਨੇ ਲੋਕਾਂ ਨੂੰ ਉਸ ਤੋਂ ਜਾਣੂ ਕਰਾਇਆ ਜਾਵੇ। ਮੇਰੇ ਮੁਤਾਬਕ ਜੋ ਪਰਿਵਾਰ ਅੰਗ ਪ੍ਰਦਾਨ ਕਰਨ ਦਾ ਫੈਸਲਾ ਲੈਂਦਾ ਉਸ ਪਰਿਵਾਰ ਦਾ ਕਾਰਡ ਬਣ ਜਾਣਾ ਚਾਹੀਦਾ। ਉਸ ਪਰਿਵਾਰ ਨੂੰ ਜੇਕਰ ਮੁਫਤ ਨਹੀਂ ਤਾਂ ਘੱਟੋ-ਘੱਟ ਪਹਿਲ ਦੇ ਆਧਾਰ ਤੇ ਇਲਾਜ ਦੇਣਾ ਚਾਹੀਦਾ। ਹਾਲਾਂਕਿ ਪਰਿਵਾਰ ਨੇ ਕਿਸੇ ਲਾਲਚ ਕਰਕੇ ਅੰਗ ਪ੍ਰਦਾਨ ਦਾ ਫੈਸਲਾ ਨਹੀਂ ਲਿਆ ਹੁੰਦਾ। ਪਰ ਜਿਨ੍ਹਾਂ ਭਾਵਕ ਤੇ ਮੁਸ਼ਕਲ ਹਾਲਤਾਂ ਵਿੱਚ ਫੈਸਲਾ ਕੀਤਾ ਹੁੰਦਾ ਇਹ ਆਪਣੇ ਆਪ ਵਿੱਚ ਹੀ ਇੱਕ ਵੱਡਾ ਫੈਸਲਾ ਹੁੰਦਾ। ਅਜਿਹਾ ਫੈਸਲਾ ਕਰਕੇ ਉਸਨੇ ਕਿੰਨੀਆਂ ਜਾਨਾਂ ਬਚਾ ਸਕਣ ਦੇ ਮਿਲੇ ਮੌਕੇ ਨੂੰ ਅਜਾਈਂ ਨਹੀਂ ਜਾਣ ਦਿੱਤਾ ਹੁੰਦਾ। ਅਜਿਹੇ ਪਰਿਵਾਰਾਂ ਨੂੰ ਜ਼ਰੂਰ ਖਾਸ ਸਨਮਾਨ ਮਿਲਣਾ ਚਾਹੀਦਾ।

**98555-30721**

## ਪ੍ਰਸਿੱਧ ਇਤਿਹਾਸਕਾਰ ਰੋਮਿਲਾ ਥਾਪਰ ਤੋਂ ਜੇ.ਐੱਨ.ਯੂ. ਨੇ ਮੰਗੇ ਖੋਜ ਵੇਰਵੇ

ਦਿੱਲੀ ਦੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਨੇ ਇਤਿਹਾਸਕਾਰ ਰੋਮਿਲਾ ਥਾਪਰ ਨੂੰ ਪਿਛਲੇ ਸਾਲਾਂ ਵਿੱਚ ਉਸ ਦੁਆਰਾ ਇਤਿਹਾਸ ਦੇ ਖੇਤਰ ਵਿੱਚ ਕੀਤੇ ਗਏ ਕੰਮ ਦੇ ਵੇਰਵੇ ਦੇਣ ਲਈ ਕਿਹਾ ਹੈ। ਰੋਮਿਲਾ ਥਾਪਰ ਨੇ 1970 ਤੋਂ 1991 ਤੱਕ ਇਸ ਯੂਨੀਵਰਸਿਟੀ ਵਿੱਚ ਇਤਿਹਾਸ ਪੜ੍ਹਾਇਆ ਅਤੇ 1993 ਵਿੱਚ ਉਸ ਨੂੰ ਪ੍ਰੋਫੈਸਰ ਐਮੀਰੀਟਸ ਦਾ ਅਹੁਦਾ ਦਿੱਤਾ ਗਿਆ। ਰੋਮਿਲਾ ਥਾਪਰ ਦੇਸ਼ ਦੇ ਵੱਡੇ ਇਤਿਹਾਸਕਾਰਾਂ ਵਿੱਚੋਂ ਹੈ। ਉਸ ਨੇ ਹਿੰਦੋਸਤਾਨ ਦੇ ਪੁਰਾਤਨ ਇਤਿਹਾਸ ਬਾਰੇ ਮੌਲਿਕ ਕੰਮ ਕੀਤਾ ਹੈ। ਉਸ ਦੀਆਂ ਕਿੰਨੀਆਂ ਹੀ ਕਿਤਾਬਾਂ ਅਤੇ ਖੋਜ-ਪੱਤਰ ਉਸ ਦੀ ਉੱਚ ਪੱਧਰ ਦੀ ਵਿਦਵਤਾ ਅਤੇ ਗਹਿਰਾਈ ਨਾਲ ਕੀਤੀ ਖੋਜ ਦਾ ਪ੍ਰਮਾਣ ਹਨ। ਉਸ ਨੇ ਹਿੰਦੋਸਤਾਨ ਵਿੱਚ ਆਰੀਆ ਲੋਕਾਂ ਦੇ ਪਿਛੋਕੜ ਬਾਰੇ ਵਡਮੁੱਲੀ ਖੋਜ ਕੀਤੀ ਹੈ। ਉਸ ਨੂੰ 2008 ਵਿੱਚ ਕਲੂਜ਼ ਇਨਾਮ, ਜਿਸ ਨੂੰ ਇਤਿਹਾਸ, ਫਲਸਫ਼ੇ, ਰਾਜਨੀਤੀ ਵਿਗਿਆਨ ਆਦਿ ਦੇ ਖੇਤਰਾਂ ਦਾ ਨੋਬੇਲ ਇਨਾਮ ਕਿਹਾ ਜਾਂਦਾ ਹੈ, ਨਾਲ ਸਨਮਾਨਿਤ ਕੀਤਾ ਗਿਆ। ਉਸ ਨੇ ਦੋ ਵਾਰ (1992 ਤੇ 2005) ਵਿੱਚ ਪਦਮ ਭੂਸ਼ਨ ਲੈਣ ਤੋਂ ਇਨਕਾਰ ਕੀਤਾ। ਉਸ ਨੂੰ ਹਿੰਦੋਸਤਾਨ, ਯੂਰੋਪ ਅਤੇ ਅਮਰੀਕਾ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਨੇ ਆਨਰੇਰੀ ਡਾਕਟਰੇਟ ਦੀਆਂ ਡਿਗਰੀਆਂ ਦਿੱਤੀਆ ਹਨ। ਉਸਦੇ ਬਹੁਤ ਸਾਰੇ ਵਿਦਿਆਰਥੀ ਉੱਘੇ ਇਤਿਹਾਸਕਾਰ ਬਣੇ ਹਨ। ਰੋਮਿਲਾ ਥਾਪਰ ਨੇ ਜਿਸ ਸਿਰੜ ਤੇ ਮਿਹਨਤ ਨਾਲ ਇਤਿਹਾਸ ਦੀ ਖੋਜ ਕੀਤੀ ਹੈ, ਉਸ ਨੂੰ ਸਲਾਮ ਕਰਨਾ ਬਣਦਾ ਹੈ। ਅਜਿਹੀ ਉੱਘੀ ਵਿਦਵਾਨ ਤੋਂ ਉਸ ਦੇ ਕੀਤੇ ਖੋਜ ਕਾਰਜ ਸਬੰਧੀ ਪੁੱਛਣਾ ਸਵਾਲ ਖੜ੍ਹੇ ਕਰਦਾ ਹੈ। ਅਸਲ ਵਿੱਚ ਏਸ ਵੇਲੇ ਦੀ ਹਾਕਮ ਜਮਾਤ ਅਤੇ ਹਿੰਦੂਤਵ ਦੇ ਉਪਾਸ਼ਕਾਂ ਨੂੰ ਰੋਮਿਲਾ ਥਾਪਰ ਅਤੇ ਕੁੱਝ ਹੋਰ ਇਤਿਹਾਸਕਾਰਾਂ ਦੁਆਰਾ ਕੀਤੀ ਗਈ ਇਤਿਹਾਸਕਾਰੀ ਰਾਸ ਨਹੀਂ ਆਉਂਦੀ ਕਿਉਂਕਿ ਪੁਰਾਤਨ ਹਿੰਦੁਸਤਾਨ ਬਾਰੇ ਇਨ੍ਹਾਂ ਦੀਆਂ ਧਾਰਨਾਵਾਂ ਹਿੰਦੂਤਵ ਦੀ ਵਿਚਾਰਧਾਰਾ ਨਾਲ ਮੇਲ ਨਹੀਂ ਖਾਂਦੀਆਂ। ਥਾਪਰ ਮਨੁੱਖੀ ਅਧਿਕਾਰਾਂ ਲਈ ਲਗਾਤਾਰ ਆਵਾਜ਼ ਉਠਾਉਂਦੀ ਰਹੀ ਹੈ ਅਤੇ ਉਸ ਨੇ ਸੁਪਰੀਮ ਕੋਰਟ ਵਿੱਚ ਉਨ੍ਹਾਂ ਪੱਤਰਕਾਰਾਂ, ਚਿੰਤਕਾਂ ਤੇ ਕਾਰਕੁੰਨਾਂ ਜਿਨ੍ਹਾਂ ਨੂੰ ਮਾਓਵਾਦੀਆਂ ਦੇ ਨਾਲ ਸਬੰਧ ਰੱਖਣ ਦੇ ਕਾਰਨ ਨਿਸ਼ਾਨਾ ਬਣਾਇਆ ਜਾ ਰਿਹਾ ਸੀ, ਦੇ ਹੱਕ ਵਿੱਚ ਪਟੀਸ਼ਨ ਕੀਤੀ ਹੈ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵੱਲੋਂ ਰੋਮਿਲਾ ਥਾਪਰ ਤੋਂ ਕੀਤੀ ਗਈ ਇਹ ਪੁੱਛਗਿੱਛ ਵਿੱਦਿਆ ਅਤੇ ਹੋਰ ਖੇਤਰਾਂ ਵਿੱਚ ਹੋ ਰਹੇ ਪਤਨ ਦੀ ਨਿਸ਼ਾਨਦੇਹੀ ਕਰਦੀ ਹੈ।

*ਜੱਗ-ਬੀਤੀ*

## ਸ਼ਿਵੇ, ਛੱਲੀ ਅਤੇ ਭੂਤ

ਕੁੱਝ ਸਾਲ ਪਹਿਲਾਂ ਦੀ ਗੱਲ ਹੈ, ਜਦੋਂ ਮੱਚਦੇ ਸ਼ਿਵਿਆਂ ਦੇ ਵਿੱਚ ਰਾਤ ਨੂੰ ਦੋ-ਤਿੰਨ ਵਜੇ 'ਭੂਤ' ਛੱਲੀਆਂ ਭੁੰਨ ਰਹੇ ਸਨ ਤੇ ਚੱਬ ਵੀ ਰਹੇ ਸਨ। ਪਿੰਡ ਦੇ ਦੋ ਵਿਅਕਤੀ ਹੱਥ ਵਿੱਚ ਡਾਂਗ ਤੇ ਕਹੀ ਫੜ ਕੇ ਆਪਣੀ ਪਾਣੀ ਦੀ ਵਾਰੀ ਲਾਉਣ ਜਾ ਰਹੇ ਸਨ। ਜਦੋਂ ਉਹ ਮੜ੍ਹੀਆਂ ਦੇ ਕੋਲੋਂ ਲੰਘਣ ਲੱਗੇ, ਉਹਨਾਂ ਦੀ ਨਜ਼ਰ ਮੱਚਦੇ ਸ਼ਿਵਿਆਂ 'ਤੇ ਪਈ। ਉਹਨਾਂ ਵੇਖਿਆ ਦੋ-ਤਿੰਨ ਭੂਤ ਛੱਲੀਆਂ ਭੁੰਨ ਰਹੇ ਸਨ। ਵੇਖਦੇ ਸਾਰ ਹੀ ਉਹਨਾਂ ਦੀਆਂ ਚੀਕਾਂ ਨਿਕਲ ਗਈਆਂ, ਉਹ ਕਹੀ ਤੇ ਡਾਂਗ ਸੁੱਟ ਕੇ, ਚੀਕਾਂ ਮਾਰਦੇ ਵਾਪਸ ਭੱਜ ਗਏ। ਪ੍ਰੰਤੂ 'ਭੂਤਾਂ' ਨੇ ਸੋਚਿਆ ਇਹਨਾਂ ਦੀ ਔੜ ਦੀ ਵਾਰੀ ਮਾਰੀ ਜਾਵੇਗੀ। ਉਹ ਵੀ ਡਾਂਗ ਲੈ ਉਹਨਾਂ ਦੇ ਮਗਰ ਭੱਜ ਤੁਰੇ। ਪ੍ਰੰਤੂ ਉਹ ਪਿੰਡ ਵੜ ਗਏ, 'ਭੂਤ' ਵਾਪਸ ਆ ਗਏ। ਉਹਨਾਂ ਨੂੰ ਡਰ ਨਾਲ ਤੇਜ਼ ਬੁਖਾਰ ਹੋ ਗਿਆ, ਦਿਨ ਚੜ੍ਹਦੇ ਸਾਰ ਹੀ ਆਂਢ-ਗੁਆਂਢ ਭੂਤਾਂ ਦਾ ਰੌਲਾ ਪੈ ਗਿਆ। ਕੁੱਝ ਨਿਡਰ ਤੇ ਮੋਹਤਬਰ ਬੰਦਿਆਂ ਨੇ ਸੱਚ ਜਾਨਣ ਲਈ ਮੜ੍ਹੀਆਂ ਦੇ ਵਿੱਚ ਜਾਣ ਦੀ ਸਲਾਹ ਬਣਾਈ। ਜਦੋਂ ਉਹਨਾਂ ਜਾ ਕੇ ਵੇਖਿਆ ਸੱਚਮੁੱਚ ਹੀ ਉੱਥੇ ਛੱਲੀਆਂ ਦੇ ਪੜਦੇ ਪਏ ਹੋਏ ਸਨ। ਉਹਨਾਂ ਜਦੋਂ ਆ ਕੇ ਦੱਸਿਆ ਤਾਂ ਭੂਤਾਂ ਵਾਲੀ ਗੱਲ ਪੱਕੀ ਹੋ ਗਈ ਸੀ। ਲੋਕਾਂ ਦੇ ਵੱਲੋਂ ਲਿਆਂਦਾ ਹੋਇਆ ਤਾਂਤਰਿਕ ਕਹਿ ਰਿਹਾ ਸੀ 'ਭੂਤ ਬਹੁਤ ਤਾਕਤਵਰ ਹੈ, ਨਾਲ 'ਚੜੇਲ' ਵੀ ਹੈ। ਬੇਬੇ ਸ਼ਾਮ ਕੌਰ ਦਾ ਪਤੀ ਮਰ ਗਿਆ ਸੀ, ਉਹ ਕਾਫੀ ਕੱਦ-ਕਾਠ ਵਾਲੀ ਨਿਡਰ ਔਰਤ ਸੀ। ਪਤੀ ਦੀ ਮੌਤ ਤੋਂ ਬਾਅਦ ਉਹ ਆਪ ਹੀ ਛੋਟੇ ਬੱਚੇ ਤੇ ਸੀਰੀ ਨਾਲ ਖੇਤ ਪਾਣੀ ਲਾਉਣ ਚਲੀ ਜਾਂਦੀ ਸੀ। ਅੱਜ ਉਹ ਉਨੀਂਦਰੀ ਹੋਣ ਕਰਕੇ ਲੇਟ ਉੱਠੀ ਸੀ। ਜਦੋਂ ਉੱਠੀ ਉਸ ਨੂੰ ਵੀ ਭੂਤਾਂ ਵਾਲੀ ਗੱਲ ਦਾ ਪਤਾ ਲੱਗਾ। ਉਹ ਖਿੜ-ਖਿੜਾ ਕੇ ਹੱਸੀ, ਫੇਰ ਰਾਤ ਵਾਲੀ ਸੁੱਟੀ ਹੋਈ ਡਾਂਗ ਤੇ ਕਹੀ ਲੈ ਕੇ ਉਸ ਘਰ ਚਲੀ ਗਈ। ਉਸ ਨੇ ਭੀੜ ਨੂੰ ਪਾਸੇ ਕਰਕੇ ਦੋਵਾਂ ਵਿਅਕਤੀਆਂ ਨੂੰ ਕਿਹਾ, "ਓਏ ਗਿੱਦੜੋ! ਕਿਉਂ ਵਖਤ ਪਾਇਆ ਹੈ। ਉਹ ਤੇ ਅਸੀਂ ਪਾਣੀ ਲਾ ਕੇ ਆਏ ਸੀ, ਸਾਨੂੰ ਭੁੱਖ ਬਹੁਤ ਲੱਗੀ ਸੀ, ਇਸ ਕਰਕੇ ਮੈਂ ਕਿਹਾ, ਘਰੇ ਅੱਗ ਮਚਾਉਣ ਦਾ ਜੱਬ ਕੀ ਕਰਾਂਗੇ, ਮੱਚਦੀ ਅੱਗ 'ਤੇ ਛੱਲੀਆਂ ਭੁੰਨ ਲੈਂਦੇ ਹਾਂ।" ਚੀਕਾਂ ਮਾਰਦੇ ਮਰੀਜ਼ ਇੱਕ ਦਮ ਠੀਕ ਹੋ ਗਏ। ਸਾਰੇ ਲੋਕ ਹੈਰਾਨ ਹੋ ਗਏ। ਤਾਂਤਰਿਕ ਕੰਬੀ ਜਾ ਰਿਹਾ ਸੀ ਜਿਵੇਂ ਹੁਣ ਉਸ ਨੂੰ 'ਭੂਤ' ਚਿੰਬੜ ਗਏ ਹੋਣ। **ਸੁਖਵਿੰਦਰ ਖਾਰਾ** (98770-47365)

## ਵਿਗਿਆਨ ਤੇ ਲਾ ਧਰਮ ਦਾ ਪਹਿਰਾ, ਹਾਕਮ ਕਰੇ ਚਤੁਰਾਈ,
## ਧਰਮ ਤੇ ਸੱਤਾ ਦੀ ਸਾਂਝ 'ਹਨੇਰਾ', ਜਾਵੇ ਕਿੰਝ ਪਸਰਾਈ।



ਇਸਰੋ ਮੁਖੀ ਕੇ. ਸੀਵਾਨ ਦਾ 'ਚੰਦਰਯਾਨ' ਲਾਂਚ ਕਰਨ ਤੋਂ ਪਹਿਲਾਂ ਤਾਂਤਰਿਕਾਂ ਕੋਲ ਆਸ਼ੀਰਵਾਦ ਲੈਣ ਦਾ ਸ਼ਰਮਨਾਕ ਦ੍ਰਿਸ਼



ਰੱਖਿਆ ਮੰਤਰੀ ਰਾਜਨਾਥ ਸਿੰਘ ਫਰਾਂਸ ਤੋਂ ਲਏ ਜਾਣ ਵਾਲੇ ਰਫਾਲ ਦਾ ਧਾਰਮਿਕ ਰਹੁ-ਰੀਤਾਂ ਨਾਲ 'ਮਹੂਰਤ' ਕਰਦੇ ਹੋਏ।




ਅਸੀਂ ਲੜਾਂਗੇ ਸਾਥੀ : ਤਰਕਸ਼ੀਲ ਸੁਸਾਇਟੀ ਪੰਜਾਬ ਦਾ ਕਾਫਲਾ ਜੁਝਾਰੂ ਲੋਕਾਂ ਵਿੱਚ ਸ਼ਾਮਿਲ ਹੁੰਦਾ ਹੋਇਆ



ਮਾਣ ਮੱਤੇ ਪਲ : ਸਨਮਾਨ ਸਮਾਰੋਹ ਦੇ ਮੁੱਖ ਮਹਿਮਾਨ ਡਾ. ਅਰੀਤ (ਡਿਪਟੀ ਡਾਇਰੈਕਟਰ, ਸਿਹਤ ਵਿਭਾਗ) ਦੇ ਸਨਮਾਨ ਦਾ ਦ੍ਰਿਸ਼

ਜਿਲਦ ਨੰ. 20 ਰਜਿ. ਨੰ. PUNPUN/2000/05393 ਅੰਕ : 6

# ਚੇਤਨਾ ਪ੍ਰੀਖਿਆ ਸਨਮਾਨ ਸਮਾਰੋਹ : 2019



ਤਰਕਸ਼ੀਲ ਚੇਤਨਾ ਪਰਖ ਪ੍ਰੀਖਿਆ ਦੇ ਸੈਕੰਡਰੀ ਵਰਗ ਦੇ ਹੋਣਹਾਰ ਵਿਦਿਆਰਥੀ
ਸੂਬਾ ਐਗਜ਼ੈਕਟਿਵ ਕਮੇਟੀ ਦੇ ਮੈਂਬਰਾਂ ਨਾਲ



ਤਰਕਸ਼ੀਲ ਚੇਤਨਾ ਪਰਖ ਪ੍ਰੀਖਿਆ ਦੇ ਮਿਡਲ ਵਰਗ ਦੇ ਹੋਣਹਾਰ ਵਿਦਿਆਰਥੀਆਂ
ਦੇ ਸੂਬਾਈ ਸਨਮਾਨ ਸਮਾਰੋਹ ਦੀ ਇੱਕ ਝਲਕ

If undelivered please return to :

**Tarksheel**

**Tarksheel Bhawan, Tarksheel Chowk,**
**Sanghera ByPass, BARNALA-148101**
**Post Box No. 55**
Ph. 01679-241466, Cell. 98769 53561
Web : www.tarksheel.org
e-mail : tarkshiloffice@gmail.com

BOOK POST
(Printed Matter)

To ..................................................................

..................................................................

..................................................................